ਦੀਦਾਰ ਸੰਧੂ ਦੇ ਗੀਤ ਅਤੇ ਗਾਇਕੀ



ਰਾਜ ਸਿੰਘ

BVP - 1927
8/2/18

1/1

ਦੀਦਾਰ ਸੰਧੂ ਦੇ ਗੀਤ ਅਤੇ ਗਾਇਕੀ

ਦੀਦਾਰ ਸੰਧੂ ਦੇ ਗੀਤ ਅਤੇ ਗਾਇਕੀ

ਰਾਜ ਸਿੰਘ

ਮਨਪ੍ਰੀਤ ਪ੍ਰਕਾਸ਼ਨ
ਦਿੱਲੀ

ਦੀਦਾਰ ਸੰਧੂ ਦੇ ਗੀਤ ਅਤੇ ਗਾਇਕੀ

DIDAR SANDHU DE GEET ATE GAEKI

by

RAJ SINGH
s/o Sh. Harjeet Singh,
Vill-Khuian Nepalpur, P. O. Sahuwala-I,
Distt- Sirsa, Haryana-125077.
Mobile : 094660-90720

ISBN 81-87654-75-9

First Edition 2013

Publication :

MANPREET PRAKASHAN
16/16, Ist Floor,
Geeta Colony, Delhi-110031
Mobile : 9312271252, 9015346246
Email: manpreet1948@gmail.com

Computer Typesetting :-

JANTAK PRESS, Chandni Chowk, Delhi-6
E-mail : jantakpress@yahoo.com

Printer :

Balaji Offset
Delhi

Price : 290/-

ਸਮਰਪਤ

ਪੰਜਾਬੀ ਦੇ ਸਾਰੇ ਅਣਗੌਲੇ
ਫਨਕਾਰਾਂ ਦੇ ਨਾਂ

ਤਤਕਰਾ

ਭੂਮਿਕਾ

ਦੀਦਾਰ ਸੰਧੂ ਆਪਣੇ ਸਮੇਂ ਦਾ ਇਕ ਪ੍ਰਮੁੱਖ ਤੇ ਪ੍ਰਸਿੱਧ ਗੀਤਕਾਰ/ਗਾਇਕ ਹੈ। ਜਨ-ਸਧਾਰਨ ਤੋਂ ਲੈ ਕੇ ਪੰਜਾਬੀ ਦੇ ਸਿਰਕੱਢ ਵਿਦਵਾਨ ਤੇ ਕਵੀ ਜਿਵੇਂ ਸੰਤ ਸਿੰਘ ਸੇਖੋਂ, ਅਵਤਾਰ ਸਿੰਘ ਪਾਸ ਆਦਿ ਵੀ ਉਸ ਦੀ ਕਲਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੇ। **'ਜਿਥੇ ਪਾਸ਼ ਰਹਿੰਦਾ ਹੈ'** ਦੇ ਕਰਤਾ ਰਾਜਿੰਦਰ ਰਾਹੀ ਨੇ ਲਿਖਿਆ ਹੈ ਕਿ "ਪਾਸ਼ ਦੀਦਾਰ ਸੰਧੂ ਦੇ ਗੀਤ ਸੁਣਦਾ ਰਹਿੰਦਾ ਸੀ ਉਸ ਦੀ ਦੀਦਾਰ ਸੰਧੂ ਨਾਲ ਯਾਰੀ ਹੁੰਦੀ ਸੀ। ਉਹ ਦੀਦਾਰ ਸੰਧੂ ਦੇ ਗੀਤਾਂ ਦਾ ਆਸ਼ਕ ਸੀ। ਉਸ ਦੇ ਅਖਾੜੇ ਸੁਣਨ ਲਈ ਉਹ ਦੂਰ-ਦੂਰ ਪਹੁੰਚ ਜਾਂਦਾ ਸੀ। ਦੀਦਾਰ ਦੇ ਗੀਤਾਂ ਵਿਚ ਵਰਤੇ ਸਮਾਜਿਕ ਬਿੰਬਾਂ ਤੋਂ ਪਾਸ਼ ਬਹੁਤ ਪ੍ਰਭਾਵਿਤ ਸੀ।

ਕੁਲਵੰਤ ਸਿੰਘ ਲਹਿਰੀ ਕਰਤਾ **'ਦੀਦਾਰਨਾਮਾ'** ਦੇ ਦੱਸਣ ਮੁਤਾਬਿਕ ਦੀਦਾਰ ਸੰਧੂ ਦਾ ਇਕ ਗੀਤ **'ਪਾ ਕੇ ਕਜਲੇ ਦੀ ਧਾਰੀ'** ਸੁਣ ਕੇ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਗੀਤ ਦੇ ਲੇਖਕ ਨੂੰ ਭਾਲਦਾ ਫਿਰਦਾ ਸੀ। ਸ਼ਮਸ਼ੇਰ ਸਿੰਘ ਸੰਧੂ ਨੂੰ ਪਾਸ਼ ਨੇ ਕਿਹਾ ਸੀ 'ਆਹ ਲਿਖਣ ਵਾਲਾ ਬੰਦਾ ਮਿਲਾਦੇ੍ਹ ਮੈਨੂੰ !' ਸ਼ਮਸ਼ੇਰ ਸੰਧੂ ਨੇ ਕਿਤਾਬ **'ਲੋਕਸੁਰਾਂ'** (ਰੇਖਾ-ਚਿੱਤਰ)ਵਿਚ ਦੱਸਿਆ ਹੈ ਕਿ ਦੁਗਾਣਿਆਂ 'ਚ ਰੂਪਕ ਪੱਖੋਂ ਦੀਦਾਰ ਨੇ ਬੜੇ ਖ਼ੂਬਸੂਰਤ ਤੇ ਨਵੇਂ ਨਵੇਂ ਤਜਰਬੇ ਕੀਤੇ ਹਨ। ਗੀਤ ਦੀ ਇਕੋ ਸਤਰ ਦੇ ਦੋ ਦੋ ਟੁਕੜੇ ਸਭ ਤੋਂ ਪਹਿਲਾਂ ਉਸੇ ਨੇ ਕੀਤੇ ਜਿਵੇਂ :

ਤੂੰ ਨੇਰ੍ਹੇ ਘਰ ਦਾ ਚਾਨਣ...ਤੂੰ ਚਾਨਣ ਤੋਂ ਵੀ ਚਿੱਟੀ...
ਦੋਨਾਂ 'ਚੋਂ ਕਿਹੜਾ ਸੋਹਣਾ...ਗੱਲ ਤੇਰੇ ਉੱਤੇ ਸਿੱਟੀ...

ਗੀਤ ਦੇ ਅੰਤਿਮ ਅੰਤਰੇ 'ਚ ਆਮ ਕਰ ਕੇ ਗੀਤਕਾਰ ਆਪਣਾ ਨਾਂ, ਤਖੱਲਸ ਵਰਤੀਂਦੇ ਹਨ, ਪਰ ਦੀਦਾਰ ਸੰਧੂ ਨੇ ਗੀਤ ਦੇ ਮੁੱਖੜੇ ਵਿਚ ਬੜੇ ਸੁਭਾਵਿਕ ਢੰਗ ਨਾਲ ਨਾਂ ਪਾਇਆ ਹੈ :

ਚੱਤੋ ਪਹਿਰ ਰਹਿੰਦਾ ਵੇ 'ਦੀਦਾਰ' ਤੇਰਾ ਨਾਂ
ਨੱਚਦਾ ਬੁਲ੍ਹਾਂ ਦੇ ਉੱਤੇ ਮੇਰੇ...

ਇਹ ਦੀਦਾਰ ਸੰਧੂ ਦਾ ਨਿਵੇਕਲਾ ਤੇ ਸਫ਼ਲ ਪ੍ਰਯੋਗ ਹੈ। ਤਕਰੀਬਨ ਸਾਰੇ ਲੇਖਕ ਪੁਸਤਕਾਂ ਪੜ੍ਹਨ ਦੇ ਸ਼ੌਕੀਨ ਹੁੰਦੇ ਹਨ। ਵੈਸੇ ਵੀ ਪੜ੍ਹਨ ਨਾਲ ਬੰਦੇ ਦੇ ਸ਼ਬਦ-ਭੰਡਾਰ ਵਿਚ ਵਾਧਾ ਹੁੰਦਾ ਹੈ। ਪਰੰਤੂ ਦੀਦਾਰ ਸੰਧੂ ਦੀ ਇਹ ਵੱਡੀ ਵਿਸ਼ੇਸ਼ਤਾ ਹੈ ਕਿ ਉਸ ਨੇ ਕਦੇ ਅਖ਼ਬਾਰ ਨਹੀਂ ਦੇਖਿਆ, ਕਦੇ ਕੋਈ ਰਿਸਾਲਾ ਨਹੀਂ ਪੜ੍ਹਿਆ, ਕਦੇ ਕੋਈ ਕਿਤਾਬ ਨਹੀਂ ਫਰੋਲੀ। ਇਸ ਸਬੰਧੀ ਪੁੱਛੇ ਜਾਣ 'ਤੇ ਉਹ ਦਲੀਲ ਦਿੰਦਾ ਹੈ **"ਜੇ ਮੈਂ ਹੋਰ ਕੁਛ ਪੜ੍ਹ ਲਿਆ ਤਾਂ ਮੇਰੇ ਗੀਤਾਂ 'ਚ ਰਲੌਟ ਹੋਜੂ...।"** (ਉਪਰੋਕਤ ਜਾਣਕਾਰੀ ਸ਼ਮਸ਼ੇਰ ਸੰਧੂ ਦੀ ਲਿਖਤ ਮੁਤਾਬਿਕ ਅਤੇ ਕੁਲਵੰਤ ਸਿੰਘ ਲਹਿਰੀ ਦੇ ਦੱਸਣ ਅਨੁਸਾਰ ਹੈ)

ਇਕ ਸੰਵੇਦਨਸ਼ੀਲ ਤੇ ਚਿੰਤਨਸ਼ੀਲ ਗੀਤਕਾਰ, ਦੀਦਾਰ ਸੰਧੂ ਨੇ ਪੰਜਾਬੀ ਸਾਹਿਤ ਨੂੰ ਗੁਣਾਤਮਿਕ ਪੱਖੋਂ ਵਧੇਰੇ ਅਮੀਰ ਕੀਤਾ। ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਆਦਿ ਕਲਾਤਮਿਕ ਪੱਖ ਤੋਂ ਉਸ ਨੇ ਕੁਝ ਨਵੇਂ ਤਜਰਬੇ ਕੀਤੇ। ਪੰਜਾਬੀ ਦੇ ਸੈਂਕੜੇ ਗਾਇਕ/ਗੀਤਕਾਰਾਂ ਵਿਚੋਂ ਉਹ ਇਕ ਹੈ ਜਿਸ ਨੂੰ ਪੰਜਾਬੀ ਦੇ ਮੰਨੇ-ਪ੍ਰਮੰਨੇ ਵਿਦਵਾਨ/ਕਵੀ ਵੀ ਬੇਹੱਦ ਪਸੰਦ ਕਰਦੇ ਹਨ। ਉਸ ਦੀ ਪਹਿਲੀ ਪੁਸਤਕ **'ਬਿਲੋ ਬਚ ਕੇ ਮੋੜ ਤੋਂ'** ਨਾਲ ਹੀ ਉਸ ਦੀ ਸਾਹਿਤਕ-ਖੇਤਰ ਵਿਚ ਚਰਚਾ ਸ਼ੁਰੂ ਹੋ ਗਈ ਸੀ। ਪੰਜਾਬੀ ਦੁਗਾਣੇ ਨੂੰ ਦੀਦਾਰ ਸੰਧੂ ਨੇ ਪਹਿਲੀ ਵਾਰ ਉੱਚ-ਪਾਏ ਦੀ ਕਵਿਤਾ ਦੇ ਰੂਪ ਵਿਚ ਰਚਿਆ। ਦੁਗਾਣਾ ਗੀਤਕਾਰੀ ਅੰਦਰ ਉਸ ਨੇ ਨਵੇਂ ਤੇ ਮੌਲਿਕ ਬਿੰਬ, ਲਾਸਾਨੀ ਦ੍ਰਿਸ਼-ਚਿੱਤਰ, ਤੁਲਨਾਕਾਰੀ ਆਦਿ ਵਿਚ ਨਵੇਂ ਪ੍ਰਯੋਗ ਕਰ ਕੇ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ।

'ਦੀਦਾਰ ਸੰਧੂ ਦੇ ਗੀਤ ਅਤੇ ਗਾਇਕੀ—ਇਕ ਅਧਿਐਨ' ਅਧੀਨ ਪੇਸ਼ ਪੱਖਾਂ ਨੂੰ ਰੂਪਮਾਨ ਕਰਦਾ ਹੈ ਉਥੇ ਉਸ ਦੀ ਸਾਹਿਤਕ-ਸੂਝ, ਸਮਾਜਿਕ-ਚੇਤਨਾ ਅਤੇ ਉਸ ਦੁਆਰਾ ਦੁਗਾਣਾ ਗਾਇਕੀ/ਗੀਤਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਤੇ ਇਨ੍ਹਾਂ ਖੇਤਰਾਂ ਵਿਚ ਉਸ ਦੀ ਵੱਖਰਤਾ ਸਪੱਸ਼ਟ ਨਜ਼ਰ ਆਉਂਦੀ ਹੈ।

ਦੀਦਾਰ ਸੰਧੂ ਦਾ ਜਨਮ 3 ਜੁਲਾਈ, 1942 ਨੂੰ ਚੱਕ 133 ਤਹਿਸੀਲ ਸਿਲਾਂਵਾਲੀ ਜ਼ਿਲਾ ਸਰਗੋਧਾ (ਪਾਕਿਸਤਾਨ) ਵਿਚ ਹੋਇਆ। ਗੀਤਕਾਰ ਉਹ ਮੌਲਿਕ ਸੀ। ਗਾਇਕੀ ਦੇ ਖੇਤਰ ਵਿਚ ਉਸ ਨੇ ਆਪਣੇ ਦੋਸਤ ਮੁਹੰਮਦ ਸਦੀਕ ਨੂੰ ਉਸਤਾਦ ਬਣਾ ਕੇ ਮੌਸੀਕੀ ਦੀਆਂ ਬਾਰੀਕੀਆਂ ਦਾ ਗਿਆਨ ਹਾਸਿਲ ਕੀਤਾ। ਲੋਕ-ਸੰਪਰਕ ਵਿਭਾਗ ਵਿਚ ਸਕੱਤਰ ਰਹਿਣ ਕਰ ਕੇ ਅਤੇ ਆਪਣੇ ਵੱਡੇ ਭਰਾ ਕਾਮਰੇਡ ਦਰਸ਼ਨ ਸਿੰਘ ਦੀ ਸੰਗਤ ਮਾਨਣ ਕਰ ਕੇ ਉਸ ਨੂੰ ਸਾਹਿਤਕ ਮਾਹੌਲ ਤੇ ਸਿੱਖਣ ਲਈ ਬਹੁਤ ਕੁਝ ਮਿਲਿਆ। ਮੁਹੰਮਦ ਸਦੀਕ ਦੀ ਆਵਾਜ਼ ਵਿਚ ਰਿਕਾਰਡ ਹੋਏ ਗੀਤ ***'ਮੇਰੀ ਐਸੀ ਝਾਂਜਰ ਛਣਕੇ'*** ਨਾਲ ਉਸ ਦੀ ਪਹਿਚਾਣ ਬਤੌਰ-ਏ-ਗੀਤਕਾਰ ਬਣ ਗਈ। ਇਸ ਤੋਂ ਬਾਅਦ ਉਸ ਦੀ ਕਲਮ ਅਤੇ ਆਵਾਜ਼ ਨੇ ਪੰਜਾਬੀ ਸਾਹਿਤ ਨੂੰ ਮਸੱਲਸਲ 35-36 ਸਾਲ ਨਿਵੇਕਲੀਆਂ ਖ਼ੂਬੀਆਂ ਨਾਲ ਭਰਪੂਰ ਕੀਤਾ। ਮਰਦੇ ਦਮ ਤੱਕ ਉਸ

ਦਾ ਇਹ ਸਿਲਸਿਲਾ ਚਲਦਾ ਰਿਹਾ। ਉਸ ਦੀ ਕਲਾ ਨੇ ਸਮੁੱਚੇ ਜਨ-ਸਮੂਹ ਨੂੰ ਪ੍ਰਭਾਵਿਤ ਕੀਤਾ। ਆਪਣੇ ਗੀਤਾ ਵਿਚ ਉਸ ਨੇ ਪੰਜਾਬੀ ਪੇਂਡੂ ਕਿਰਸਾਣੇ ਜੀਵਨ ਦੀ ਯਥਾਰਥਿਕ ਤਸਵੀਰਕਸ਼ੀ ਕੀਤੀ ਹੈ। ਜਿੰਨੀ ਗਹਿਰਾਈ ਨਾਲ ਉਸ ਨੇ ਗੀਤ ਲਿਖੇ ਉਸ ਤੋਂ ਵੱਧ ਡੁੱਬ ਕੇ ਉਨ੍ਹਾਂ ਨੂੰ ਗਾਇਆ। ਕਾਵਿਕ-ਰੂਪਾਂ ਤੋਂ ਦੁਗਾਣੇ ਅੰਦਰ ਨਵੇਂ ਤਜਰਬੇ ਕਰਨ ਵਾਲਾ ਉਹ ਪਹਿਲਾ ਗੀਤਕਾਰ ਹੈ। ਹੋਰ ਸਮਕਾਲੀ ਗੀਤਕਾਰਾਂ ਨੇ ਵੀ ਵਧੀਆ ਦੁਗਾਣੇ ਲਿਖੇ ਜਿਵੇਂ ਬਾਬੂ ਸਿੰਘ ਮਾਨ, ਹਰਦੇਵ ਦਿਲਗੀਰ ਆਦਿ। ਪਰੰਤੂ ਦੀਦਾਰ ਸੰਧੂ ਨੇ ਨਵੀਂ ਕਲਾ, ਬਿੰਬ/ਪ੍ਰਤੀਕ, ਚਿੰਨ੍ਹ ਅਲੰਕਾਰ ਅਤੇ ਸ਼ੈਲੀ (ਗਾਇਨ ਅਤੇ ਲਿਖਣ) ਪੱਖੋਂ ਇਸ ਖੇਤਰ ਵਿਚ ਵਿਲੱਖਣ ਕੰਮ ਕੀਤਾ ਜੋ ਕਿ ਬੇਜੋੜ ਹੈ।

ਦੀਦਾਰ ਸੰਧੂ ਇਕ ਸਥਾਪਤ ਗੀਤਕਾਰ ਹੈ। ਉਸ ਦੇ ਸਮਕਾਲੀ ਗੀਤਕਾਰਾਂ ਨੇ ਗੰਭੀਰਤਾ ਨਾਲ ਲਿਖਣ ਦੀ ਬਜਾਇ ਹਲਕੇ-ਫੁਲਕੇ ਮਨੋਰੰਜਨ ਨੂੰ ਵਧੇਰੇ ਪਸੰਦ ਕੀਤਾ ਪਰ ਉਹ ਮਨੋਰੰਜਨ ਦੇ ਨਾਲ-ਨਾਲ ਗੰਭੀਰ ਅਤੇ ਸਮਾਜਿਕ ਸਮੱਸਿਆਵਾਂ ਨੂੰ ਪੇਸ਼ ਕਰਦੇ ਗੀਤ ਆਪਣੇ ਹੀ ਢੰਗ ਨਾਲ ਪੇਸ਼ ਕਰਦਾ ਹੈ। ਸਮੱਸਿਆਵਾਂ ਵਿਚੋਂ ਉਪਜੀ ਬੇਵਸੀ ਅਤੇ ਤਣਾਉ ਉਸ ਦੇ ਗੀਤਾਂ ਵਿਚ ਵੱਖਰੇ ਢੰਗ ਨਾਲ ਪੇਸ਼ ਹੁੰਦਾ ਹੈ। ਦੀਦਾਰ ਸੰਧੂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਜਿਸ ਵਿਸ਼ੇ ਨੂੰ ਦੁਗਾਣਾ-ਗੀਤਕਾਰੀ ਦੇ ਖੇਤਰ ਵਿਚ ਗੌਲਿਆ ਹੀ ਨਹੀਂ ਗਿਆ ਜਾਂ ਬਹੁਤ ਹੌਲੇ ਪੱਧਰ 'ਤੇ ਪੇਸ਼ ਕੀਤਾ ਗਿਆ ਦੀਦਾਰ ਨੇ ਉਸ ਵਿਸ਼ੇ/ਸਮੱਸਿਆ ਨੂੰ ਗਹਿਰਾਈ ਅਤੇ ਮਾਰਮਿਕ ਢੰਗ ਨਾਲ ਪੇਸ਼ ਕਰਦੇ ਹੋਏ ਰੁਮਾਂਟਿਕ ਦ੍ਰਿਸ਼ਟੀ ਵੀ ਬਰਕਰਾਰ ਰੱਖੀ। ਵੇਸਵਾ ਦੀ ਜ਼ਿੰਦਗੀ ਬਾਰੇ ਗੰਭੀਰ ਕਿਸਮ ਦੀ ਪੇਸ਼ਕਾਰੀ ਉਸ ਦਾ, ਅੱਜ ਤੱਕ ਦੁਗਾਣਾ-ਗੀਤਕਾਰੀ ਦੇ ਖੇਤਰ ਵਿਚ ਬਿਲਕੁਲ ਵੱਖਰਾ ਤੇ ਬੇਜੋੜ ਕੰਮ ਹੈ। ਬਹੁਤ ਘੱਟ ਸ਼ਬਦਾਂ ਵਿਚ ਉਸ ਨੇ ਬਹੁਤ ਵੱਡੀਆਂ ਤੇ ਮਹੱਤਵਪੂਰਨ ਗੱਲਾਂ ਕੀਤੀਆਂ ! ਉਸ ਦੇ ਸ਼ਬਦਾਂ ਵਿਚ ਇਕ ਖ਼ਾਸ ਪ੍ਰਕਾਰ ਦੀ ਕਸ਼ਿਸ਼ ਹੈ। ਚੜ੍ਹਦੀ ਜਵਾਨੀ ਦੇ ਭਾਵਾਂ ਨੂੰ ਉਹ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਫ਼ਲਤਾ ਨਾਲ ਪੇਸ਼ ਕਰਦਾ ਹੈ। ਰੁਮਾਂਟਿਕਤਾ ਦੇ ਰਸੀਏ, ਸਾਹਿਤ ਪ੍ਰੇਮੀ ਅਤੇ ਗੰਭੀਰ ਕਿਸਮ ਦੇ ਸਰੋਤੇ/ਪਾਠਕ ਉਸ ਦੇ ਗੀਤਾਂ ਨਾਲ ਸਹਿਜੇ ਹੀ ਜੁੜ ਜਾਂਦੇ ਹਨ। ਦੀਦਾਰ ਸੰਧੂ ਦੀਆਂ ਦੁਗਾਣੇ ਵਿਚਲੀਆਂ ਵੱਖਰਤਾਵਾਂ, ਸਾਹਿਤਕ ਸਮਰੱਥਾ ਤੇ ਵਿਲੱਖਣ ਪੇਸ਼ਕਾਰੀ ਪਾਠਕਾਂ/ਸਰੋਤਿਆਂ ਅਤੇ ਆਲੋਚਕਾਂ ਦਾ ਧਿਆਨ ਖਿਚਣ ਦੀ ਪੂਰੀ ਸਮਰੱਥਾ ਰੱਖਦੀ ਹੈ। ਆਮ ਮਨੁੱਖ ਤੋਂ ਲੈ ਕੇ ਵੱਡੇ ਵਿਦਵਾਨਾਂ/ਕਵੀਆਂ/ਆਲੋਚਕਾਂ ਵਿਚ ਚਰਚਿਤ ਦੀਦਾਰ ਸੰਧੂ ਦੀ ਸਖ਼ਸ਼ੀਅਤ ਅਤੇ ਨਿਵੇਕਲੀ ਤੇ ਵੱਖਰੀ ਲਿਖਣ/ਗਾਇਨ ਸ਼ੈਲੀ ਮੇਰੇ ਇਸ ਵਿਸ਼ੇ ਦੀ ਚੋਣ ਦਾ ਕਾਰਣ ਬਣੀ। ਇਕ ਹੋਰ ਵੱਡੀ ਵਜਹ ਕਿ ਪੰਜਾਬੀ ਸਾਹਿਤ ਦੇ ਖੇਤਰ ਵਿਚ ਦੀਦਾਰ ਸੰਧੂ ਨੂੰ ਬਹੁ-ਗੁਣ-ਸੰਪੰਨ ਹੋਣ 'ਤੇ ਵੀ ਅਣਗੌਲਿਆਂ ਕੀਤਾ ਜਾਣਾ ਮੇਰੀ ਇਸ ਖੋਜ ਦਾ ਪ੍ਰੇਰਣਾ ਸਰੋਤ ਹੈ।

'ਦੀਦਾਰ ਸੰਧੂ : ਜੀਵਨ ਤੇ ਰਚਨਾ' ਵਿਚ : ਦੀਦਾਰ ਸੰਧੂ ਦੇ ਜੀਵਨ ਅਤੇ ਉਸ ਦੇ ਗੀਤਾਂ ਦੇ ਵਿਸ਼ਿਆਂ ਨੂੰ ਸਮੇਟਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਵਿਚ ਉਸ

ਬਾਰੇ ਪ੍ਰਮੁੱਖ ਸਰੋਤਾਂ ਤੋਂ ਮਿਲੀ ਇਲਮੀਅਤ ਮੁਤਾਬਿਕ ਜੀਵਨ ਸਬੰਧੀ ਵੇਰਵੇ ਦਿੱਤੇ ਗਏ ਹਨ। ਸਮਕਾਲੀ ਅਤੇ ਪੂਰਵਕਾਲੀ ਗਾਇਕਾਂ/ਗੀਤਕਾਰਾਂ ਸਬੰਧੀ ਚਰਚਾ ਕਰਦੇ ਹੋਏ ਉਸ ਦੀ ਵਿਲੱਖਣਤਾ ਬਾਰੇ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਉਸ ਦੇ ਗੀਤਾਂ ਅਤੇ ਗਾਇਕੀ ਨੂੰ ਸਮਝਣ ਲਈ ਉਸ ਦੀ ਸਮਾਜਿਕ ਚੇਤਨਾ ਨੂੰ ਚੰਗੀ ਤਰ੍ਹਾਂ ਜਾਣਿਆ ਜਾ ਸਕੇ।

'ਦੀਦਾਰ ਸੰਧੂ ਦੇ ਗੀਤਾਂ ਵਿਚਲੀ ਕਾਵਿ-ਸੰਵੇਦਨਾ' ਵਿਚ : ਦੀਦਾਰ ਸੰਧੂ ਦੇ ਰਚਨਾ ਜਗਤ, ਸਮਾਜਿਕ ਰਿਸ਼ਤਿਆਂ ਦੀ ਗਹਿਰੀ ਸੂਝ, ਲੋਕਧਾਰਾਈ ਤੇ ਸਭਿਆਚਾਰਕ ਗਿਆਨ, ਮਾਨਵੀ ਸੰਵੇਦਨਾ ਆਦਿ ਵਿਸ਼ੈ-ਪੱਖ ਤੋਂ ਪੇਸ਼ ਕੀਤਾ ਗਿਆ ਹੈ। ਕਿਸਾਨੀ ਜੀਵਨ ਸਬੰਧੀ ਉਸ ਦੀ ਕਾਵਿ-ਸੰਵੇਦਨਾ ਦੀ ਗੱਲ ਵੀ ਵਿਸ਼ੈ-ਪੱਖ ਤੋਂ ਸੰਖੇਪ ਰੂਪ ਵਿਚ ਕੀਤੀ ਗਈ ਹੈ। ਇਹ ਜਾਣਕਾਰੀ ਉਸ ਦੇ ਗੀਤਾਂ/ਦੁਗਾਣਿਆਂ 'ਤੇ ਆਧਾਰਿਤ ਹੈ।

'ਦੀਦਾਰ ਸੰਧੂ ਦੇ ਗੀਤਾਂ ਵਿਚ ਰੁਮਾਂਸਵਾਦ' ਵਿਚ : ਉਸ ਦੇ ਗੀਤਾਂ ਵਿਚਲੇ ਰੁਮਾਂਸ ਦੀ ਗੱਲ ਕਰਨ ਤੋਂ ਪਹਿਲਾਂ, ਰੁਮਾਂਸਵਾਦ ਬਾਰੇ ਪੱਛਮੀ ਵਿਦਵਾਨਾਂ ਤੇ ਪੰਜਾਬੀ ਰੁਮਾਂਟਿਕ ਕਵੀਆਂ ਨੂੰ ਆਧਾਰ ਬਣਾ ਕੇ ਚਰਚਾ ਕੀਤੀ ਗਈ ਹੈ। ਇਸ ਆਧਾਰ 'ਤੇ ਹੀ ਦੀਦਾਰ ਸੰਧੂ ਦੇ ਗੀਤਾਂ ਉਪਰ ਲਗਦੇ ਲੱਚਰਤਾ ਦੇ ਦੋਸ਼ਾਂ ਨੂੰ ਉਸ ਦੇ ਗੀਤ ਕਿਵੇਂ ਨਕਾਰਦੇ ਹਨ, ਇਹ ਜਤਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ। ਅੰਮ੍ਰਿਤਾ ਪ੍ਰੀਤਮ, ਪੂਰਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਰੁਮਾਂਟਿਕਤਾ ਦੇ ਕਵੀਆਂ ਦੇ ਸਮ-ਵਿੱਥ ਰੱਖ ਕੇ ਉਸ ਦੇ ਗੀਤਾਂ ਵਿਚਲੀ ਰੁਮਾਂਟਿਕਤਾ ਦੀ ਪੜਚੋਲ ਕੀਤੀ ਗਈ ਹੈ।

'ਦੀਦਾਰ ਸੰਧੂ ਦੇ ਗੀਤਾਂ ਦਾ ਕਲਾ-ਪੱਖ' ਵਿਚ : ਉਸ ਦੇ ਦੁਗਾਣਿਆਂ ਨੂੰ ਕਲਾਤਮਿਕ ਪੱਖ ਤੋਂ ਵਾਚਦੇ ਹੋਏ, ਗੀਤਕਾਰ ਵਲੋਂ ਵਰਤੇ ਅਖਾਣ, ਮੁਹਾਵਰੇ, ਪ੍ਰਗੀਤਕਤਾ, ਬਿੰਬ/ਪ੍ਰਤੀਕ, ਅਲੰਕਾਰ, ਛੰਦ, ਰਸ, ਭਾਸ਼ਾ/ਬੋਲੀ ਅਤੇ ਸ਼ੈਲੀ ਆਦਿ ਪੱਖਾਂ ਤੋਂ ਉਸ ਦੀ ਵਿਲੱਖਣਤਾ ਅਤੇ ਮੌਲਿਕਤਾ ਬਾਰੇ ਚਰਚਾ ਕੀਤੀ ਗਈ ਹੈ। ਪੰਜਾਬੀ ਦੇ ਸਮਰੱਥ ਕਵੀ ਜਿਵੇਂ ਹਰਿਭਜਨ ਸਿੰਘ ਰੈਣੂ ਅਤੇ ਪ੍ਰਸਿੱਧ ਗਾਇਕ ਤੇ ਗੀਤਕਾਰ ਲਾਲ ਚੰਦ ਯਮਲਾ ਜੱਟ ਦੇ ਗੀਤਾਂ/ਕਵਿਤਾ ਨਾਲ ਸਮਰੂਪਤਾ ਅਤੇ ਉਨ੍ਹਾਂ ਨਾਲੋਂ ਵਿਲੱਖਣਤਾ ਨੂੰ ਉਦਾਹਰਣਾਂ ਸਹਿਤ ਪੇਸ਼ ਕੀਤਾ ਗਿਆ ਹੈ।

ਅਖ਼ੀਰ ਵਿਚ ਅਸੀਂ ਆਖ ਸਕਦੇ ਹਾਂ ਕਿ ਸਾਡੇ ਵੱਲੋਂ ਦੀਦਾਰ ਸੰਧੂ 'ਤੇ ਕੰਮ ਕਰਨ ਦਾ (ਅਕਾਦਮਿਕ ਪੱਧਰ 'ਤੇ) ਇਹ ਨਿਵੇਕਲਾ ਤੇ ਪਹਿਲਾ ਕਦਮ ਹੈ ਜਿਸ ਨਾਲ ਇਸ ਵਿਸ਼ੇ ਉੱਤੇ ਖੋਜ ਕਰਨ ਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋਣਗੀਆਂ।

-ਰਾਜ ਸਿੰਘ

ਦੀਦਾਰ ਸੰਧੂ : ਜੀਵਨ ਤੇ ਰਚਨਾ

ਪੰਜਾਬੀ ਦੁਗਾਣਾ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਵਿਚ ਦੀਦਾਰ ਸੰਧੂ ਇਕ ਜਾਣਿਆਂ-ਪਹਿਚਾਣਿਆਂ ਹਸਤਾਖ਼ਰ ਹੈ। ਪਰ ਪੰਜਾਬੀ ਸਾਹਿਤ ਦੀ ਟਕਸਾਲ ਵਿਚ ਇਕ ਅਣਗੌਲਿਆ ਹੀਰਾ। ਵੀਹ ਸਾਲ ਦੀ ਛੋਟੀ ਉਮਰੇ ਉਸ ਨੇ ਉਨ੍ਹਾਂ ਗੀਤਾਂ ਦੀ ਰਚਨਾਂ ਕੀਤੀ ਜਿਸ ਨੂੰ ਪੜ੍ਹ-ਸੁਣ ਕੇ ਪ੍ਰੌੜ੍ਹ ਉਮਰ ਦਾ ਬੰਦਾ ਵੀ ਦੰਗ ਰਹਿ ਜਾਂਦਾ ਹੈ। ਦੀਦਾਰ ਸੰਧੂ ਦੇ ਗੀਤਾਂ ਦੀ ਪਹਿਲੀ ਪੁਸਤਕ **"ਬਿੱਲੋ ਬਚ ਕੇ ਮੋੜ ਤੋਂ"**[1] 1966 ਈ: ਵਿਚ ਪ੍ਰਕਾਸ਼ਿਤ ਹੋਈ ਸੀ। ਉਸ ਸਮੇਂ ਦੇ ਮਕਬੂਲ ਫ਼ਨਕਾਰਾਂ ਨੇ ਇਸ ਪੁਸਤਕ ਵਿਚਲੇ ਗੀਤਾਂ ਨੂੰ ਆਪਣੀਆਂ ਮਧੁਰ ਆਵਾਜ਼ਾਂ ਵਿਚ ਰਿਕਾਰਡ ਕਰਵਾਇਆ ਅਤੇ ਸਟੇਜਾਂ ਉੱਤੇ ਗਾ ਕੇ ਪ੍ਰਸਿੱਧੀ ਪ੍ਰਾਪਤ ਕੀਤੀ। ਜਿਨ੍ਹਾਂ ਵਿਚੋਂ ਨਰਿੰਦਰ ਬੀਬਾ, ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਮੁਹੰਮਦ ਸਦੀਕ ਰਾਮਪੁਰੀ, ਕਰਨੈਲ ਗਿੱਲ, ਸਵਰਨ ਲਤਾ, ਬੀਰ ਚੰਦ, ਰਮੇਸ਼ ਰੰਗੀਲਾ, ਸੁਦੇਸ ਕਪੂਰ, ਪਰੋਮਿਲਾ ਪੰਮੀ, ਪ੍ਰੀਤੀ ਬਾਲਾ ਅਤੇ ਸਾਬਰ ਹੁਸੈਨ ਆਦਿ ਦੇ ਨਾਂ ਵਰਣਨਯੋਗ ਹਨ। ਖ਼ਾਸ ਗੱਲ ਇਹ ਹੈ ਕਿ ਇਸ ਪੁਸਤਕ ਵਿਚ ਇਕ ਵੀ ਗੀਤ ਅਜਿਹਾ ਨਹੀਂ ਜਿਸ ਦੀ ਰਿਕਾਰਡਿੰਗ ਨਾ ਹੋਈ ਹੋਵੇ ।

ਦੀਦਾਰ ਸੰਧੂ ਗੀਤਕਾਰੀ/ਗਾਇਕੀ ਦੇ ਖੇਤਰ ਵਿਚ ਉਸ ਸਮੇਂ ਪ੍ਰਵੇਸ਼ ਕਰਦਾ ਹੈ ਜਿਸ ਸਮੇਂ ਗਾਇਕੀ ਦੇ ਖੇਤਰ ਨੂੰ ਜੱਟ ਫਿਰਕੇ ਦੇ ਲੋਕਾਂ ਲਈ ਵਿਵਰਜਿਤ-ਖੇਤਰ ਸਮਝਿਆ ਜਾਂਦਾ ਸੀ। ਉਸ ਸਮੇਂ ਇਹ ਧਾਰਣਾ ਪ੍ਰਚੱਲਿਤ ਸੀ ਕਿ ਗਾਉਣ-ਵਜਾਉਣ ਦਾ ਕੰਮ ਸਿਰਫ਼ ਮਰਾਸੀਆਂ ਦਾ ਕੰਮ ਹੈ।

ਦੀਦਾਰ ਸੰਧੂ ਨੇ ਇਸ ਧਾਰਣਾ ਨੂੰ ਤੋੜ ਕੇ ਗਾਇਕੀ ਦੇ ਕਰਮ-ਖੇਤਰ ਰਾਹੀਂ ਮਕਬੂਲੀਅਤ ਹਾਸਿਲ ਕੀਤੀ। ਉਸ ਨੇ ਉੱਚ ਪਾਏ ਦੀ ਸਾਹਿਤਕ ਗੀਤ-ਰਚਨਾ ਕਰ ਕੇ ਉਸ ਨੂੰ ਲੋਕ-ਸਾਜ਼ਾਂ ਨਾਲ ਗਾ ਕੇ ਇਕ ਨਵਾਂ ਮੀਲ-ਪੱਥਰ ਗੱਡਿਆ। ਲਗਾਤਾਰ ਪਿੰਡ ਭਰੋਵਾਲ ਦਾ 15 ਸਾਲ, ਨਿਰਵਿਵਾਦ ਸਰਪੰਚ ਰਹਿਣ ਵਾਲਾ ਦੀਦਾਰ ਸੰਧੂ ਪਹਿਲਾ ਜੱਟ/ਸਰਪੰਚ ਕਲਾਕਾਰ ਸੀ। ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ 250 ਗੀਤ/ਦੁਗਾਣੇ ਅਤੇ 7 ਪੁਸਤਕਾਂ ਪਾ ਕੇ ਇਸ ਨੂੰ ਸਾਹਿਤਕ ਪੱਖੋਂ

ਅਮੀਰ ਕੀਤਾ (ਜਿਸ ਨੂੰ ਸਾਹਿਤ ਦੇ ਖੇਤਰ ਵਿਚ ਗੌਲਿਆ ਜਾਣਾ ਬਾਕੀ ਹੈ।) ਇਸ ਤੋਂ ਇਲਾਵਾ ਉਸ ਨੇ ਸਨੇਹ-ਲਤਾ ਨਾਲ 40 ਗੀਤ, 13 ਕੁਲਦੀਪ ਕੌਰ, 4-4 ਪਰਮਿੰਦਰ ਸੰਧੂ ਅਤੇ ਬਲਜੀਤ ਬੱਲੀ ਨਾਲ ਰਿਕਾਰਡ ਕਰਵਾਏ। ਸੰਨ 1980 ਤੋਂ 82 ਤੱਕ ਦੀਦਾਰ ਸੰਧੂ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ 20 ਗੀਤ ਰਿਕਾਰਡ ਕਰਵਾਏ। ਸੰਨ 1982 ਤੋਂ ਮਗਰੋਂ ਕਾਫ਼ੀ ਅਰਸੇ ਤੱਕ ਉਸ ਨੇ ਅਮਰ ਨੂਰੀ ਨਾਲ ਗਾਇਆ ਤੇ ਰਿਕਾਰਡਿੰਗ ਕਰਵਾਈ, ਇਕ ਗੀਤਕਾਰ ਦੇ ਤੌਰ 'ਤੇ ਦੀਦਾਰ ਸੰਧੂ ਨੂੰ ਉਸਤਾਦ ਮੁਹੰਮਦ ਸਦੀਕ ਦੀ ਆਵਾਜ਼ ਵਿਚ ਗਾਏ ਗੀਤ **"ਮੇਰੀ ਐਸੀ ਝਾਂਜਰ ਛਣਕੇ, ਛਣਕਾਟਾ ਪੈਂਦਾ ਗਲੀ ਗਲੀ"**[2] ਨਾਲ ਮਕਬੂਲੀਅਤ ਹਾਸਿਲ ਹੋਈ। ਇਹ ਗੀਤ ਪ੍ਰਸਿੱਧੀ ਦੀ ਸਿਖ਼ਰ ਉੱਤੇ ਪਹੁੰਚ ਗਿਆ। ਉਸ ਸਮੇਂ ਮੁਹੰਮਦ ਸਦੀਕ ਦੀ ਬੁਲੰਦ ਆਵਾਜ਼ ਵਿਚ ਦੋ ਗੀਤ ਮਾਰਕੀਟ ਵਿਚ ਆਏ ਸਨ। ਦੋਨੋਂ ਸ਼ੋਲੋ ਗੀਤ ! ਇਕ ਦੀਦਾਰ ਸੰਧੂ ਦਾ ਲਿਖਿਆ "ਮੇਰੀ ਐਸੀ ਝਾਂਜਰ" ਅਤੇ ਦੂਸਰਾ ਜਨਾਬ ਦੀਪਕ ਜੈਤੋਈ ਦਾ **"ਗੋਰੇ ਰੰਗ ਦੀ ਦੁਹਾਈ ਮੱਚ ਜਾਵੇ, ਕਾਲੀਆਂ ਲਿਆਦੇ ਐਨਕਾਂ"**। ਪ੍ਰਸਿੱਧ ਲੇਖਕ ਗੁਲਜ਼ਾਰ ਸਿੰਘ ਸ਼ੌਂਕੀ ਆਖਦੇ ਹਨ :

"ਇਨ੍ਹਾਂ ਦੋਨੋਂ ਸ਼ੋਲੋ ਗੀਤਾਂ ਨਾਲ ਦੀਦਾਰ ਸੰਧੂ, ਦੀਪਕ ਜੈਤੋਈ ਅਤੇ ਮੁਹੰਮਦ ਸਦੀਕ ਜੀ ਪ੍ਰਸਿੱਧੀ ਦੀਆਂ ਸਿਖ਼ਰਾਂ ਛੋਹ ਗਏ। ਇਹ ਗੀਤ ਸੁਣਨ ਵਾਲੇ ਨੂੰ ਹੁਣ ਵੀ ਨਵੇਂ ਹੀ ਲਗਦੇ ਹਨ। ਮੇਰੇ ਖ਼ਿਆਲ ਮੁਤਾਬਿਕ ਇਹ ਦੋਵੇਂ ਗੀਤ ਹਮੇਸ਼ਾ ਲਈ ਅਮਰ ਹੋ ਗਏ ਹਨ ਕਿਉਂਕਿ ਇਹ ਗੀਤ ਲੋਕ-ਗੀਤਾਂ ਦਾ ਰੁਤਬਾ ਪ੍ਰਾਪਤ ਕਰ ਗਏ ਹਨ।"[3] ਸੱਚ ਹੀ ਹੈ ਇਹ ! ਅੱਜ ਵੀ ਪੰਜਾਬ ਦੇ ਪਿੰਡਾਂ ਵਿਚ ਦੀਦਾਰ ਸੰਧੂ ਦਾ ਲਿਖਿਆ ਤੇ ਮੁਹੰਮਦ ਸਦੀਕ ਦਾ ਗਾਇਆ ਗੀਤ "ਮੇਰੀ ਐਸੀ ਝਾਂਜਰ ਛਣਕੇ" ਲੋਕ-ਗੀਤ ਵਾਂਗ ਹੀ ਪਸੰਦ ਕੀਤਾ ਜਾਂਦਾ ਹੈ।

ਰੇਡੀਓ ਅਤੇ ਫ਼ਿਲਮਾਂ ਲਈ ਗੀਤ ਗਾਉਣ ਵਾਲੇ ਦੀਦਾਰ ਸੰਧੂ ਨੇ ਮਸ਼ਹੂਰ ਫ਼ਿਲਮਸਾਜ਼ ਜਗਜੀਤ ਸਿੰਘ, ਰਮਾਂ ਵਿੱਜ, ਦਲਜੀਤ ਕੌਰ, ਤੇ ਹੋਰ ਅਜ਼ੀਮ ਹਸਤੀਆਂ ਦੀ ਸੰਗਤ ਮਾਣੀ ਅਤੇ ਆਪਣੀ ਕਲਾ ਨੂੰ ਨਿਖ਼ਾਰਿਆ। ਉਹ ਆਪਣੀ ਉਮਰ ਦੇ 35-36 ਸਾਲ ਪੰਜਾਬੀ ਸਾਹਿਤ ਅਤੇ ਗਾਇਕੀ ਦੇ ਲੇਖੇ ਲਾ ਗਿਆ। ਅੱਜ 30 ਸਾਲ ਬਾਅਦ ਵੀ ਉਸ ਦੇ ਲਿਖੇ ਤੇ ਗਾਏ ਗੀਤ ਚਰਚਾ ਦਾ ਵਿਸ਼ਾ ਬਣੇ ਆ ਰਹੇ ਹਨ। ਦੀਦਾਰ ਸੰਧੂ ਦੀ ਗਾਇਕੀ ਅਤੇ ਗੀਤਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਉਸ ਦੇ ਜੀਵਨ ਅਤੇ ਰਚਨਾ ਬਾਰੇ ਜਾਣ-ਪਹਿਚਾਣ ਕਰਵਾਉਣੀ ਜ਼ਰੂਰੀ ਹੈ। ਦੀਦਾਰ ਸੰਧੂ ਦਾ ਜਨਮ 3 ਜੁਲਾਈ, 1942 ਈਸਵੀ ਨੂੰ ਚੱਕ ਨੰਬਰ 133 ਤਹਿਸੀਲ ਸਿਲਾਂਵਾਲੀ, ਜ਼ਿਲਾ ਸਰਗੋਧਾ (ਪਾਕਿਸਤਾਨ) ਵਿਚ ਹੋਇਆ। ਉਸ ਦੀ ਮਾਤਾ ਦਾ ਨਾਮ ਦਾਨ ਕੌਰ ਅਤੇ ਪਿਤਾ ਦਾ ਨਾਮ ਸਮੁੰਦ ਸਿੰਘ ਸੀ। ਦੇਸ਼ ਦੀ ਵੰਡ (1947) ਤੋਂ ਪਿੱਛੋਂ ਉਹ ਸਮੇਤ ਪਰਿਵਾਰ ਪਿੰਡ ਬੋਦਲਵਾਲਾ ਤਹਿਸੀਲ ਜਗਰਾਉਂ ਆ ਠਹਿਰੇ। ਕੁਝ ਅਰਸੇ ਬਾਅਦ ਹੀ ਇਹ ਪਰਿਵਾਰ ਪਿੰਡ ਭਰੋਵਾਲ ਖੁਰਦ ਜ਼ਿਲਾ ਲੁਧਿਆਣਾ ਦਾ ਪੱਕਾ ਵਸਨੀਕ ਬਣ ਗਿਆ। ਦੀਦਾਰ ਸੰਧੂ ਦਾ ਇਸ ਪਿੰਡ ਨਾਲ ਅੰਤਾਂ ਦਾ ਮੋਹ ਸੀ। ਉਸ

ਦੇ ਗੀਤਾਂ ਵਿਚ ਇਸ ਪਿੰਡ ਦਾ ਨਾਮ ਕਈ ਵਾਰ ਆਉਂਦਾ ਹੈ ਜਿਵੇਂ ਕਿ ਇਕ ਗੀਤ ਵਿਚ ਉਹ ਆਖਦਾ ਹੈ :

ਪਿੰਡ ਭਰੋਵਾਲ ਦੀ ਫਿਰਨੀ ਤੋਂ
ਦਿਨ ਖੜ੍ਹੇ ਕਦੇ ਨਾ ਘਰ ਜਾਵਾਂ।...

ਵਿਦਿਅਕ ਯੋਗਤਾ ਪੱਖੋਂ ਦੀਦਾਰ ਸੰਧੂ 10 ਜਮਾਤਾਂ ਪਾਸ ਸੀ ਪਰ ਉਸ ਦੀ ਸਖ਼ਸੀਅਤ ਵੇਖ ਕੇ ਉਹ ਇਕ ਸੁਲਝਿਆ ਇਨਸਾਨ ਅਤੇ ਦਿੱਖ ਤੋਂ ਕਿਸੇ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਮਹਿਸੂਸ ਹੁੰਦਾ ਸੀ। ਸਰਕਾਰੀ ਹਾਈ ਸਕੂਲ ਜਗਰਾਉਂ ਤੋਂ ਸੱਤਵੀਂ ਅਤੇ ਸਰਕਾਰੀ ਹਾਈ ਸਕੂਲ ਬਰਸਾਲਾਂ ਤੋਂ ਦਸਵੀਂ ਜਮਾਤ ਪਾਸ ਕੀਤੀ। ਇਸ ਸਮੇਂ ਹੀ ਉਸ ਦੇ ਅੰਦਰ ਗਾਉਣ ਅਤੇ ਲਿਖਣ ਦਾ ਸ਼ੌਂਕ ਪੈਦਾ ਹੋ ਗਿਆ। ਸੰਨ 1962 ਵਿਚ ਦੀਦਾਰ ਸੰਧੂ ਨੇ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਪ੍ਰਾਪਤ ਕੀਤੀ। ਇਸ ਵਿਭਾਗ ਦਾ ਕਲਾਕਾਰ ਅੱਜ ਤੱਕ ਦਾ ਮਕਬੂਲ ਗਾਇਕ ਮੁਹੰਮਦ ਸਦੀਕ ਸੀ। ਲੋਕ ਸੰਪਰਕ ਵਿਭਾਗ ਵਿਚ ਦੀਦਾਰ ਸੰਧੂ ਅਤੇ ਮੁਹੰਮਦ ਸਦੀਕ ਵਿਚ ਦੋਸਤੀ ਪੈਦਾ ਹੋ ਗਈ। ਇਹ ਦੋਸਤੀ ਕੁਝ ਅਰਸੇ ਬਾਅਦ ਹੀ ਉਸਤਾਦ ਅਤੇ ਸ਼ਾਗਿਰਦ ਦੇ ਰਿਸ਼ਤੇ ਵਿਚ ਤਬਦੀਲ ਹੋ ਗਈ। ਗਾਇਕੀ ਦੇ ਖੇਤਰ ਵਿਚ ਦੀਦਾਰ ਸੰਧੂ ਦਾ ਉਸਤਾਦ ਮੁਹੰਮਦ ਸਦੀਕ ਖ਼ੁਦ ਇਕ ਸਟੇਜ ਦਾ ਧਨੀ ਫ਼ਨਕਾਰ ਹੈ।

ਉਸਤਾਦ ਜਨਾਬ ਮੁਹੰਮਦ ਸਦੀਕ ਦੀ ਸੰਗਤ ਨਾਲ ਦੀਦਾਰ ਸੰਧੂ ਨੂੰ ਮਹਿਕਮਾਨਾ ਤੌਰ 'ਤੇ ਕਈ ਪ੍ਰੋਗਰਾਮ ਪੇਸ਼ ਕਰਨ ਦਾ ਮੌਕਾ ਮਿਲਿਆ। ਲੋਕ ਸੰਪਰਕ ਵਿਭਾਗ ਵਿਚ ਕੰਮ ਕਰਨ ਦੇ ਦਿਨਾਂ ਦਾ ਦੀਦਾਰ ਸੰਧੂ ਦਾ ਸਾਥ ਮਾਨਣਾ ਮੁਹੰਮਦ ਸਦੀਕ ਨੂੰ ਅੱਜ ਤੱਕ ਯਾਦ ਆਉਂਦਾ ਹੈ। ਦੀਦਾਰ ਸੰਧੂ ਨਾਲ ਨੇੜਤਾ ਤੇ ਦੋਹਾਂ ਦਾ ਆਪਸੀ ਪਿਆਰ ਮੁਹੰਮਦ ਸਦੀਕ ਨੂੰ ਅੱਜ ਵੀ ਭਾਵੁਕ ਕਰ ਦਿੰਦਾ ਹੈ। ਕਿਸੇ ਸਮੇਂ ਕੁਲਦੀਪ ਮਾਣਕ, ਦੀਦਾਰ ਸੰਧੂ, ਮੁਹੰਮਦ ਸਦੀਕ ਅਤੇ ਸਵਰਨ ਲਤਾ ਦੇ ਘਰ ਵਾਲੇ ਗੁਪਤਾ ਨੇ ਰਲ ਕੇ ਆਰ.ਸੀ. ਨਾਮ ਦੀ ਰਿਕਾਰਡਿੰਗ ਕੰਪਨੀ ਖੋਲ੍ਹੀ ਸੀ। ਇਸ ਕੰਪਨੀ ਵਿਚ ਦੀਦਾਰ ਸੰਧੂ ਅਤੇ ਅਮਰ ਨੂਰੀ ਦੀ ਆਵਾਜ਼ ਵਿਚ ਇਕ ਕੈਸਿਟ ਕੱਢੀ ਸੀ **'ਮੇਰਾ ਕੱਲ੍ਹ ਦਾ ਕਾਲਜਾ ਦੁਖਦਾ ਵੇ'** ਬੇਹੱਦ ਮਕਬੂਲ ਹੋਈ ਸੀ ਇਹ ਕੈਸਟ ! ਦੀਦਾਰ ਸੰਧੂ ਦੀ ਮੌਤ ਤੋਂ ਪਿੱਛੋਂ ਇਹ ਕੰਪਨੀ ਧੋਖੇ ਦਾ ਸ਼ਿਕਾਰ ਹੋ ਕੇ ਰਹਿ ਗਈ ; ਇਹ ਯਾਦ ਕਰ ਕੇ ਮੁਹਮੰਦ ਸਦੀਕ ਅੱਜ ਵੀ ਗ਼ਮਗੀਨ ਹੋ ਜਾਂਦਾ ਹੈ ਤੇ ਦੱਸਦਾ ਹੈ ਕਿ ਕਿਸ ਤਰ੍ਹਾਂ ਉਹ ਦੀਦਾਰ ਸੰਧੂ ਤੋਂ ਬਗੈਰ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਸੀ। ਪ੍ਰੋ. ਮੋਹਨ ਸਿੰਘ ਮੇਲੇ ਦਾ ਜਥੇਬੰਦਕ ਸਕੱਤਰ ਰਹਿਣ ਵਾਲੇ ਦੀਦਾਰ ਸੰਧੂ ਦੇ ਨਾਂ 'ਤੇ ਪੰਜਾਬ ਭਰ ਵਿਚ ਪੁਰਸਕਾਰ ਦਿੱਤੇ ਜਾਂਦੇ ਹਨ। ਉਸ ਦੇ ਪਿੰਡ ਭਰੋਵਾਲ ਉਹਦੇ ਘਰ ਦੇ ਬਿਲਕੁਲ ਸਾਹਮਣੇ ਦੀਦਾਰ ਸੰਧੂ ਯਾਦਗਾਰੀ ਲਾਇਬ੍ਰੇਰੀ ਬਣੀ ਹੋਈ ਹੈ। ਪੰਜਾਬੀ ਭਵਨ ਲੁਧਿਆਣਾ ਵਿਖੇ ਹਰ ਸਾਲ ਕਿਸੇ ਲੋਕ-ਗਾਇਕ ਨੂੰ ਦੀਦਾਰ ਸੰਧੂ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਵਧੇਰੇ ਅਹਿਮ ਗੱਲ ਜੋ ਸਾਡੇ ਸਾਹਿਤਕ ਅਤੇ ਲੋਕ-ਧਾਰਾਈ ਵਿਦਵਾਨਾਂ ਨੂੰ ਚਿਤਾਉਣ ਵਾਲੀ ਹੈ ਉਹ ਇਹ ਕਿ

"ਦੀਦਾਰ ਸੰਧੂ ਦੇ ਗੀਤਾਂ ਨੂੰ ਪਾਕਿਸਤਾਨੀ ਪੰਜਾਬ ਵਿਚ ਸਰਕਾਰੀ ਤੌਰ 'ਤੇ ਸੰਭਾਲ ਕੇ ਰੱਖਿਆ ਗਿਆ ਹੈ।"[4]

ਆਪਣੇ ਪਿੰਡ ਭਰੋਵਾਲ ਦਾ ਪਹਿਲਾ ਗਾਇਕ ਸਰਪੰਚ, ਗੀਤਕਾਰ, ਸਾਰੇ ਭਰਾਵਾਂ ਵਿਚੋਂ ਸਭ ਨਾਲੋਂ ਛੋਟਾ ਤੇ ਸਾਰੇ ਵੱਡੇ ਭਰਾਵਾਂ ਤੋਂ ਪਹਿਲਾਂ ਵਿਆਹਿਆ ਜਾਣ ਵਾਲਾ ਦੀਦਾਰ ਸੰਧੂ ਸਾਰੇ ਵੱਡੇ ਭਰਾਵਾਂ ਤੋਂ ਪਹਿਲਾਂ ਹੀ 16 ਫ਼ਰਵਰੀ, 1991 ਦਿਨ ਸ਼ਨੀਵਾਰ ਨੂੰ ਇਸ ਸੰਸਾਰ ਰੂਪੀ ਸਰਾਂ ਨੂੰ ਇਹ ਕਹਿ ਅਲਵਿਦਾ ਆਖ ਗਿਆ :

'ਮਿੱਤਰਾ ਮੁਸਾਫ਼ਿਰਾ ਇਹ ਛੱਡਣੀ ਸਰਾਂ
ਲਾਏ ਸੀ ਚਿਰਾਂ ਤੋਂ ਵੇ ਮੈਂ ਡੇਰੇ...'

ਅੱਜ ਵੀ ਦੇਸ਼-ਵਿਦੇਸ਼ ਵਿਚ ਬੈਠੇ ਉਸ ਦੇ ਅਨੇਕਾਂ ਸਰੋਤੇ ਉਸ ਨੂੰ ਸੁਣ ਕੇ ਇਹ ਅਹਿਸਾਸ ਕਰਦੇ ਹਨ :

'ਚੱਤੋ-ਪਹਿਰ ਰਹਿੰਦਾ ਵੇ ਦੀਦਾਰ ਤੇਰਾ ਨਾਂ
ਨੱਚਦਾ ਬੁੱਲਾਂ ਦੇ ਉੱਤੇ ਮੇਰੇ'

ਵਧੇਰੇ ਚੁੱਪ ਰਹਿਣ ਵਾਲਾ ਦੀਦਾਰ ਸੰਧੂ ਅਤਿ ਦਾ ਸੰਵੇਦਨਸ਼ੀਲ ਸੀ। ਗੰਭੀਰ ਸੁਭਾਅ ਦਾ ਮਾਲਿਕ ਅਤੇ ਇਕੱਲੇ ਰਹਿਣਾ ਵਧੇਰੇ ਪਸੰਦ ਕਰਦਾ ਸੀ। ਗੰਭੀਰ ਅਤੇ ਸੰਜੀਦਾ ਕਿਸਮ ਦਾ ਬੰਦਾ ਹੋਣ ਦੇ ਬਾਵਜੂਦ ਵੀ ਉਸ ਦੀ ਸੁੰਦਰਤਾ ਪ੍ਰਤੀ ਖਿੱਚ ਅਤੇ ਮੋਹ ਭਰੇ ਬੋਲ ਉਹਦੇ ਗੀਤਾਂ ਵਿਚ ਥਾਂ-ਪੁਰ-ਥਾਂ ਵੇਖਣ ਨੂੰ ਮਿਲਦੇ ਹਨ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖੀ ਹਿਰਦਾ ਪਿਆਰ ਤੋਂ ਸੱਖਣਾ ਨਹੀਂ ਹੋ ਸਕਦਾ। ਮੁਹੱਬਤ ਦੀ ਖਾਹਿਸ਼ ਦੀਦਾਰ ਸੰਧੂ ਲਈ ਮਿਲਣ-ਤਾਂਘ ਪੈਦਾ ਕਰਦੀ ਹੈ। ਉਸ ਦੇ ਗੀਤ ਮੁਹੱਬਤੀ ਦਿਲ ਦੀ ਗਵਾਹੀ ਭਰਦੇ ਹਨ। ਕੁਦਰਤ ਦੇ ਹਰ-ਇਕ ਨਜ਼ਾਰੇ ਵਿਚੋਂ ਉਸ ਨੂੰ ਮੁਹੱਬਤ ਦੇ ਬੁੱਲ੍ਹੇ ਆਉਂਦੇ ਨਜ਼ਰੀਂ ਪੈਂਦੇ ਹਨ। ਪ੍ਰਾਕਿਰਤੀ ਦੀ ਸੁੰਦਰਤਾ ਵਿਚੋਂ ਮਹਿਬੂਬ ਦੇ ਮਨਭਾਉਂਦੇ ਦਰਸ਼ਨ ਕਰਨ ਦਾ ਉਸ ਨੂੰ ਵੱਲ ਹੀ ਨਹੀਂ ਆਉਂਦਾ, ਸਗੋਂ ਉਹ ਤਾਂ ਇਸ ਦੇ ਨਾਲ-ਨਾਲ ਪ੍ਰਾਕਿਰਤੀ ਵਿਚੋਂ ਮਹਿਬੂਬ ਦੀ ਦੀਦ ਦਾ ਨਜ਼ਾਰਾ ਸ਼ਬਦਾਂ ਵਿਚ ਗੁੰਦ-ਗੁੰਦ ਕੇ, ਸਰੋਤੇ/ਪਾਠਕ ਨੂੰ ਵੀ ਇਹ ਦਿਲਕਸ਼ ਅਹਿਸਾਸ ਬੜੀ ਸ਼ਿੱਦਤ ਨਾਲ ਕਰਵਾ ਦਿੰਦਾ ਹੈ। ਕਈ ਵਾਰ ਤਾਂ ਅਜਿਹੇ ਸ਼ਬਦ-ਚਿੱਤਰ ਸਰੋਤੇ/ਪਾਠਕ ਨੂੰ ਵਿਸਮਾਦਿਤ ਕਰ ਜਾਂਦੇ ਹਨ, ਵੰਨਗੀ ਵਜੋਂ ਵੇਖੀਏ ਇਹ ਚੰਦ ਪੰਗਤੀਆਂ :

ਚੜ੍ਹ ਗਿਆ ਮਹੀਨਾ ਸੌਣ ਕੁੜੇ
ਸੀਨੇ ਵਿਚ ਵੱਜਕੇ ਪੌਣ ਕੁੜੇ
ਮੇਰੀ ਜਾਨ ਵਲੂੰਧਣ ਧਰਗੀ
ਤੂੰ ਜਦ ਗੋਰੀ-ਚਿੱਟੀ ਗਰਦਨ ਨੂੰ
ਝੱਟ ਮੋੜ ਗਲੀ ਵਿਚ ਵੜ ਗੀ.....

ਹੋਰ ਵੇਖੋ :

ਤੇਰੇ ਹੋਂਠ ਗੁਲਾਬੀ ਪੰਖੜੀਆਂ
ਤੇਰੇ ਨਕਸ਼ ਸਲਾਈਆਂ ਵਰਗੇ ਨੇ
ਤੇਰੇ ਨੈਣ ਖਿੜੇ ਫੁੱਲ ਨਰਗਸ ਦੇ
ਜਿਵੇਂ ਸਕਿਆਂ ਭਾਈਆਂ ਵਰਗੇ ਨੇ
ਬਰਫ਼ਾਨੀ ਰੰਗ ਦੀ ਚੋਟੀ 'ਤੇ
ਮਾਲਾ ਦੇ ਲਟਕੇ ਮੋਤੀ 'ਤੇ
ਕੋਈ ਬਿਜਲੀ ਡਿੱਗ ਕੇ ਚੜ੍ਹ ਗਈ
ਤੂੰ ਜਦ ਗੋਰੀ-ਚਿੱਟੀ ਗਰਦਨ ਨੂੰ
ਝੱਟ ਮੋੜ ਗਲੀ ਵਿਚ ਵੜ ਗਈ...

ਲੋਕਧਾਰਾ ਦੇ ਦੋ ਮਹਾਂਰਥੀ ਦੇਵਿੰਦਰ ਸਤਿਆਰਥੀ ਅਤੇ ਮਹਿੰਦਰ ਸਿੰਘ ਰੰਧਾਵਾ ਪਿਆਰ ਸਬੰਧੀ ਆਖਦੇ ਹਨ ਕਿ "ਪਿਆਰ ਮਨੁੱਖੀ ਜੀਵਨ ਦੀ ਸਭ ਤੋਂ ਮਹਾਨ ਤੇ ਅਨੋਖੀ ਘਟਨਾ ਹੈ, ਇਸੇ ਲਈ ਇਹ ਸਾਹਿਤ ਦਾ, ਜੋ ਆਪਣੀ ਪ੍ਰੇਰਣਾ ਜੀਵਨ ਤੋਂ ਲੈਂਦਾ ਹੈ, ਮੁੱਖ ਵਿਸ਼ਾ ਰਿਹਾ ਹੈ। ਆਮ ਸਾਹਿਤਕਾਰ ਲਈ ਜੀਵਨ ਵਿਚ ਪਿਆਰ ਨਾਲੋਂ ਬਲਵਾਨ ਹੋਰ ਕੋਈ ਪ੍ਰੇਰਣਾ ਨਹੀਂ। ਮਨ ਦੀਆਂ ਜੋ ਉਡਾਰੀਆਂ ਕਵੀ ਨੇ ਪਿਆਰ ਵਿਚ ਮਾਣੀਆਂ ਹਨ, ਹੋਰ ਕਿਸੇ ਵਿਸ਼ੇ ਵਿਚ ਨਹੀਂ। ਲੋਕ-ਗੀਤਾਂ ਦਾ ਵਧੇਰੇ ਹਿੱਸਾ ਪਿਆਰ ਵਿਚੋਂ ਹੀ ਫੁੱਟਿਆ ਹੈ"[5]।

ਉਪਰੋਕਤ ਕਥਨਾਂ ਨੂੰ ਦੀਦਾਰ ਸੰਧੂ ਦੇ ਰੁਮਾਂਟਿਕ ਦੁਗਾਣਿਆਂ ਦੇ ਸਮਵਿੱਥ ਰੱਖ ਕੇ ਵਾਚੀਏ ਤਾਂ ਸਾਨੂੰ ਇਨ੍ਹਾਂ ਕਥਨਾਂ ਦੀ ਸਾਰਥਕਾ ਸਪੱਸ਼ਟ ਨਜ਼ਰੀਂ ਆਵੇਗੀ। ਦੀਦਾਰ ਦੇ ਅਜਿਹੇ ਦੁਗਾਣੇ ਦੀ ਨਾਇਕਾ ਚੜ੍ਹਦੀ ਜਵਾਨੀ ਦੇ ਵਲਵਲਿਆਂ ਦੀ ਗੱਲ ਕਰਦੀ ਹੋਈ ਵਸਲ ਦੀ ਤਾਂਘ ਇਉਂ ਪ੍ਰਗਟ ਕਰਦੀ ਹੈ :

ਹੱਦਾਂ ਟੱਪਗੀ ਜਵਾਨੀ ਵਾਲੀ ਛੱਲ ਵੇ
ਕਿਤੇ ਮਾਰ ਕੇ ਉਡਾਰੀ ਉਡ ਚੱਲ ਵੇ
ਮੈਨੂੰ ਦਿਲੋਂ ਨਾ ਵਿਸਾਰੀਂ ਇਕ ਪਲ ਮਿੱਤਰਾ
ਚਿੱਤ ਲਗੇ ਨਾ ਕੱਲੀ ਦਾ ਅੱਜ-ਕੱਲ੍ਹ ਮਿੱਤਰਾ...

ਜਵਾਨ ਦਿਲ ਦੀ ਪ੍ਰੀਤਮ ਪ੍ਰਤੀ ਖਿੱਚ ਕੁਦਰਤੀ ਹੈ। ਪਿਆਰ ਸਾਹਿਤ ਦਾ ਮੁੱਢ-ਕਦੀਮੀ ਵਿਸ਼ਾ ਵੀ ਰਿਹਾ ਹੈ। ਇਹ ਸੱਚ ਹੀ ਹੈ ਕਿ ਮਨੁੱਖੀ-ਮਨ ਪਿਆਰ ਤੋਂ ਸੱਖਣਾ ਰਹਿ ਹੀ ਨਹੀਂ ਸਕਦਾ। ਦੀਦਾਰ ਸੰਧੂ ਵਰਗਾ ਰੁਮਾਂਟਿਕ ਪ੍ਰਵਿਰਤੀ ਵਾਲਾ ਗੀਤਕਾਰ ਆਪਣੇ ਗੀਤਾਂ ਵਿਚ ਮੁਹੱਬਤ ਦੀ ਗੱਲ ਕਰਦਾ ਹੈ ਤਾਂ ਉਸ ਸਮੇਂ ਪ੍ਰਾਕਿਰਤੀ ਪ੍ਰਤੀ ਉਸ ਦੀ ਮੁਹੱਬਤ ਸਪੱਸ਼ਟ ਉਜਾਗਰ ਹੁੰਦੀ ਹੈ। ਰੁਮਾਂਟਿਕ ਭਾਵਾਂ ਨੂੰ ਚਿੱਤਰਤ ਕਰਦਾ ਉਹ, ਸਾਹਿਤਕ ਸ਼ਬਦਾਵਲੀ ਦੀ ਵਰਤੋਂ ਬਹੁਤ ਹੀ ਖ਼ੂਬਸੂਰਤੀ ਨਾਲ ਕਰਦਾ ਹੈ। ਪਿਆਰ ਦੀ ਗੱਲ ਕਰਨ ਸਮੇਂ ਉਹ, ਦਲੀਲ ਦੇਣ ਵਿਚ ਖ਼ਾਸ ਮੁਹਾਰਤ ਰੱਖਦਾ ਹੈ। ਗੱਲ ਜਾਂ ਦ੍ਰਿਸ਼ ਕਿੰਨਾਂ ਵੀ ਯਥਾਰਥਕ ਅਤੇ ਰੁਮਾਂਟਿਕ ਹੋਵੇ

ਰਚਨਾ ਕਰਨ ਸਮੇਂ ਉਹ ਨੈਤਿਕਤਾ ਦਾ ਪੱਲਾ ਨਹੀਂ ਛੱਡਦਾ। ਉਪਰ ਵਰਣਤ ਨਾਇਕਾ ਦੇ ਮੋੜਵੇਂ ਉੱਤਰ ਵਿਚ ਨਾਇਕ ਵੱਲੋਂ ਰਚੇ ਸੰਵਾਦ ਵਿਚ ਉਪਰੋਕਤ ਦੱਸੇ ਸਾਰੇ ਗੁਣ ਵੇਖੇ ਜਾ ਸਕਦੇ ਹਨ :

ਠੰਡੇ ਠਾਰ ਨੇ ਫਰਾਟੇ ਬਿੱਲੋ ਪੌਣ ਦੇ
ਜਿੰਦੇ ਯਾਰ ਦੀ ਬੁੱਕਲ ਵਿਚ ਸੌਣ ਦੇ
ਹੁੰਦੀ ਦਿਲਾਂ ਨੂੰ ਮੁਹੱਬਤਾਂ ਥੋੜ ਬੱਲੀਏ
ਜਿਵੇਂ ਪੀਂਘ ਨੂੰ ਹੁਲਾਰਿਆਂ ਦੀ ਲੋੜ ਬੱਲੀਏ...

ਕਵਿਤਾ ਲਈ ਪ੍ਰਤੱਖ ਯਥਾਰਥ ਦਾ ਗਿਆਨ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਕਵੀ ਦਾ ਅਨੁਭਵ ਅਤੇ ਕਰਣੀ ਇਸ ਦਾ ਆਧਾਰ ਮੰਨੇ ਗਏ ਹਨ। ਉੱਤਮ ਰਚਨਾ ਲਈ ਕਵੀ ਦਾ ਅਨੁਭਵ ਅਤੇ ਉਸ ਦੀ ਨਿੱਜੀ ਸਖ਼ਸ਼ੀਅਤ ਜ਼ਿੰਮੇਵਾਰ ਹੁੰਦੀ ਹੈ। ਲੋਕ-ਮਨ ਦੀਆਂ ਭਾਵਨਾਵਾਂ, ਗਹਿਰੀ ਹਮਦਰਦੀ ਅਤੇ ਲਗਾਉ ਰੱਖਣ ਵਾਲਾ ਹੀ ਉੱਤਮ ਰਚਨਾਕਾਰੀ ਕਰ ਸਕਦਾ ਹੈ। ਦੀਦਾਰ ਸੰਧੂ ਵਰਗਾ ਕਵੀ/ਗੀਤਕਾਰ ਜਦੋਂ ਇਹ ਆਖਦਾ ਹੈ ਕਿ "ਮੈਂ ਲੋਕਾਂ ਦੀਆਂ ਭਾਵਨਾਵਾਂ ਪੜ੍ਹ ਕੇ ਲਿਖਦਾ ਹਾਂ। ਜੋ ਕੁਝ ਸਾਹਮਣੇ ਵਾਪਰਦਾ ਹੈ, ਉਹ ਮੇਰਾ ਸਰੋਤ ਹੋ ਨਿਬੜਦਾ ਹੈ ; ਮੈਂ ਆਪਣੇ ਆਪ ਨੂੰ ਉਸ ਹਾਲਤ ਵਿਚ ਢਾਲਦਾ ਹਾਂ, ਫਿਰ ਲਿਖਦਾ ਹਾਂ ਤੇ ਮੈਨੂੰ ਲੱਗਦਾ ਹੈ ਕਿ ਇਹ ਸਭ ਮੇਰੇ ਨਾਲ ਸਬੰਧਿਤ ਹੈ"। ਤਾਂ ਇਹ ਸਿੱਧ ਹੁੰਦਾ ਹੈ ਕਿ ਉਹ ਸਿਰਫ਼ ਰੁਮਾਂਟਿਕਤਾ ਦਾ ਗੀਤਕਾਰ ਨਹੀਂ ਸਗੋਂ ਮਨੁੱਖਤਾ ਦਾ ਸੱਚਾ ਹਮਦਰਦ ਲੇਖਕ ਵੀ ਹੈ। ਸਮਾਜ ਅੰਦਰ ਵਾਪਰਦੀ ਹਰੇਕ ਅਸੁਖਾਵੀਂ ਘਟਨਾ ਜਿਵੇਂ ਭ੍ਰਿਸ਼ਟਾਚਾਰ, ਅਨੈਤਿਕਤਾ, ਠੱਗੀ-ਠੋਰੀ ਆਦਿ ਸਾਰੇ ਔਗੁਣ ਉਸ ਦੇ ਕਵੀ-ਮਨ ਨੂੰ ਪ੍ਰਭਾਵਿਤ ਕਰਦੇ ਹਨ। ਉਹ ਇਕ ਚੇਤੰਨ ਲੇਖਕ ਹੋਣ ਦਾ ਸਬੂਤ ਦਿੰਦਾ ਹੋਇਆ ਵਰਤਮਾਨ ਨਿਜ਼ਾਮ ਅੰਦਰ ਵਾਪਰਦੇ ਇਸ ਸਮੁੱਚੇ ਵਰਤਾਰੇ ਨੂੰ ਆਪਣੇ ਵਿਅੰਗਮਈ ਅੰਦਾਜ਼ ਵਿਚ ਪੇਸ਼ ਕਰਦਾ ਹੈ, ਜੰਤਾ ਦੇ ਹੁੰਦੇ ਸੋਸ਼ਣ ਅਤੇ ਜ਼ਿੰਦਗੀ ਦੇ ਹਰ ਖੇਤਰ ਦੀ ਭ੍ਰਿਸ਼ਟਾਚਾਰ ਵਿਚ ਲਿਬੜੀ ਤਸਵੀਰ ਨੂੰ ਨਿਵੇਕਲੇ ਦੁਗਾਣੇ ਵਿਚ ਇਸ ਤਰ੍ਹਾਂ ਚਿਤਰਦਾ ਹੈ :

ਹਰ ਪਾਸੇ ਚੋਰ-ਬਜ਼ਾਰੀ ਆ
ਹਰ ਪਾਸੇ ਰਿਸ਼ਵਤ-ਦਾਰੀ ਆ
ਰੱਬ ਰਾਖਾ ਸਾਰੀ ਦੁਨੀਆ ਦਾ
ਹਰ ਪਾਸੇ ਚੋਰੀ-ਯਾਰੀ ਆ

ਵਰਗ-ਵੰਡ ਸਮਾਜ ਵਿਚ ਮਨੁੱਖਾਂ ਅੰਦਰ ਹੀਣਤਾ, ਉਚ-ਨੀਚ ਅਤੇ ਵਿਰੋਧੀ ਭਾਵਨਾਵਾਂ ਨੂੰ ਜਨਮ ਦਿੰਦੀ ਹੈ। ਅਮੀਰੀ-ਗ਼ਰੀਬੀ ਦਾ ਪਾੜਾ ਮਨੁੱਖਤਾ ਨੂੰ ਭੌਤਿਕ ਅਤੇ ਮਾਨਸਿਕ ਪੱਧਰ 'ਤੇ ਨਿਖੇੜ ਕੇ ਸਮਾਜਿਕ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਅਜਿਹੇ ਸਮੇਂ ਕਵੀ/ਲੇਖਕ ਦਾ ਕੋਮਲ ਹਿਰਦਾ ਵਧੇਰੇ ਪ੍ਰਭਾਵਿਤ ਹੁੰਦਾ ਹੈ। ਅੰਦਰਲੀ ਚੇਤੰਨਤਾ ਉਸ ਨੂੰ ਟਿਕਣ ਨਹੀਂ ਦਿੰਦੀ। ਸਾਹਿਤਿਆਰਥ ਦੇ ਕਰਤਾ (ਸੰਤ ਸਿੰਘ ਸੇਖੋਂ) ਜਿਹੜੇ ਦੀਦਾਰ ਸੰਧੂ ਦੀ ਕਾਵਿਕਤਾ ਉੱਤੇ ਹੈਰਾਨਗੀ ਪ੍ਰਗਟ ਕਰਦੇ ਹਨ ਅਤੇ

ਉਸ ਦੇ ਗੀਤਾਂ ਨੂੰ ਇਕ ਖ਼ਾਸ ਪ੍ਰਕਾਰ ਦੀ ਕਵਿਤਾ ਦਾ ਰੁਤਬਾ ਦਿੰਦੇ ਹਨ। ਉਨ੍ਹਾਂ ਦਾ ਕਥਨ ਹੈ ਕਿ "ਕਵੀ ਜਾਂ ਕਲਾਕਾਰ ਵਿਚ ਸ਼ਕਤੀ ਹੋਣੀ ਚਾਹੀਦੀ ਹੈ ਕਿ ਉਹ ਦੂਜੇ ਵਿਅਕਤੀ ਦੇ ਜੀਵਨ ਦਾ ਕਲਪਨਾ ਰਾਹੀਂ ਭਾਗੀ ਬਣ ਸਕੇ ਤੇ ਉਨ੍ਹਾਂ ਨਾਲ ਜੋ ਬੀਤ ਰਹੀ ਹੈ ਉਸ ਨੂੰ ਕਲਪਨਾ ਵਿਚ ਆਪਣੇ ਉਪਰ ਵਰਤ ਸਕੇ"।[6]

ਦੀਦਾਰ ਸੰਧੂ ਆਪਣੇ ਅੰਦਰਲੇ ਕਲਾਕਾਰ ਨਾਲ ਇਕ-ਮਿਕ ਹੋ ਕੇ ਸਮੁੱਚੇ ਸਮਾਜ ਵਿਚ ਵਾਪਰਦੇ ਵਰਤਾਰੇ ਨੂੰ ਵੇਖਦਾ ਹੈ ਤਾਂ ਉਸ ਦੇ ਬੋਲਾਂ ਵਿਚ ਸਮਾਜਿਕ ਬੁਰਾਈਆਂ ਪ੍ਰਤੀ ਗਹਿਰੇ ਕਟਾਖਸ਼ ਸਰਲ ਸ਼ਬਦਾਂ ਰਾਹੀਂ ਚੋਟਾਂ ਕਰਦੇ ਪ੍ਰਤੀਤ ਹੁੰਦੇ ਹਨ :

ਹਰ ਪਾਸੇ ਚੌਧੜ ਤਕੜੇ ਦੀ
ਮਾੜੇ ਨੂੰ ਧੱਕੇ ਪੈਂਦੇ ਨੇ
ਹੁਣ ਤਾਂ ਥਾਣੇਦਾਰ ਵੀ
ਦਫ਼ਤਰ ਦੇ ਵਿਚ, ਧੂਫ਼-
ਧੁਖਾ ਕੇ ਬਹਿੰਦੇ ਨੇ...

ਅੱਗੇ ਦੇਖੋ :

ਚੋਰਾਂ ਤੋਂ ਸਾਧੂ ਡਰਦੇ ਨੇ
ਲਾਹ ਸ਼ਰਮ ਹਿਆ ਦੇ ਪਰਦੇ ਨੇ
ਮੱਥੇ ਤੋਂ ਪੜ੍ਹਿਆ ਨਹੀਂ ਜਾਂਦਾ
ਕਈ ਸਾਧ ਚੋਰੀਆਂ ਕਰਦੇ ਨੇ
ਮੁੱਠੀ ਵਿਚ ਜਾਨ ਗ਼ਰੀਬਾਂ ਦੀ
ਮਾੜੇ ਨੂੰ ਤਕੜਾ ਖਾ ਲਊਗਾ
ਜਿਸ ਨੇ ਆਪ ਤਲੀ 'ਤੇ ਧਰਲੀ
ਉਸ ਤੋਂ ਕੌਣ ਬਚਾ ਲਊਗਾ !...

ਇਹ ਸਾਰਾ ਦੁਗਾਣਾ ਇਕ ਵਿਸ਼ੇਸ਼ ਕਾਵਿ-ਰੂਪ ਰਾਹੀਂ ਸਮਾਜ ਦੀਆਂ ਉਨ੍ਹਾਂ ਸਾਰੀਆਂ ਬਿਮਾਰੀਆਂ 'ਤੇ ਉਂਗਲ ਰੱਖਦਾ ਹੈ ਜੋ ਅਜੋਕੇ ਸਮਾਜ ਵਿਚ ਕਿਸੇ ਵਿਸ਼ੈਲੀ ਬੂਟੀ ਵਾਂਗ ਫੈਲੀਆਂ ਹੋਈਆਂ ਹਨ। ਦੀਦਾਰ ਸੰਧੂ ਦੇ ਅਜਿਹੇ ਦੁਗਾਣਿਆਂ ਨੂੰ ਸੁਣ/ਪੜ੍ਹਕੇ ਸਾਹਿਤਕ ਰਸ ਮਾਣਦੇ ਹੋਏ ਗਹਿਣ ਅਨੁਭੂਤੀਆਂ ਦੇ ਦਰਸ਼ਨ ਹੁੰਦੇ ਹਨ। ਦੁਗਾਣਾ ਗਾਇਕੀ/ਗੀਤਕਾਰੀ ਨੂੰ ਹੌਲੇ ਪੱਧਰ ਦੀ ਸਮਝਣ ਤੇ ਪ੍ਰਚਾਰਣ ਵਾਲੇ ਵਿਦਵਾਨ ਸੱਜਣਾ ਨੂੰ ਦੀਦਾਰ ਸੰਧੂ ਦੇ ਅਜਿਹੇ ਦੁਗਾਣਿਆਂ ਦਾ ਅਧਿਐਨ ਨਿਰਪੱਖ-ਨਜ਼ਰ ਨਾਲ ਅਤੇ ਪੂਰਵ-ਧਾਰਨਾਵਾਂ ਤੋਂ ਮੁਕਤ ਹੋ ਕੇ ਕਰਨਾ ਚਾਹੀਦਾ ਹੈ। ਅਸ਼ਲੀਲਤਾ ਦਾ ਦੋਸ਼ ਦੇ ਕੇ, ਅਸੀਂ ਬਹੁਤ ਸਾਰੀ ਬੇਸ਼ਕੀਮਤੀ ਸਾਹਿਤਕ ਅਤੇ ਲੋਕਧਾਰਾਈ ਸਮੱਗਰੀ ਨੂੰ ਅਣਗੌਲਿਆਂ ਕਰ ਕੇ ਵਿਰਵੇ ਹੋਏ ਬੈਠੇ ਹਾਂ।

ਦੀਦਾਰ ਸੰਧੂ ਦੇ ਕੁਝ ਸੁਭਾਵਿਕ ਦੋਸ਼ਾਂ ਜਿਵੇਂ ਵਧੇਰੇ ਰੁਮਾਂਸ ਅਤੇ ਜੱਟਵਾਦੀ ਦ੍ਰਿਸ਼ਟੀਕੋਣ ਆਦਿ ਨੂੰ ਸਮਕਾਲੀ ਸਮਾਜ ਦੇ ਮੁਤਵਾਜ਼ੀ (ਆਹਮਣੇ-ਸਾਹਮਣੇ) ਰੱਖ

ਕੇ ਪੜਚੋਲ ਕੀਤੀ ਜਾਵੇ ਤਾਂ ਸਾਨੂੰ ਉਸ ਦੇ ਦੁਗਾਣਿਆਂ ਅੰਦਰ ਅੰਤਾਂ ਦੀ ਗਹਿਰਾਈ, ਸੰਮਜਤਾ ਅਤੇ ਸਰਲਤਾ ਨਜ਼ਰ ਆਵੇਗੀ। "ਨਿੱਜੀ ਜੀਵਨ ਵਿਚ ਵੀ ਆਂਢ-ਗੁਆਂਢ ਦੇ ਛੋਟੇ-ਛੋਟੇ ਬੱਚਿਆਂ ਨਾਲ ਦੀਦਾਰ ਸੰਧੂ ਦਾ ਮੋਹ ਵੇਖੀਏ ਤਾਂ ਉਸ ਨੂੰ ਡੈਡੀ ਕਹਿ ਕੇ ਪੁਕਾਰਦੇ ਸਨ"।[7] ਅਣਗਿਣਤ ਸਰੋਤਿਆਂ ਦਾ ਚਹੇਤਾ, ਕੁਦਰਤੀ ਨਜ਼ਾਰਿਆਂ ਨੂੰ ਭਰਪੂਰਤਾ ਨਾਲ ਨਿਹਾਰਨ ਵਾਲਾ ਦੀਦਾਰ ਸੰਧੂ ਆਪਣੇ ਨਾਂ ਨਾਲ (ਕਾਵਿਕ ਲੋੜਾਂ ਦੀ ਪੂਰਤੀ ਲਈ) ਜੱਟ/ਸੰਧੂ ਕਈ ਵਾਰ ਉਪਨਾਮ ਵਾਂਗ ਪਰਤਦਾ ਹੈ ਪਰ ਉਸ ਦੀ ਰਚਨਾ ਜ਼ਾਤ-ਪਾਤ ਤੋਂ ਉਪਰ ਉਠਿਆ ਸਮਾਜ ਵੇਖਣਾ ਲੋਚਦੀ ਹੈ। ਉਹ ਅਜਿਹੇ ਜ਼ਾਤ-ਪਾਤ ਤੋਂ ਰਹਿਤ ਸਮਾਜ ਵਿਚ ਟਿਕਾਣਾ ਬਣਾਉਣ ਦੀ ਨਿੱਜੀ ਖਾਹਿਸ਼ ਦਾ ਪ੍ਰਗਟਾਵਾ ਇਉਂ ਕਰਦੀ ਹੈ :

ਚੱਲ ਚੱਲੀਏ, ਟਿਕਾਣਾ ਮੱਲੀਏ,
ਜਿਥੇ ਨਾ ਕੋਈ ਜਾਣੇ,
ਨਾ ਜ਼ਾਤ ਪਛਾਣੇ,
ਵੇ ਐਸੀ ਥਾਂ ਉੱਤੇ...

ਜਗੀਰਦਾਰੀ ਪ੍ਰਬੰਧ ਅੰਦਰ ਜਗੀਰਦਾਰ ਮੁਜਾਰਿਆਂ ਦਾ ਸੋਸ਼ਣ ਤਾਂ ਕਰਦੇ ਹੀ ਹਨ, ਜਿਸ ਤਰ੍ਹਾਂ ਉਹ ਜਾਇਦਾਦ/ਭੂਮੀ ਉੱਤੇ ਆਪਣਾ ਹੱਕ ਸਮਝਦੇ ਹਨ, ਮਾਨਸਿਕ ਪੱਧਰ 'ਤੇ ਉਹ ਮੁਜਾਰਿਆਂ ਦੀਆਂ ਔਰਤਾਂ ਉੱਤੇ ਆਪਣਾ ਹੱਕ ਸਮਝਦੇ ਹਨ, ਮਾਨਸਿਕ ਪੱਧਰ 'ਤੇ ਉਹ ਮੁਜਾਰਿਆਂ ਦੀਆਂ ਔਰਤਾਂ ਉੱਤੇ ਵੀ ਅਜਿਹਾ ਹੀ ਹੱਕ ਰੱਖਣ ਦੇ ਚਾਹਵਾਨ ਹੁੰਦੇ ਹਨ। ਦੀਦਾਰ ਸੰਧੂ ਦਾ ਵੱਡਾ ਭਰਾ ਕਾਮਰੇਡ ਦਰਸ਼ਨ ਸਿੰਘ ਮਾਰਕਸੀ ਵਿਚਾਰਾਂ ਦਾ ਧਾਰਣੀ ਸੀ, ਇਸ ਲਈ ਦੀਦਾਰ ਸੰਧੂ ਉੱਤੇ ਉਸ ਦਾ ਥੋੜ੍ਹਾ-ਬਹੁਤ ਪ੍ਰਭਾਵ ਪੈਣਾ ਕੁਦਰਤੀ ਹੋ ਜਾਂਦਾ ਹੈ। ਉਪਰ ਵਰਣਤ ਜਗੀਰੂ ਸੋਚ ਅਤੇ ਰੁਚੀਆਂ ਦਾ ਖੰਡਨ ਉਸ ਨੇ ਆਪਣੇ ਦੁਗਾਣੇ ਵਿਚ ਬਾਖ਼ੂਬੀ ਕੀਤਾ ਹੈ। ਜਗੀਰਦਾਰ ਵੱਲੋਂ ਮੁਜਾਰਾ-ਔਰਤ ਨੂੰ ਮੈਲੀ ਅੱਖ ਨਾਲ ਤੱਕਣ ਅਤੇ ਔਰਤ ਵੱਲੋਂ ਉਸ ਨੂੰ, ਉਹਦੇ ਹੱਕ ਦੀ ਸੀਮਾ ਤੋਂ ਜਾਣੂ ਕਰਵਾਉਂਦੇ ਦੁਗਾਣੇ ਦੇ ਪਹਿਲੇ ਦੋ ਪਹਿਰੇ ਵੇਖੋ :

ਜਗੀਰਦਾਰ : *ਪਤਲੀ ਪਤੰਗ, ਗੋਰਾ ਰੰਗ, ਕੂਲੇ ਅੰਗ,*
ਵੇਖ, ਤੇਰੇ ਉੱਤੇ ਰੱਖਲੀ ਮੈਂ ਅੱਖ
ਬਿੱਲੋ ਗੋਰੀਏ ਨੀਂ
ਤੇਰੇ ਉੱਤੇ ਰੱਖਲੀ ਮੈਂ ਅੱਖ...

ਮੁਜਾਰਾ-ਔਰਤ : *ਮੰਨਿਆਂ ਗਰੀਬ ਹੁੰਦੇ ਵੱਡਿਆਂ ਦੇ ਆਸਰੇ 'ਤੇ*
ਪਰ ਇਹ ਤਾਂ ਤੇਰਾ ਬਣਦਾ ਨੀਂ, ਹੱਕ
ਵੇ ਜਗੀਰਦਾਰਾ
ਇਹ ਤਾਂ ਤੇਰਾ ਬਣਦਾ ਹੱਕ...

ਇੱਥੇ ਸਾਨੂੰ ਸਮਝਣਾ ਪਵੇਗਾ ਕਿ ਦੀਦਾਰ ਸੰਧੂ ਸਮਕਾਲੀ ਸਮਾਜ ਦੇ ਉਸ ਵਰਗ ਨਾਲ ਸਬੰਧ ਰੱਖਦਾ ਹੈ, ਜੋ ਸਮਾਜ ਵਿਚ ਇਕ ਉੱਚ-ਵਰਗ ਮੰਨਿਆ ਜਾਂਦਾ ਹੈ। ਇਹ ਜੱਟ-ਵਰਗ ਉਸ ਸਮੇਂ ਦੇ ਦੌਰ ਵਿਚ ਖ਼ੁਸ਼ਹਾਲੀ ਵਿਚੋਂ ਦੀ ਗੁਜ਼ਰ ਰਿਹਾ ਵਰਗ ਹੈ। ਲੋਕਧਾਰਾਈ ਰੰਗਤ ਵਾਲੀ ਆਪਣੀ ਇਕ ਬੋਲੀ ਵਿਚ ਦੀਦਾਰ ਸੰਧੂ ਇਸ ਗੱਲ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਆਰੀ
ਹੱਸਦੀ ਤੂੰ ਇੰਜ ਲੱਗਦੀ
ਤੇਰੀ ਜੱਟਾਂ ਦੇ ਮੁੰਡੇ ਨਾਲ ਯਾਰੀ...

ਹੁਣ ਇਥੇ ਵੀ ਸਾਨੂੰ ਸਮਝਣ ਦੀ ਲੋੜ ਹੈ ਕਿ ਲੇਖਕ/ਗੀਤਕਾਰ ਕਿਸੇ ਵਰਗ-ਵਿਸ਼ੇਸ਼ ਦੀ ਗੱਲ ਜਾਣ-ਬੁੱਝ ਕੇ ਨਹੀਂ ਕਰ ਰਿਹਾ ਤੇ ਨਾ ਹੀ ਉਸ ਦਾ ਮਕਸਦ ਜੱਟਵਾਦ ਨੂੰ ਤੂਲ ਦੇਣ ਦਾ ਹੈ। ਦੀਦਾਰ ਸੰਧੂ ਦੀ ਲੇਖਣੀ ਤਾਂ ਹਮੇਸ਼ਾ ਨਿਰਪੱਖ ਰਹਿੰਦੀ ਹੈ। ਏਥੇ ਵੀ ਉਹ ਸਮਕਾਲੀ ਸਮਾਜ ਵਿਚ ਜੱਟ-ਵਰਗ ਦੀ ਆਰਥਿਤਾ ਨੂੰ ਆਧਾਰ ਬਣਾਉਂਦਾ ਹੈ। ਉਪਰੋਕਤ ਬੋਲੀ ਵਿਚ 'ਹੱਸਦੀ' ਸ਼ਬਦ ਏਸੇ ਗੱਲ ਦਾ ਪ੍ਰਤੀਕ ਹੈ। ਜੱਟ-ਵਰਗ ਆਰਥਿਕ ਪੱਖੋਂ ਖ਼ੁਸ਼ਹਾਲ ਹੈ ਇਸ ਲਈ ਉਹ ਵਿਆਹਾਂ ਵਿਚ ਗਾਇਕਾਂ ਦੇ ਅਖਾੜੇ ਲਵਾਉਂਦਾ ਹੈ। ਅਖਾੜਾ ਵੇਖਣ/ਸੁਣਨ ਵਾਲੇ ਵਧੇਰੇ ਲੋਕ ਇਸੇ ਖ਼ੁਸ਼ਹਾਲ ਵਰਗ ਨਾਲ ਸਬੰਧ ਰੱਖਦੇ ਹਨ। ਦੀਦਾਰ ਸੰਧੂ ਅਖਾੜਾ ਲਾ ਕੇ ਅਖਾੜੇ ਦੇ ਅੰਤ ਵਿਚ ਇਸ ਤਰ੍ਹਾਂ ਦੀਆਂ ਬੋਲੀਆਂ ਪਾ ਕੇ ਅਖਾੜੇ ਦੀ ਸਮਾਪਤੀ ਕਰਿਆ ਕਰਦਾ ਸੀ।

ਦੀਦਾਰ ਸੰਧੂ ਦੇ ਕਈ ਦੁਗਾਣਿਆਂ ਵਿਚ ਪ੍ਰਗਤੀਵਾਦੀ ਸੁਰ ਉੱਭਰਵੇਂ ਰੂਪ ਵਿਚ ਪ੍ਰਗਟ ਹੁੰਦੀ ਹੈ "ਪ੍ਰਗਤੀਵਾਦੀ ਕਵੀ/ਲੇਖਕ ਧਰਤੀ ਦੀ ਗੱਲ ਕਰਦਾ ਹੈ। ਧਰਤੀ 'ਤੇ ਵੱਸਦੇ ਮਨੁੱਖਾਂ, ਉਨ੍ਹਾਂ ਦੀਆਂ ਲੋੜਾਂ-ਥੋੜ੍ਹਾਂ, ਦੁੱਖਾਂ-ਸੁੱਖਾਂ ਆਦਿ ਦੀ ਗੱਲ ਕਰਦਾ ਹੈ। ਸਮਾਜ ਵਿਚ ਦੱਬੇ-ਕੁਚਲੇ ਆਮ ਮਨੁੱਖਾਂ ਦੀ ਗੱਲ ਕਰਦਾ ਹੈ। ਨਸਲ ਜ਼ਾਤ ਤੋਂ ਉਪਰ ਉਠਣ ਦੀ ਗੱਲ ਕਰਦਾ ਹੈ। ਸਮਾਜ ਵਿਚ ਉਹ ਸਮਾਜ ਦਾ ਪ੍ਰਤੀਬਿੰਬ ਸਿਰਜਦਾ, ਸਮਾਜ ਅਨੁਸਾਰ ਬਦਲਦਾ ਹੈ"[8]। ਦੀਦਾਰ ਸੰਧੂ ਪੰਜਾਬੀ ਸਭਿਆਚਾਰਕ ਚੌਗਿਰਦੇ ਦਾ ਸਫ਼ਲ ਚਿਤੇਰਾ ਹੈ। ਸਮੁੱਚੇ ਪਰਿਵਾਰਕ ਮਾਹੌਲ ਨੂੰ ਉਹ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਗ਼ਰੀਬ ਪਰਿਵਾਰ ਵਿਚ ਜਦੋਂ ਕੋਈ ਮਨੁੱਖ ਨਸ਼ਿਆਂ ਦਾ ਆਦੀ ਹੋ ਕੇ ਅਮਲੀ ਬਣ ਜਾਂਦਾ ਹੈ ਤਾਂ ਉਹ ਆਪ ਅਤੇ ਉਸ ਦਾ ਪਰਿਵਾਰ, ਜਿਸ ਤਰ੍ਹਾਂ ਦੀਆਂ ਲੋੜਾਂ-ਥੋੜ੍ਹਾਂ ਤੇ ਦੁੱਖਾਂ ਵਿਚੋਂ ਗੁਜ਼ਰਦਾ ਹੈ ; ਦੀਦਾਰ ਸੰਧੂ ਉਸ ਦਾ ਜ਼ਿਕਰ ਇਸ ਢੰਗ ਨਾਲ ਕਰਦਾ ਹੈ ਜਿਵੇਂ ਇਹ ਸਭ ਉਸ ਨੇ ਹੱਡੀ ਹੰਢਾਇਆ ਹੋਵੇ। ਪਤੀ-ਪਤਨੀ ਦੇ ਵਾਰਤਾਲਾਪ ਵਿਚੋਂ ਅਮਲੀ ਦੀ ਸਰੀਰਕ, ਮਾਨਸਿਕ, ਪਰਿਵਾਰਕ ਅਤੇ ਆਰਥਿਕ ਮੰਦਹਾਲੀ ਦੀ ਬਾਤ ਇਕ ਦੁਗਾਣੇ ਵਿਚ ਉਸ ਨੇ ਬੜੇ ਹੀ ਨਾਟਕੀ ਅੰਦਾਜ਼ ਵਿਚ ਪਾਈ ਹੈ। ਅਮਲੀ (ਪਤੀ)

ਖੇਤਾਂ ਵਿਚ ਭੁੱਖਣ-ਭਾਣੇ ਹੱਡ-ਤੋੜਵੀਂ ਮੁਸ਼ੱਕਤ ਕਰ ਕੇ ਆਉਂਦਾ ਹੈ ਤਾਂ ਘਰ ਵਿਚੋਂ ਉਸ ਨੂੰ ਦਾਲ-ਸਬਜ਼ੀ ਦੀ ਜਗ੍ਹਾ ਸਿਰਫ਼ ਪਾਣੀ ਵਿਚ ਲੂਣ-ਮਿਰਚ ਘੋਲ ਕੇ ਰੋਟੀ ਖਾਣੀ ਪੈਂਦੀ ਹੈ। ਨਸ਼ੇ ਦੀ ਤੋਟ (ਘਾਟ) ਅਮਲੀ ਨੂੰ ਹੋਰ ਵੀ ਵਿਆਕੁਲ ਕਰਦੀ ਹੈ, ਜਿਸ ਦਾ ਵਿਅੰਗਾਤਮਿਕ ਚਿੱਤਰਣ ਸਾਡੇ ਕਈ ਸਾਹਿਤਕਾਰ ਕਰਦੇ ਹਨ ਤੇ ਅਮਲੀ ਸਾਡੀ ਲੋਕਧਾਰਾ ਦਾ ਵਿਸ਼ੇਸ਼ ਪਾਤਰ ਵੀ ਹੈ। ਸਮੁੱਚਾ ਚਿੱਤਰਣ ਦੀਦਾਰ ਸੰਧੂ ਦੇ ਦੁਗਾਣੇ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ :

ਅਮਲੀ : ਆਇਆ ਮੈਂ ਖੇਤਾਂ 'ਚੋਂ ਚਿਰਦਾ
ਮੇਰਾ ਨਿਰਣਾਂ ਕਾਲਜਾ ਘਿਰਦਾ

ਪਤਨੀ : ਮੁੰਡਾ ਨਹੀਂ ਵਰਾਇਆ ਵਿਰਦਾ
ਵੇ ਮੇਰਾ ਦੁਖੇ ਵਿਚਾਲਾ ਸਿਰ ਦਾ

ਅਮਲੀ : ਅਮਲੀ ਹੁੰਦਾ ਭਾੜੇ ਦਾ ਟੱਟੂ
ਖਾਲੀ ਖੜਕੇ ਡੱਬੀ ਨੀ
ਹੁਣ ਤੂੰ ਦੱਸ ਮੇਰੇ ਢਿੱਡ ਵਿਚ
ਕਿਹੜਾ ਮੋਟਰ ਲੱਗੀ ਨੀਂ...

ਉਪਰੋਕਤ ਪੰਕਤੀਆਂ ਵਿਚ ਧਰਤੀ ਦੀ ਗੱਲ ਹੈ। ਧਰਤੀ 'ਤੇ ਵੱਸਦੇ ਆਮ ਮਨੁੱਖ, ਉਸ ਦੀਆਂ ਪਰਿਵਾਰਕ ਲੋੜਾਂ-ਥੋੜ੍ਹਾਂ ਅਤੇ ਸਮੱਸਿਆਵਾਂ ਦੀ ਗੱਲ ਹੈ। ਯਥਾਰਥ ਦਾ ਵੀਭਤਸ-ਚਿੱਤਰ ਤੇ ਘਰ ਦੀ ਗ਼ਰੀਬੀ ਦਾ ਪ੍ਰਤੀਕਾਤਮਿਕ ਸ਼ਬਦਾਵਲੀ ਵਿਚ ਚਿੱਤਰਣ ਗੀਤ ਦੇ ਅਗਲੇ ਸੰਵਾਦ ਵਿਚ ਵੇਖੀਏ :

ਪਤਨੀ : ਪੀ ਗਿਆ ਤੂੰ ਡੋਡਿਆਂ ਦਾ ਬੋਰਾ
ਆਪਣਾ ਕਿਵੇਂ ਤੁਰੂਗਾ ਤੋਰਾ !

ਅਮਲੀ : ਅਮਲੀ ਜਦ ਹੋ ਜੇ ਕਮਜ਼ੋਰਾ
ਉਸ ਵਿਚ ਰੜਕ ਰਹੇ ਨਾ ਭੋਰਾ

ਪਤਨੀ : ਆਹ ਦੋ ਰੁਖੀਆਂ-ਮਿੱਸੀਆਂ ਖਾ ਲੈ
ਤਾਮ ਪਕਾਈ ਬੈਠੀ ਆਂ
ਨਾਲੇ ਮੈਂ ਸਤਲੁਜ ਦਰਿਆ ਨੂੰ
ਤੜਕਾ ਲਾਈ ਬੈਠੀ ਆਂ....

ਇਸ ਦੁਗਾਣੇ ਵਿਚ ਅਮਲੀ ਦੇ ਘਰ ਦੀ ਪਰਿਵਾਰਕ ਹਾਲਤ ਦਾ ਸਜ਼ਿੰਦ-ਚਿੱਤਰ ਖ਼ੂਬਸੂਰਤ ਬਿੰਬਾਵਲੀ ਵਿਚ ਪੇਸ਼ ਕੀਤਾ ਗਿਆ ਹੈ।

ਦੀਦਾਰ ਸੰਧੂ ਇਕ ਅਨੁਭਵੀ ਅਤੇ ਸੰਵੇਦਨਸ਼ੀਲ ਗੀਤਕਾਰ/ਗਾਇਕ ਹੈ। ਉਹ ਸਮਾਜ ਵਿਚ ਵਾਪਰਦੇ ਵਰਤਾਰਿਆਂ ਨੂੰ ਚੇਤੰਨਤਾ ਪੂਰਵਕ ਵੇਖਦਾ, ਵਾਚਦਾ, ਮਹਿਸੂਸਦਾ ਤੇ ਫਿਰ ਉਲੀਕਦਾ ਹੈ। ਜੀਵਨ ਦੇ ਕੌੜੇ ਸੱਚਾਂ ਨੂੰ ਚਿਤਰਦਾ ਉਹ ਕਿਸੇ ਨੂੰ ਅਸ਼ਲੀਲ ਗੀਤਕਾਰ ਵੀ ਮਹਿਸੂਸ ਹੋ ਸਕਦਾ ਹੈ ਪਰ ਉਸ ਦੀ ਕਲਮ ਕਦੇ

ਵੀ ਅਸ਼ਲੀਲ ਸ਼ਬਦਾਂ ਦਾ ਇਸਤੇਮਾਲ ਨਹੀਂ ਕਰਦੀ, ਸਗੋਂ ਉਹ ਤਾਂ ਤਲਖ਼-ਹਕੀਕਤਾਂ ਦਾ ਨਾਟਕੀ ਅਤੇ ਸਾਹਿਤਕ ਅੰਦਾਜ਼ ਵਿਚ ਸੰਵਾਦ ਸਿਰਜਦੀ ਹੈ।

ਇਕ ਲੋਕ-ਬੋਲੀ ਵਿਚ ਪਤੀ-ਪਤਨੀ ਦੇ ਬੇਮੇਲ ਰਿਸ਼ਤੇ ਦੀ ਗੱਲ ਅਤੇ ਪਤਨੀ ਵੱਲੋਂ ਪਤੀ ਦੇ ਘਰੋਂ-ਬਾਹਰੇ ਸਬੰਧਾਂ ਦੀ ਸ਼ਕਾਇਤ ਵੀ ਹੈ। ਇਸ ਲੋਕ-ਬੋਲੀ ਵਿਚ ਪਤਨੀ ਆਪਣੀ ਸੱਸ ਨੂੰ ਇਸ ਤਰ੍ਹਾਂ ਉਲਾਂਭਾ ਦਿੰਦੀ ਹੈ :

ਘਰ ਦੀ ਸ਼ੱਕਰ ਬੂਰੇ ਵਰਗੀ
ਗੁੜ ਚੋਰੀ ਦਾ ਖਾਂਦਾ
ਸੱਸੇ ਸਮਝਾਲੈ ਪੁੱਤ ਨੂੰ
ਘਰ ਨਾ ਰਾਤ ਨੂੰ ਆਂਦਾ...

ਦੀਦਾਰ ਸੰਧੂ ਦੇ ਗੀਤਾਂ ਵਿਚ ਵੀ ਲੋਕ-ਧਾਰਾਈ ਅੰਸ਼ ਵੇਖਣ ਨੂੰ ਮਿਲਦੇ ਹਨ। ਪੇਂਡੂ ਪਿਛੋਕੜ ਹੋਣ ਕਰ ਕੇ ਬਚਪਨ ਤੋਂ ਹੀ ਉਸ ਨੂੰ ਲੋਕਧਾਰਾ ਦੇ ਕਈ ਰੂਪ ਅਚੇਤ ਹੀ ਸੁਣਨ, ਵੇਖਣ ਤੇ ਮਾਣਨ ਨੂੰ ਮਿਲੇ ਜੋ ਬਾਅਦ ਵਿਚ ਉਸ ਦੀ ਗੀਤਕਾਰੀ ਦਾ ਅਧਾਰ ਬਣੇ। ਉਪਰ ਵਰਣਤ ਲੋਕ-ਬੋਲੀ ਦੇ ਸੰਦਰਭ ਵਿਚ ਵੀ ਉਸ ਦਾ ਇਕ ਗੀਤ ਪ੍ਰਾਪਤ ਹੁੰਦਾ ਹੈ। ਪਤੀ-ਪਤਨੀ ਦੇ ਬੇਜੋੜ ਸਬੰਧਾਂ ਨੂੰ ਇਕ ਸਮੱਸਿਆ ਦੇ ਤੌਰ 'ਤੇ ਦੀਦਾਰ ਸੰਧੂ ਸਮਾਜਿਕ-ਮਨੋਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਅਜਿਹਾ ਸੰਵਾਦ ਸਿਰਜਦਾ ਹੈ ਕਿ ਨਾ ਤਾਂ ਔਰਤ ਕਸੂਰਵਾਰ ਬਣਦੀ ਹੈ ਤੇ ਨਾ ਹੀ ਮਰਦ ਬਲਕਿ ਉਹ ਦੋਵੇਂ ਸਮਾਜਿਕ ਪ੍ਰਾਣੀ ਹੁੰਦੇ ਹੋਏ, ਮਨੋ-ਗੁੰਝਲਾਂ ਦੇ ਸ਼ਿਕਾਰ ਬਣਦੇ ਹਨ। ਅਣ-ਸੁਖਾਵੇਂ ਪਤੀ-ਪਤਨੀ ਸਬੰਧਾਂ ਦਾ ਸ਼ਿਕਾਰ ਪਤੀ, ਪ੍ਰੇਮ-ਪੂਰਤੀ ਦੀ ਤਲਾਸ਼ ਵਿਚ ਰੰਡੀ (ਵੇਸਵਾ) ਦੇ ਘਰੇ ਜਾਂਦਾ ਹੈ। ਔਰਤ-ਮਨ ਉੱਤੇ ਉਸ ਦਾ ਪ੍ਰਭਾਵ ਪੈਂਦਾ ਹੈ ਤਾਂ ਪਤਨੀ ਮਾਨਸਿਕ ਪੀੜਾ ਵਿਚੋਂ ਗੁਜ਼ਰਦੀ ਹੈ। ਇਹੀ ਘਟਨਾ-ਕ੍ਰਮ ਦੁਗਾਣੇ ਦਾ ਸੰਵਾਦ ਬਣਦਾ ਹੈ। ਸਮਾਜਿਕ ਜੀਵਨ ਦੀ ਏਹੋ ਜਿਹੀ ਵੀਭਤਸ ਸਮੱਸਿਆ ਨੂੰ ਗੀਤਕਾਰੀ ਦੇ ਖੇਤਰ ਵਿਚ ਦੀਦਾਰ ਸੰਧੂ ਪਹਿਲੀ ਵਾਰ ਇਕ ਮਸਲੇ ਦੇ ਰੂਪ ਵਿਚ ਦੁਗਾਣੇ ਰਾਹੀਂ ਪੇਸ਼ ਕਰਦਾ ਹੈ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਗਾਏ ਦੁਗਾਣੇ ਵਿਚ ਇਸ ਸਮੱਸਿਆ ਨੂੰ ਮੁਹਾਵਰੇਦਾਰ ਸੰਵਾਦੀ ਟਕਰਾਉ ਰਾਹੀਂ ਇਉਂ ਪੇਸ਼ ਕੀਤਾ ਹੈ :

ਪਤਨੀ : *ਹਾਰੀ ਮੈਂ ਕਹਿ ਕਹਿ ਹਾਰੀ*
ਦੱਸੀਂ ਵੇ ਕਿਉਂ ਨਹੀਂ ਹਟਦਾ
ਥੋੜ੍ਹੀ ਜਿਹੀ ਅੱਖ ਬਚਾ ਕੇ
ਰੰਡੀ ਦੇ ਘਰ ਜਾ ਵੜਦਾ
ਦੋ ਤਿੰਨ ਘਰ 'ਚ ਨਿਆਣੇ ਮੱਖਣਾ
ਪਊਗਾ ਘੜੇ ਤੋਂ ਹੁਣ ਕੌਲ ਚੱਕਣਾ...

ਪਤਨੀ ਦਾ ਦੁੱਖ ਇਹ ਹੈ ਕਿ ਉਸ ਦੇ ਸੁਹੱਪਣ ਤੋਂ ਬੇਖ਼ਬਰ ਪਤੀ ਪਰਾਈ

ਸੇਜ਼ 'ਤੇ ਜਾਂਦਾ ਹੈ। ਉਹ ਸ਼ਰੇਆਮ ਭੇਦ ਖੋਲ੍ਹਣ ਦੀ ਧਮਕੀ ਦਿੰਦਾ ਹੈ ਤਾਂ ਪਤੀ ਮਰਦਾਵੀਂ ਧਮਕੀ ਮੋੜਵੇਂ ਰੂਪ ਦਿੰਦਾ ਹੋਇਆ ਆਖਦਾ ਹੈ :

ਪਤੀ : ਤੈਨੂੰ ਮੈਂ ਆਖਾਂ ਬਿਲੋ, ਮੇਰੇ ਨਾਲ ਲੜਿਆ ਨਾ ਕਰ
ਸੁਣ ਕੇ ਤੂੰ ਗੱਲ ਕਿਸੇ ਦੀ, ਬੱਦਲ ਜਿਉਂ ਚੜ੍ਹਿਆ ਨਾ ਕਰ
ਦੱਸ ਤੂੰ ਰਕਾਨੇ ਕਿਹੜੀ ਖੱਟੀ ਖੱਟਣੀ
ਮੈਨੂੰ ਤੇਰੀ ਪਊਗੀ ਚੁਰਾਸੀ ਕੱਟਣੀ...

ਉਪਰੋਕਤ ਲੋਕ-ਬੋਲੀ ਵਿਚ ਪਤੀ ਘਰ ਦੀ ਬੂਰੇ ਵਰਗੀ ਸ਼ੱਕਰ ਛੱਡ ਕੇ ਚੋਰੀ ਦਾ ਗੁੜ ਖਾਂਦਾ ਹੈ; ਇਸ ਦੁਗਾਣੇ ਵਿਚਲਾ ਪਤੀ (ਪਾਤਰ) ਚਾਂਦੀ ਨੂੰ ਛੱਡ ਕੇ ਮਿੱਟੀ ਚੁੱਕੀ ਫਿਰਦਾ ਹੈ। ਔਰਤ ਦੇ ਤਪਦੇ-ਦਿਲੀ-ਅਹਿਸਾਸ ਇਸ ਤਰ੍ਹਾਂ ਪ੍ਰਗਟ ਹੁੰਦੇ ਹਨ :

ਮੈਨੂੰ ਕਿਉਂ ਘੂਰੇਂ ਬੀਬਾ, ਬਣਕੇ ਤੂੰ ਔਗਣਹਾਰਾ
ਦਸਦੇ ਨੇ ਲੋਕੀਂ ਸਾਰੇ, ਜਿਹੜਾ ਤੂੰ ਕਰਦਾ ਕਾਰਾ
ਪੇਕੀਂ ਤੁਰ ਜਾਊਂ ਕੁਰਲਾਂਦੀ ਮੁੰਡਿਆ
ਮਿੱਟੀ ਚੁੱਕੀ ਫਿਰੇਂ ਛੱਡ ਚਾਂਦੀ ਮੁੰਡਿਆ...

ਅਜਿਹੇ ਗੀਤਾਂ ਵਿਚ ਦੀਦਾਰ ਸੰਧੂ ਯਥਾਰਥ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ। ਪੰਜਾਬੀ ਪਿੰਡਾਂ ਦੇ ਆਮ ਜਨ-ਜੀਵਨ ਵਿਚ ਲੋਕ-ਧਾਰਾਈ ਵਰਤਾਰੇ ਕਿਤਾਬੀ ਰੂਪ ਧਾਰਣ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਆਪਣੇ ਯਥਾਰਥਕ ਰੂਪ ਵਿਚ ਨਿਰੰਤਰ ਵਾਪਰਦੇ ਰਹਿੰਦੇ ਹਨ। ਇਨ੍ਹਾਂ ਦੀ ਨਿਰੰਤਰਤਾ ਹਮੇਸ਼ਾ ਹੀ ਜਾਰੀ ਰਹਿੰਦੀ ਹੈ। ਪੰਜਾਬੀ ਪਿੰਡਾਂ ਵਿਚ ਵਿਆਹਾਂ ਦੇ ਮੌਕੇ ਲੋਕਧਾਰਾ ਦੇ ਲੋਕ-ਕਾਵਿ ਰੂਪ ਜਿਵੇਂ ਸਿਠਣੀ, ਹੇਅਰਾ, ਬੋਲੀਆਂ, ਸੁਹਾਗ ਆਦਿ ਭਰੇ—ਪਰਿਵਾਰਕ ਮਾਹੌਲ ਵਿਚ ਨਿਸ਼ੰਗ ਹੋ ਕੇ ਗਾਏ ਜਾਂਦੇ ਹਨ। ਇਸ ਪ੍ਰਕਾਰ ਦੇ ਲੋਕ-ਕਾਵਿ ਰੂਪਾਂ ਨੂੰ ਸਾਡੇ ਲੋਕ-ਧਾਰਾਈ ਮਹਾਂਰਥੀਆਂ ਨੇ ਲੋਕਧਾਰਾ ਦੇ ਨਿਯਮਾਂ ਅਧੀਨ ਸੰਗ੍ਰਹਿ ਕਰ ਕੇ, ਵਿਰਸੇ ਦਾ ਅਨਮੋਲ ਖ਼ਜ਼ਾਨਾ ਸੰਭਾਲਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ।

ਉਪਰ ਵਰਣਿਤ ਲੋਕ-ਕਾਵਿ ਰੂਪਾਂ ਦੀਆਂ ਵਧੇਰੇ ਵੰਨਗੀਆਂ ਨੂੰ ਪੰਜਾਬੀ ਪੇਂਡੂ ਪਰਿਵਾਰਾਂ ਵਿਚ ਵਿਚਰ ਕੇ ਦੀਦਾਰ ਸੰਧੂ ਵਰਗੇ ਕਲਾਕਾਰਾਂ ਨੇ ਹੱਡੀਂ-ਹੰਡਾਏ ਤੇ ਅੱਖੀਂ ਵੇਖੇ ਵਰਤਾਰਿਆਂ ਨੂੰ ਕੰਨੀਂ ਸੁਣ/ਮਾਣ ਕੇ ਹੀ, ਆਪਣੀ ਬਾਲ ਅਤੇ ਕਿਸ਼ੋਰ ਉਮਰ ਹੰਢਾਈ। ਬਚਪਨ ਤੋਂ ਉਨ੍ਹਾਂ ਦੇ ਦਿਮਾਗ਼ ਅੰਦਰ ਇਹ ਸਭਿਆਚਾਰਕ ਵਤੀਰਾ ਜ਼ੀਰਦਾ ਰਿਹਾ, ਜਿਸ ਦੀ ਪਿੱਠ-ਭੂਮੀ ਵਿਚੋਂ ਉਨ੍ਹਾਂ ਦੀ ਨਿਵੇਕਲੀ ਕਲਾ (ਦੁਗਾਣਾ ਗੀਤ, ਰਚਨਾਕਾਰੀ) ਵਿਗਸੀ ਅਤੇ ਪੰਜਾਬੀ ਜਨ-ਜੀਵਨ ਵਿਚ ਪ੍ਰਵਾਨ ਚੜ੍ਹੀ। ਅਜਿਹੇ ਫ਼ਨਕਾਰਾਂ ਨੂੰ ਲੋੜੀਂਦੀ ਸਾਮੱਗਰੀ ਦਾ ਭਰਪੂਰ ਖ਼ਜ਼ਾਨਾ ਲੋਕ-ਧਾਰਾਈ ਅੰਸ਼ਾਂ ਵਿਚੋਂ ਸੁਚੇਤ ਅਤੇ ਅਚੇਤ, ਦੋਹਾਂ ਪੱਧਰਾਂ 'ਤੇ ਪ੍ਰਾਪਤ ਹੋਇਆ।

ਦੀਦਾਰ ਸੰਧੂ ਦੇ ਗੀਤਾਂ ਵਿਚ ਲੋਕ-ਧਾਰਾਈ ਅੰਸ਼ਾਂ ਨੂੰ ਵੇਖੀਏ ਤਾਂ ਸਾਨੂੰ ਉਸ ਦੇ ਗੀਤਾਂ ਵਿਚੋਂ ਲੋਕਧਾਰਾ ਦੇ ਕੁਝ ਸਥਾਪਿਤ ਕਾਵਿ-ਰੂਪਾਂ ਦੇ ਪਦ-ਚਿੰਨ੍ਹ ਪ੍ਰਾਪਤ

ਹੁੰਦੇ ਹਨ। ਪੰਜਾਬੀ ਸਭਿਆਚਾਰ ਦੀ ਮੂਲ ਪਛਾਣ, ਲੋਕ-ਗੀਤਾਂ ਦੀਆਂ ਬਹੁਤ ਸਾਰੀਆਂ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਕਈ ਵੰਨਗੀਆਂ ਵਿਚੋਂ ਆਧਾਰ ਸਾਮੱਗਰੀ ਲੈ ਕੇ ਦੀਦਾਰ ਸੰਧੂ ਨੇ ਦੁਗਾਣਾ ਅਤੇ ਸ਼ੋਲੋ ਗੀਤਾਂ ਦੀ ਰਚਨਾਕਾਰੀ ਕੀਤੀ। ਉਸ ਦੇ ਕੁਝ ਸਮਕਾਲੀ ਗਾਇਕਾਂ ਨੇ ਅਜਿਹੇ ਗੀਤ ਵੀ ਗਾਏ ਜਿਨ੍ਹਾਂ ਵਿਚ ਲੋਕ-ਧਾਰਾਈ ਰੂਪਾਂ ਨੂੰ ਨਿਮਨ-ਪੱਧਰ 'ਤੇ ਵਰਤ ਕੇ ਉਸਾਰੂ ਗੀਤਕਾਰੀ/ਗਾਇਕੀ ਦਾ ਕਾਫ਼ੀ ਨੁਕਸਾਨ ਕੀਤਾ। ਇਸੇ ਆਧਾਰ ਤੇ ਹੀ ਸਾਡੇ ਕੁਝ ਵਿਦਵਾਨਾਂ ਨੇ ਦੁਗਾਣਾ ਗਾਇਕੀ/ਗੀਤਕਾਰੀ ਨੂੰ ਸਾਹਿਤ ਅਤੇ ਸਭਿਆਚਾਰ ਦੇ ਆਧਾਰ-ਖੇਤਰ ਵਿਚੋਂ ਹੀ ਮਨਫ਼ੀ ਕਰ ਦਿੱਤਾ।

ਦਰਅਸਲ ਦੁਗਾਣਾ ਗਾਇਕੀ ਦੇ ਆਗਾਜ਼ ਦੌਰਾਨ ਦੁਗਾਣੇ ਲੋਕ-ਧਾਰਾਈ ਅੰਸ਼ਾਂ/ਰੂਪਾਂ ਨੂੰ ਪੇਸ਼ਕਾਰੀ ਪੱਖੋਂ ਉੱਚ-ਪੱਧਰ 'ਤੇ ਅਤੇ ਨਵੀਨ ਰੂਪਾਂ ਵਿਚ ਪੇਸ਼ ਕਰਦੇ ਰਹੇ ਹਨ। ਲਾਲ ਚੰਦ ਯਮਲਾ ਜੱਟ ਅਤੇ ਮਹਿੰਦਰਜੀਤ ਸੇਖੋਂ ਦਾ 'ਰਾਜੇ ਦੀ ਬੇਟੀ ਚੱਲੀ', ਕੇਸਰ ਸਿੰਘ ਨਰੂਲਾ ਅਤੇ ਮੋਹਨੀ ਦੱਤਾ ਦੇ 'ਟੱਪੇ' ਆਦਿ ਦੁਗਾਣਿਆਂ ਤੋਂ ਲੈ ਕੇ ਹਰਚਰਨ ਗਰੇਵਾਲ, ਰਾਜਿੰਦਰ ਰਾਜਨ, ਨਰਿੰਦਰ ਬੀਬਾ, ਫ਼ਕੀਰ ਸਿੰਘ, ਰਣਬੀਰ ਸਿੰਘ ਰਾਣਾ, ਕਰਨੈਲ ਗਿੱਲ, ਸਾਬਰ ਹੁਸੈਨ ਸਾਬਰ, ਕਰਮਜੀਤ ਸਿੰਘ ਧੂਰੀ, ਜਗਜੀਤ ਜ਼ੀਰਵੀ, ਸੁਰਿੰਦਰ ਸੋਨੀ, ਚਾਂਦੀ ਰਾਮ ਚਾਂਦੀ, ਸ਼ਾਂਤੀ ਦੇਵੀ, ਸਵਰਨ ਲਤਾ, ਪ੍ਰੀਤਬਾਲਾ, ਕੇ. ਦੀਪ, ਜਗਮੋਹਨ ਕੌਰ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਗੁਰਮੀਤ ਬਾਵਾ, ਕ੍ਰਿਪਾਲ ਸਿੰਘ ਬਾਵਾ, ਰੰਗੀਲਾ ਜੱਟ, ਸੁਰਿੰਦਰ ਛਿੰਦਾ, ਗੁਲਸ਼ਨ ਕੋਮਲ, ਸੁਦੇਸ਼ ਕਪੂਰ, ਮੁਹੰਮਦ ਸਦੀਕ, ਰਣਜੀਤ ਕੌਰ, ਸਨੇਹ ਲਤਾ, ਅਮਰ ਨੂਰੀ, ਦੀਦਾਰ ਸੰਧੂ, ਅਮਰ ਸਿੰਘ ਚਮਕੀਲਾ, ਅਮਰਜੋਤ ਤੱਕ ਦੇ ਸਾਰੇ ਕਲਾਕਾਰ/ਗਾਇਕਾਂ ਨੇ ਲੋਕ-ਧਾਰਾਈ ਅੰਸ਼ਾਂ ਨੂੰ ਉੱਚ-ਪੱਧਰ 'ਤੇ ਪੇਸ਼ ਕਰ ਕੇ ਜਨ-ਸਮੂਹ ਦਾ ਭਰਪੂਰ ਮਨੋਰੰਜਨ ਕੀਤਾ।

ਦੀਦਾਰ ਸੰਧੂ ਵੀ ਲੋਕ-ਧਾਰਾਈ ਅੰਸ਼ਾਂ ਨੂੰ ਵਧੇਰੇ ਸਾਰਥਿਕ, ਸਭਿਆਚਾਰਕ ਅਤੇ ਸਾਹਿਤਕ ਰੂਪ ਵਿਚ ਪ੍ਰਯੋਗ ਕਰ ਕੇ, ਦੁਗਾਣਾ ਗੀਤਕਾਰੀ ਕਰਨ ਵਾਲਾ ਸਮਰੱਥ ਅਤੇ ਨਿਵੇਕਲਾ ਕਲਾਕਾਰ ਹੋ ਨਿਬੜਦਾ ਹੈ। ਇਕ ਲੋਕ-ਗੀਤ ਦੀਆਂ ਸਤਰਾਂ ਹਨ :

ਤੂੰਬਾ ਮੇਰੀ ਜਾਨ ਕੁਰੇ
ਹਾਏ ਤੂੰਬਾ !
ਏਹ ਤੂੰਬਾ ਬੜਾ ਸ਼ੈਤਾਨ ਕੁੜੇ...

ਦੀਦਾਰ ਸੰਧੂ ਦਾ ਦੁਗਾਣਾ ਇਸ ਲੋਕ-ਗੀਤ ਦੀ ਪਹਿਲੀ ਸਤਰ ਨੂੰ ਇੰਨ-ਬਿੰਨ ਵਰਤ ਕੇ ਲੋਕ-ਤਰਜ਼ ਦੀ ਪੁਨਰ-ਸਿਰਜਣਾ ਰਾਹੀਂ ਨਵੇਂ ਭਾਵਾਂ ਦਾ ਪ੍ਰਗਟਾ ਕੁਝ ਇਸ ਤਰ੍ਹਾਂ ਕਰਦਾ ਹੈ :

ਤੂੰਬਾ ਮੇਰੀ ਜਾਨ ਕੁੜੇ
ਹਾਏ ਤੂੰਬਾ !
ਸੁਣ ਤੂੰਬੇ ਦੀ ਤਾਨ ਕੁੜੇ...

ਲੋਕ-ਗੀਤ ਦੀ ਲੋਕ-ਤਰਜ਼ ਨੂੰ ਸੰਗੀਤਬੱਧ ਕਰ ਕੇ ਗਾਉਣ ਦਾ ਇਹ ਇਕ ਨਿਵੇਕਲਾ ਤਜਰਬਾ ਹੈ। ਲੋਕ-ਗੀਤ ਦੀ ਹੂ-ਬ-ਹੂ ਧੁਨ ਵਿਚ ਇਹ ਦੁਗਾਣਾ ਇਉਂ ਅੱਗੇ ਵਧਦਾ ਹੈ :

ਇਹ ਤੂੰਬਾ ਮੇਰੇ ਦਰ ਵਿਚ ਬੋਲੇ
ਤੂੰ ਸੁਣਦੀ ਰਹੀ ਖੜ੍ਹਕੇ ਉਹਲੇ
ਨਜ਼ਰ ਉਸ ਨਾਲ ਕਾਹਦੀ ਲੜ ਗਈ
ਤੂੰ ਤੂੰਬੇ ਵਾਲੇ 'ਤੇ ਮਰ ਗਈ
ਇਸ ਤੂੰਬੇ ਨੇ ਕਮਲੀ ਕੀਤੀ
ਚੰਗੀ ਭਲੀ ਰਕਾਨ ਕੁੜੇ...ਹਾਏ ਤੂੰਬਾ !...

ਸੋ, ਇਹ ਪੂਰਾ ਦੁਗਾਣਾ ਲੋਕ-ਧਾਰਾਈ ਰੂਪ ਵਿਚ ਆਪਣੀ ਤਰ੍ਹਾਂ ਦੀ ਇਕ ਵੱਖਰੀ ਕਲਾਤਮਿਕ ਸਿਰਜਣਾ ਹੈ। ਦੀਦਾਰ ਸੰਧੂ ਦੇ ਗੀਤ ਲੋਕ-ਧਾਰਾਈ ਅੰਸ਼ਾਂ ਨਾਲ ਭਰੇ ਪਏ ਹਨ। ਗੀਤਾਂ ਵਿਚ ਜਗ੍ਹਾ-ਜਗ੍ਹਾ ਸਾਨੂੰ ਉਸ ਦੇ ਲੋਕ-ਧਾਰਾਈ ਗਿਆਨ ਬਾਰੇ ਝਲਕਾਰੇ ਮਿਲਦੇ ਹਨ।

ਇਹ ਵੀ ਇਕ ਵੱਖਰੀ ਖੋਜ ਦਾ ਵਿਸ਼ਾ ਹੈ ਕਿ ਦੁਗਾਣਾ ਗਾਇਕੀ ਮੂਲ-ਰੂਪ ਵਿਚ ਲੋਕ-ਧਾਰਾਈ ਅੰਸ਼ਾਂ ਵਿਚੋਂ ਉਪਜੀ ਤੇ ਵਿਗਸੀ ਹੈ। ਅਜੋਕੀ ਗਾਇਕੀ/ਗੀਤਕਾਰੀ ਇਕ ਅਜਿਹੇ ਦੌਰ ਵਿਚੋਂ ਗੁਜ਼ਰ ਰਹੀ ਹੈ, ਜਿੱਥੇ ਹਰ ਚੀਜ਼ ਨੂੰ ਵਪਾਰਕ ਦ੍ਰਿਸ਼ਟੀਕੋਣ ਤੋਂ ਹੀ ਵੇਖਿਆ ਜਾਂਦਾ ਹੈ। ਕਲਾ ਦਾ ਗਲਾ ਘੁੱਟਣ ਵਾਲਾ, ਪੰਜਾਬੀ ਸਭਿਆਚਾਰ ਦਾ ਇਹ ਦੌਰ, ਕਾਲਾ ਦੌਰ ਅਖਵਾਏਗਾ। ਸਾਨੂੰ ਲੋੜ ਪਵੇਗੀ (ਪੈ ਹੀ ਗਈ ਹੈ) ਕਿ ਹੁਣ ਅਸੀਂ ਦੁਗਾਣਾ ਗਾਇਕੀ ਦੇ ਆਗਾਜ਼ ਦੇ ਦੌਰ ਤੋਂ ਲੈ ਕੇ ਪ੍ਰਫੁੱਲਤ ਹੋਣ ਅਤੇ ਫਿਰ ਪਤਨ-ਮੁੱਖ ਹੋਣ ਦੇ ਕਾਰਨਾਂ ਅਤੇ ਕਾਰਜਾਂ ਦਾ ਗਹਿਨ ਅਧਿਐਨ ਕਰੀਏ। ਅਜੋਕੀ ਗਾਇਕੀ ਸਾਡੀ ਲੋਕਧਾਰਾ ਨੂੰ ਪਤਨ-ਮੁੱਖ ਹੋ ਕੇ ਤੱਕਦੀ ਹੈ ਪਰ ਪ੍ਰਾਰੰਭਿਕ ਗਾਇਕੀ/ਗੀਤਕਾਰੀ ਨੇ ਲੋਧਕਾਰਾ ਨੂੰ ਸਾਰਥਿਕ ਰੂਪ ਵਿਚ ਪੇਸ਼ ਕਰ ਕੇ ਇਸ ਅਣਮੁੱਲੇ ਖ਼ਜ਼ਾਨੇ ਨੂੰ ਸੰਭਾਲਣ ਦਾ ਸ਼ਲਾਘਾਯੋਗ ਕਾਰਜ ਵੀ ਕੀਤਾ ਹੈ।

ਦੀਦਾਰ ਸੰਧੂ ਲੋਕ-ਧਾਰਾਈ ਅੰਸ਼ਾਂ ਨੂੰ ਸਭ ਤੋਂ ਵਧੇਰੇ ਸਾਰਥਿਕ, ਨਿਵੇਕਲੇ ਅਤੇ ਸਾਹਿਤਕ ਰੂਪ ਵਿਚ ਢਾਲ ਕੇ ਰਚਨਾ ਕਰਨ ਵਾਲਾ ਸਮਰੱਥ ਗੀਤਕਾਰ ਹੈ। ਜੋ ਕੰਮ ਇਕ ਲੋਕਧਾਰਾ-ਸਾਸ਼ਤਰੀ ਸੁਚੇਤ ਤੌਰ 'ਤੇ ਕਰਦਾ ਹੈ, ਦੀਦਾਰ ਵਰਗੇ ਗੀਤਕਾਰਾਂ ਨੇ ਉਹ ਕੰਮ ਅਚੇਤ ਹੀ ਕਰ ਦਿੱਤਾ। ਉਸ ਦੇ ਗੀਤਾਂ ਵਿਚ ਲੋਕ-ਧਾਰਾਈ ਅੰਸ਼ ਸਾਂਭੇ ਪਏ ਹਨ, ਆਉ ਉਨ੍ਹਾਂ ਵਿਚੋਂ ਕੁਝ ਕੁ ਹੋਰ ਦੇ ਉਦਾਹਰਣਾਂ ਸਮੇਤ ਦਰਸ਼ਨ ਕਰੀਏ :

ਲੋਕ-ਗੀਤ : *ਤੇਰਾ ਕੁੜਤਾ ਹਰੀ ਦਰਿਆਈ ਦਾ ਵੇ*
ਤੈਨੂੰ ਇਸ਼ਕ ਲੱਗਾ ਭਰਜਾਈ ਦਾ ਵੇ...

ਇਸ ਲੋਕ-ਗੀਤ ਦੇ ਸੰਦਰਭ ਵਿਚ ਦੁਗਾਣਾ ਪੇਸ਼ ਹੈ :

ਪਤਨੀ	:	*ਹਰਾ ਹਰਾ ਸਾਗ ਚਿਲਾਈ ਦਾ ਵੇ* *ਲਾਵਾਂ ਲਈਆਂ ਤੇ ਲੈਣ ਕਿਉਂ* *ਨਹੀਂ, ਆਈਦਾ ਵੇ...*
ਪਤੀ	:	*ਹਰਾ ਹਰਾ ਸਾਗ ਚਿਲਾਈ ਦਾ ਨੀ* *ਸਾਨੂੰ ਇਸ਼ਕ ਲੱਗਾ ਭਰਜਾਈ ਦਾ ਨੀ...*

'ਲੋਕ-ਗੀਤ ਦਾ ਪ੍ਰਵਾਹਮਾਨ ਹੋਣਾ ਇਹ ਦਰਸਾਉਂਦਾ ਹੈ ਕਿ ਮਨੁੱਖੀ ਅਨੁਭਵ ਦੀ ਯਾਦ ਹਮੇਸ਼ਾ ਉਸ ਦੇ ਨਾਲ ਗਤੀਸ਼ੀਲ ਰਹਿੰਦੀ ਹੈ', ਇਹ ਸੱਚ ਲੋਕਧਾਰਾ-ਸਾਸ਼ਤਰ ਵਿਚ ਪ੍ਰਵਾਨਿਤ ਹੈ। ਇਸ ਲਈ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਦੀਦਾਰ ਸੰਧੂ ਵਰਗੇ ਗੀਤਕਾਰਾਂ ਨੇ ਲੋਕ-ਧਾਰਾਈ ਅੰਸ਼ਾਂ ਨੂੰ ਗਤੀਮਾਨ ਪ੍ਰਵਾਹ ਵਿਚੋਂ ਕੱਢ ਕੇ, ਆਪਣੀ ਯਾਦਸ਼ਕਤੀ ਦੇ ਆਧਾਰ 'ਤੇ ਨਵੀਨ ਰੂਪਾਂ ਵਿਚ ਪੇਸ਼ ਕੀਤਾ।

ਲੋਕਧਾਰਾ ਵਿਚੋਂ ਸਾਨੂੰ ਕਈ ਅਜਿਹੇ ਲੋਕ-ਗੀਤ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਵਿਚ ਪ੍ਰਦੇਸ਼ ਗਏ ਢੋਲ (ਮਾਹੀ) ਦੀ ਬਿਰਹਣ ਪਤਨੀ ਆਪਣੇ ਪਤੀ ਦੇ ਵਿਯੋਗ ਵਿਚ ਤੜਪਦੀ ਹੈ। ਉਹ ਵਿਆਕੁਲ ਹੋ ਕੇ ਕਾਵਾਂ ਅਤੇ ਰਾਹੀਆਂ-ਪਾਂਧੀਆਂ ਹੱਥ ਸੁਨੇਹੇ ਭੇਜਦੀ, ਆਪਣੀ ਵੇਦਨਾ ਅਤੇ ਇਕੱਲਤਾ ਦੇ ਸੰਤਾਪ ਦਾ ਪ੍ਰਗਟਾਵਾ ਕਰਦੀ ਹੋਈ ਆਖਦੀ ਹੈ :

ਉਡੀਂ ਉਡੀਂ ਵੇ ਤਿਲੀਅਰ ਕਾਗਾ
ਜਾ ਆਖੀਂ ਮੇਰੇ ਮਾਹੀ ਨੂੰ
ਗੋਰੀ ਮਨੋਂ ਕਿਉਂ ਵਿਸਾਰੀ ?...

ਇਕ ਹੋਰ ਲੋਕ-ਗੀਤ ਵਿਚ ਉਹ ਆਖਦੀ ਹੈ :

ਰਾਹੇ ਜਾਂਦਿਆ ਵੇ, ਪੀਲੂ ਖਾਂਦਿਆ ਵੇ, ਆਖੀਂ ਢੋਲ ਨੂੰ ਜਾ,
ਦਾਖਾਂ ਪੱਕੀਆਂ ਵੇ, ਆਸਾਂ ਰੱਖੀਆਂ ਵੇ, ਢੋਲਾ ਮੁੜ ਘਰ ਆ

ਬਿਲਕੁਲ ਇਸੇ ਪ੍ਰਕਾਰ ਦੇ ਲੋਕ-ਧਾਰਾਈ ਅੰਸ਼ਾਂ ਨੂੰ ਆਪਣੇ ਅੰਦਰ ਸਮੋਈ ਬੈਠੇ ਦੀਦਾਰ ਸੰਧੂ ਦੇ ਦੁਗਾਣੇ ਵਿਚ ਫ਼ੌਜ 'ਚ ਗਏ ਮਾਹੀ ਦੀ ਪਤਨੀ ਰਾਹੇ ਜਾਂਦੇ ਰਾਹੀ ਨੂੰ ਸੁਨੇਹਾ ਦਿੰਦੀ ਹੋਈ ਆਖਦੀ ਹੈ :

ਰਾਹੀਆ ਜਾਂਦਿਆ ਜੇ ਜਾਣਾ, ਮੇਰੇ ਢੋਲ ਦੀ ਤੂੰ ਛਾਉਣੀ
ਵੇ ਇਕ ਦੇਈਂ ਸੁਨੇਹੜਾ, ਨਹੀਂ ਜੀ ਲਗਦਾ ਮੇਰਾ, ਵੇ ਇਕ-
ਅੱਧੀ ਛੁੱਟੀ ਲੈ ਕੇ ਮਿਲ ਜਾ...

ਆਮ ਪ੍ਰਚੱਲਿਤ ਹੈ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮਹਿਮਾਂ'। ਪੰਜਾਬੀ ਨੌਜਵਾਨ ਤਕੜੇ ਜੁੱਸੇ ਅਤੇ ਨਰੋਏ ਸਰੀਰਾਂ ਵਾਲੇ ਹੁੰਦੇ ਹੋਏ, ਬਹਾਦਰ ਅਤੇ ਨਿਡਰ ਦਿਲ ਵਾਲੇ ਹੁੰਦੇ ਹਨ। ਦੇਸ਼/ਕੌਮ ਲਈ ਇਨ੍ਹਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਦਾ ਇਤਿਹਾਸ ਗਵਾਹ ਹੈ। ਉਹ ਫ਼ੌਜ ਵਿਚ ਭਰਤੀ ਹੋ ਕੇ ਦੇਸ਼ ਦੀ ਰਖਵਾਲੀ ਕਰਦੇ, ਘਰ-ਪਰਿਵਾਰ ਤੋਂ ਦੂਰ-ਦੁਰਾਡੇ ਸਰਹੱਦਾਂ ਉੱਤੇ ਇਕੱਲਤਾ ਹੰਢਾਉਂਦੇ ਹਨ। ਲੰਬੇ ਸਮੇਂ ਤੱਕ ਛੁੱਟੀ

ਨਾ ਮਿਲਣ ਕਰ ਕੇ ਕਿਸੇ ਨਵ-ਵਿਆਹੇ ਫ਼ੌਜੀ ਦੀ ਨਵੀਂ-ਨਵੇਲੀ ਪਤਨੀ ਸੌਣ ਮਹੀਨੇ **ਦੀਆਂ** ਛਾਈਆਂ ਕਾਲੀਆਂ ਘਟਾਵਾਂ ਅਤੇ ਮਦ-ਮਸਤ ਹੋਏ ਮੌਸਮ ਵਿਚ ਬਿਰਹਾ ਦਾ ਦਰਦ ਨਾ ਸਹਾਰਦੀ ਹੋਈ ਆਪਣੇ ਫ਼ੌਜੀ ਪਤੀ ਨੂੰ, ਦਿਲ ਦੀ ਸਿਰੇ ਵਾਲੀ ਗੱਲ ਇਉਂ ਆਖਦੀ ਹੈ :

ਜਦੋਂ ਖ਼ਬਰ ਮਰੀ ਦੀ ਮਿਲਗੀ, ਫਿਰ ਤਾਂ ਆਈਂ ਵੇ
ਮੇਰੀ ਲਾਸ਼ ਕਲੇਜੇ ਚੱਕ, ਦੀਦਾਰ ਲਗਾਈਂ ਵੇ
ਬਿਨ ਤੇਰੇ, ਤੇਰੀ ਤੜ੍ਹਪੀ ਜਾਂਦੀ ਹੂਰ ਫ਼ੌਜੀਆ ਵੇ

ਦੀਦਾਰ ਸੰਧੂ ਦੇ ਇਸ ਦੁਗਾਣੇ ਵਿਚ ਸਮਾਜਿਕ ਸਮੱਸਿਆ ਵੀ ਹੈ, ਯਥਾਰਥ ਵੀ, ਵਿਯੋਗੀ ਦਿਲਾਂ ਦੀ ਤੜ੍ਹਪ ਵੀ ਤੇ ਮਿਲਣ ਦੀ ਤਾਂਘ ਵੀ, ਵਿਯੋਗੀ ਔਰਤ ਦਾ ਮਾਨਸਿਕ ਦਰਦ ਵੀ ਹੈ ਅਤੇ ਰੰਗਰੂਟਾਂ ਦੀਆਂ ਮਜਬੂਰੀਆਂ ਵੀ। ਪ੍ਰਾਕਿਰਤਕ ਵਰਤਾਰਿਆਂ ਰਾਹੀਂ ਬਿਰਹਾ ਤੇਜ ਹੋਣ ਦੀ ਕਲਾਤਮਿਕ ਅੰਤਰ-ਦ੍ਰਿਸ਼ਟੀ ਵੀ; ਤੇ ਰੁੱਤਾਂ ਦਾ ਵਿਯੋਗੀ ਮਨਾਂ ਉੱਤੇ ਪੈਂਦਾ ਪ੍ਰਭਾਵ ਵੀ। ਮਿੱਠੇ ਨਿਹੋਰੇ ਤੇ ਰੋਸੇ ਵੀ। ਯਥਾਰਥ ਪ੍ਰਤੀ ਸਵੀਕ੍ਰਿਤੀ ਦੀ ਭਾਵਨਾ ਵਾਲੀ ਗਹਿਰੀ ਸੂਝ ਵੀ। ਇਹ ਗੀਤ, ਗੀਤਕਾਰ ਦੀ ਪ੍ਰੌੜ੍ਹਤਾ ਦਾ ਸਬੂਤ ਵੀ ਬਣਦਾ ਹੈ।

ਹਵਾਲੇ ਤੇ ਟਿੱਪਣੀਆਂ

1. ਗੁਲਜ਼ਾਰ ਸਿੰਘ ਸ਼ੌਂਕੀ, (ਸੰਪਾ.) ਸਦਾ ਬਹਾਰ ਗਾਇਕ ਮੁਹੰਮਦ ਸਦੀਕ, ਪੰਨਾ-106.
2. ਕੁਲਵੰਤ ਸਿੰਘ ਲਹਿਰੀ, (ਸੰਪਾ.) ਦੀਦਾਰਨਾਮਾ, ਪੰਨਾ-12.
3. ਗੁਲਜ਼ਾਰ ਸਿੰਘ ਸ਼ੌਕੀ (ਸੰਪਾ.) ਸਦਾ ਬਹਾਰ ਗਾਇਕ ਮੁਹੰਮਦ ਸਦੀਕ, ਪੰਨਾ-46.
4. ਗੁਰਸੇਵਕ ਸਿੰਘ ਧੌਲਾ, ਬਰਸੀ 'ਤੇ ਵਿਸ਼ੇਸ਼, ਪੰਜਾਬੀ ਟ੍ਰਿਬਿਊਨ, 15 ਫ਼ਰਵਰੀ, 2009.
5. ਦੇਵਿੰਦਰ ਸਤਿਆਰਥੀ, ਮਹਿੰਦਰ ਸਿੰਘ ਰੰਧਾਵਾ, ਪੰਜਾਬੀ ਲੋਕ-ਗੀਤ, ਪੰਨਾ-39.
6. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ-61.
7. ਮੇਜਰ ਦਿਆਲ ਸਿੰਘ ਭੁੱਲਰ, ਦੀਦਾਰ ਦੇ ਸ਼ੌਂਕ, (ਦੀਦਾਰਨਾਮਾ, ਕੁਲਵੰਤ ਸਿੰਘ ਲਹਿਰੀ ਸੰਪਾ.) ਪੰਨਾ-59.
8. ਪ੍ਰੇਮ ਪ੍ਰਕਾਸ਼ ਸਿੰਘ, ਸਮਾਲੋਚਨਾ ਸਿਧਾਂਤ ਤੇ ਸਰੂਪ, (ਡਾ. ਪਰਮਿੰਦਰ ਸਿੰਘ, ਸੰਪਾ.) ਪੰਨਾ-93-94.

—◆—

ਦੀਦਾਰ ਸੰਧੂ ਦੇ ਗੀਤਾਂ ਵਿਚਲੀ ਕਾਵਿ-ਸੰਵੇਦਨਾ

ਕਵੀ ਦੀ ਸਮਾਜਿਕ ਚੇਤਨਾ, ਉਸ ਵਲੋਂ ਹੰਢਾਏ ਸਮਾਜਿਕ ਯਥਾਰਥ ਅਤੇ ਉਸ ਵਿਚਲੀਆਂ ਸੰਵੇਦੀ ਬਿਰਤੀਆਂ ਦੇ ਪਰਸਪਰ ਵਿਰੋਧੀ ਸਬੰਧਾਂ ਵਿਚੋਂ ਹੋਏ ਅਨੁਭਵਾਂ ਦਾ ਹੀ ਪ੍ਰਤੀਰੂਪ ਹੁੰਦਾ ਹੈ। ਕਵੀ ਦੀ ਸਮਾਜਿਕ ਹੋਂਦ ਹੀ ਉਸ ਦੇ ਸਮਾਜਿਕ ਚਿੰਤਨ ਨੂੰ ਨਿਰਧਾਰਿਤ ਕਰਦੀ ਹੈ। ਕਵੀ ਮਨ, ਪਰੋਖ ਵਿਚ ਕਲਪਨਾ ਸ਼ਕਤੀ ਰਾਹੀਂ ਯਥਾਰਥ ਦਾ ਬੋਧ ਹਾਸਿਲ ਕਰਦਾ ਹੈ, ਇਹੀ ਉਸ ਦੀ ਸੰਵੇਦਨਾ-ਸ਼ਕਤੀ ਹੁੰਦੀ ਹੈ। ਸੰਵੇਦਨਾ ਉਹ ਸ਼ਕਤੀ ਹੈ ਜਿਸ ਰਾਹੀਂ ਕਵੀ ਦੂਸਰਿਆਂ ਦੇ ਦੁੱਖਾਂ-ਸੁੱਖਾਂ ਨੂੰ ਆਪਣੇ ਉਪਰ ਵਾਪਰਦੇ ਮਹਿਸੂਸ ਕਰਦਾ ਹੋਇਆ, ਉਨ੍ਹਾਂ ਦੀ ਅਭਿਵਿਅਕਤੀ ਸੁਹਜ-ਮਈ ਢੰਗ ਨਾਲ ਕਰਦਾ ਹੈ।

ਕਾਵਿ ਦੀ ਪਰਿਭਾਸ਼ਾ ਨਿਸਚਿਤ ਕਰਦਿਆਂ ਹੋਇਆਂ ਵਰਡਜ਼ਵਰਥ ਨੇ ਕਿਹਾ ਹੈ ਕਿ "ਸ੍ਰੇਸ਼ਠ ਕਵਿਤਾ ਬਲਵਾਨ ਮਨੁੱਖੀ ਜਜ਼ਬਿਆਂ ਦਾ ਆਪ-ਮੁਹਾਰਾ ਉਛਾਲ ਜਾਂ ਪ੍ਰਗਟਾਵਾ ਹੈ ਤੇ ਜਿਸ ਦਾ ਜਨਮ ਸ਼ਾਂਤੀ ਦੇ ਪਲਾਂ ਵਿਚ ਇਕੱਠੇ ਕੀਤੇ ਹੋਏ ਅਵੇਗਾਂ ਨਾਲ ਹੁੰਦਾ ਹੈ।"[1] ਉਸ ਦੇ ਮਤ ਅਨੁਸਾਰ ਕਵਿਤਾ ਵਿਚ ਜ਼ਿੰਦਗੀ ਦੀ ਸਚਾਈ ਉਘੜਨੀ ਚਾਹੀਦੀ ਹੈ ਅਤੇ ਇਹ ਸਚਾਈ ਖ਼ਾਸ ਵਿਚ ਨਹੀਂ, ਆਮ ਵਿਚ ਹੈ। ਸ੍ਰੇਸ਼ਠ ਕਵਿਤਾ ਵਿਚ ਇਸੇ ਸੰਸਾਰ ਦਾ ਚਿਤਰਣ ਹੋਣਾ ਚਾਹੀਦਾ ਹੈ। ਕਵੀ ਬਾਰੇ ਵਰਡਜ਼ਵਰਥ ਦੇ ਵਿਚਾਰ ਹਨ "ਉਹ ਮਾਨਵ ਹੈ, ਜੋ ਮਨੁੱਖਾਂ ਨੂੰ ਸੰਬੋਧਨ ਕਰ ਕੇ ਲਿਖਦਾ ਹੈ। ਹਾਂ, ਉਹ ਅਜਿਹਾ ਮਨੁੱਖ ਹੈ ਜਿਸ ਕੋਲ ਵਧੇਰੇ ਪ੍ਰੌੜ੍ਹ ਸੰਵੇਦਨਾ ਸ਼ਕਤੀ ਹੈ, ਮਾਨਵੀ ਸੁਭਾ ਬਾਰੇ ਉਸ ਨੂੰ ਵਧੇਰੇ ਜਾਣਕਾਰੀ ਹੈ ਅਤੇ ਆਮ ਜੀਵਨ ਨਾਲੋਂ ਉਸ ਦੀ ਆਤਮਾ ਵਧੇਰੇ ਵਿਆਪਕ ਹੈ, ਉਹ ਇਕ ਅਜਿਹਾ ਮਾਨਵ ਹੈ, ਜੋ ਆਪਣੇ ਸੰਕਲਪ-ਵਿਕਲਪ ਨਾਲ ਖ਼ੁਸ਼ ਰਹਿੰਦਾ ਹੈ ਅਤੇ ਸੁਭਾਵਿਕ ਤੌਰ 'ਤੇ ਉਨ੍ਹਾਂ ਦੀ ਸਿਰਜਣਾ ਕਰਨ ਲਈ ਪ੍ਰੇਰਿਆ ਜਾਂਦਾ ਹੈ।"[2]

ਕਵੀ ਦੀ ਖ਼ਾਸੀਅਤ ਬਾਰੇ ਉਹ ਅੱਗੇ ਦੱਸਦਾ ਹੈ ਕਿ ਉਹ ਆਪਣੀਆਂ ਅਨੁਭੂਤੀਆਂ ਨੂੰ ਕਲਾ ਤੇ ਕਲਪਣਾ ਦੀ ਛੁਹ ਦੇ ਕੇ ਅਜਿਹੀ ਭਾਸ਼ਾ ਵਿਚ ਪੇਸ਼ ਕਰਦਾ

ਹੈ ਜੋ ਆਮ ਲੋਕਾਂ ਦੀ ਭਾਸ਼ਾ ਹੁੰਦੀ ਹੈ। ਕੁਦਰਤੀ ਤੌਰ 'ਤੇ ਪਾਠਕ ਨੂੰ ਕਵਿਤਾ ਵਿਚ ਲੁਕੇ ਹੋਏ ਭਾਵ ਜਾਣੇ-ਪਛਾਣੇ ਲੱਗਦੇ ਹਨ।

ਅਰਸਤੂ ਨੇ ਕਾਵਿ ਵਿਚ ਸੁੰਦਰ ਤੱਤ ਨੂੰ ਅਹਿਮ ਮੰਨਿਆਂ ਹੈ, ਪਰ ਮੂਲ ਪ੍ਰਯੋਜਨ ਅਨੰਦ-ਪ੍ਰਾਪਤੀ ਨੂੰ ਹੀ ਮੰਨਿਆਂ। ਸਿਡਨੀ ਨੇ ਕਾਵਿ ਦਾ ਮਕਸਦ ਸਦਾਚਾਰ ਕਾਇਮ ਕਰਨ ਵਿਚ ਸਮਝਿਆ। ਕਾਵਿ-ਪ੍ਰਯੋਜਨ ਬਾਰੇ ਵਰਡਜ਼ਵਰਥ ਦੀ ਧਾਰਣਾ ਇਨ੍ਹਾਂ ਸਭ ਨਾਲੋਂ ਵੱਖਰੀ ਹੈ। ਉਸ ਦੇ ਮਤ ਅਨੁਸਾਰ "ਫੌਰੀ ਸਵਾਦ ਦੇਣ ਨੂੰ ਕਵਿਤਾ ਦਾ ਨੁਕਸ ਨਾ ਸਮਝਿਆ ਜਾਏ ਕਿਉਂਕਿ ਗੱਲ ਤਾਂ ਇਸ ਤੋਂ ਬਿਲਕੁਲ ਉਲਟੀ ਹੈ। ਇਹ ਸ੍ਰਿਸ਼ਟੀ ਦੇ ਸੌਂਦਰਯ ਦੀ ਅਜਿਹੀ ਸਵੀਕ੍ਰਿਤੀ ਹੈ, ਜਿਹੜੀ ਉਪਚਾਰਕ ਨਹੀਂ ਸਗੋਂ ਪਰੋਖ ਹੈ। ਇਹ ਸੁਆਦ ਦੇਣ ਦਾ ਕੰਮ ਤਾਂ ਉਸ ਦੇ ਲਈ ਸਰਲ ਤੇ ਸਹਿਜ ਹੈ ਜੋ ਸੰਸਾਰ ਨੂੰ ਪ੍ਰੇਮ-ਭਾਵ ਨਾਲ ਦੇਖਦਾ ਹੈ।"[3]

ਡ੍ਰਾਇਡਨ ਕਾਵਿ ਦੇ ਦੋ ਪ੍ਰਯੋਜਨ ਮੰਨਦਾ ਹੈ—ਨੈਤਿਕ ਸਿੱਖਿਆ ਤੇ ਸੁਹਜ-ਸੁਆਦ ਦੇਣਾ। ਕਾਵਿ ਦੀ ਪਰਿਭਾਸ਼ਾ ਦਿੰਦਿਆਂ ਹੋਇਆਂ ਕਾਲਰਿਜ ਨੇ ਉਸ ਨੂੰ ਮਨੁੱਖੀ ਗਿਆਨ, ਵਿਚਾਰਾਂ, ਭਾਵਾਂ, ਆਵੇਗਾਂ ਤੇ ਭਾਸ਼ਾ ਦਾ ਖਿੜਦਾ ਹੋਇਆ ਫੁੱਲ ਤੇ ਉਸ ਦੀ ਸੁਗੰਧ ਕਿਹਾ ਹੈ। ਕ੍ਰੋਚੇ ਅਨੁਸਾਰ 'ਕਾਵਿ ਦੀਆਂ ਜਿੰਨੀਆਂ ਵੀ ਕਿਸਮਾਂ ਹੁੰਦੀਆਂ ਹਨ, ਸਾਰੀਆਂ ਹੀ ਮੂਲ ਰੂਪ ਵਿਚ ਪ੍ਰਗੀਤਾਤਮਿਕ ਹੁੰਦੀਆਂ ਹਨ।' ਕਵਿਤਾ ਨੂੰ ਉਹ ਬਿੰਬਾਂ ਅਤੇ ਸੰਵੇਦਨਾ ਦਾ ਜੋੜ ਫਲ ਆਖਦਾ ਹੈ। ਕਾਵਿ, ਕਵਿਤਾ, ਕਵੀ ਤੇ ਸੰਵੇਦਨਾ ਬਾਰੇ ਇਹ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਹਨ। ਅਸਲ ਵਿਚ ਕਾਵਿ ਅੰਦਰ ਸੰਵੇਦਨਾ, ਬਿੰਬਾਂ ਰਾਹੀਂ ਰਾਗਾਤਮਿਕ ਹੋ ਕੇ ਅਰਥ ਗ੍ਰਹਿਣ ਕਰਨ ਦੀ ਸ਼ਕਤੀ ਹੁੰਦੀ ਹੈ।

ਦੀਦਾਰ ਸੰਧੂ, ਇਕ ਕਿਸਾਨੀ ਪਰਿਵਾਰ ਵਿਚ ਜਨਮਿਆਂ ਜਵਾਨ ਹੋਇਆ ਅਤੇ ਪ੍ਰਵਾਨ ਚੜ੍ਹਿਆ। ਕਿਸਾਨੀ ਜੀਵਨ ਨੂੰ ਉਸ ਨੇ ਹੱਡੀਂ ਹੰਢਾਇਆ, ਇਸ ਲਈ ਉਸ ਦੇ ਗੀਤਾਂ ਵਿਚ ਪਿੰਡ ਵੱਸਦਾ ਹੈ। ਪੰਜਾਬੀ ਜੀਵਨ, ਕਿਸਾਨੀ ਪੇਂਡੂਆਂ ਦੀ ਬਹੁ-ਗਿਣਤੀ ਵਾਲਾ ਹੈ ਤੇ ਲੋਕਾਂ ਦਾ ਮੁੱਖ ਕਿੱਤਾ ਅੱਜ ਵੀ ਖੇਤੀਬਾੜੀ ਹੈ। ਦੀਦਾਰ ਸੰਧੂ ਖ਼ੁਦ ਇਕ ਵਾਹੀਵਾਨ ਜੱਟ ਹੈ। ਉਹ ਆਪਣੇ ਗੀਤਾਂ ਵਿਚ ਕਿਸਾਨੀ ਜੀਵਨ ਦਾ ਯਥਾਰਥ ਪੇਸ਼ ਕਰਦਾ ਹੈ। ਕਿਸਾਨੀ ਜੀਵਨ ਦੇ ਬਹੁ-ਪੱਖੀ ਅਨੁਭਵਾਂ ਨੂੰ ਉਹ ਕਿਸਾਨ ਦੇ ਹੀ ਦ੍ਰਿਸ਼ਟੀਕੋਣ ਤੋਂ ਅਤੇ ਕਿਸਾਨੀ ਜੀਵਨ ਵਿਚੋਂ ਬਿੰਬਾਵਲੀ ਲੈ ਕੇ ਉਸ ਦਾ ਸਫ਼ਲ ਪ੍ਰਯੋਗ ਕਰਦਾ ਹੈ। ਉਸ ਦੇ ਦੁਗਾਣਿਆਂ ਵਿਚ ਕਿਸਾਨੀ ਪਰਿਵਾਰਾਂ ਦੇ ਜੀਵਨ ਦੀਆਂ ਤ੍ਰਾਸਦਿਕ, ਪ੍ਰਸਥਿਤੀਆਂ ਦੀ ਗੱਲ ਵੀ ਹੈ ਅਤੇ ਉਨ੍ਹਾਂ ਦੇ ਰੁਮਾਂਟਿਕ, ਸਭਿਆਚਾਰਕ ਰਿਸ਼ਤਿਆਂ ਦੀ ਯਥਾਰਥਕ ਪੱਧਰ ਦੀ ਕਾਵਿ-ਸੰਵੇਦਨਾ ਵੀ। ਰਿਸ਼ਤਿਆਂ ਦੀ ਨਿਰੋਲ ਸਭਿਆਚਾਰਕ ਪੇਸ਼ਕਾਰੀ ਰਾਹੀਂ ਉਸ ਨੇ ਵਾਸਤਵਿਕ ਵਰਤਾਰਿਆਂ ਤੇ ਹਕੀਕੀ ਅਨੁਭਵਾਂ ਨੂੰ ਪ੍ਰਤੀਕਾਂ ਅਤੇ ਬਿੰਬਾਂ ਦੀ ਅਜਿਹੀ ਪੁੱਠ ਚਾੜ੍ਹੀ ਹੈ ਕਿ ਸਮੁੱਚੇ ਵਰਤਾਰੇ ਅਤੇ ਚਿਹਨ ਪਾਠਕ/ਸਰੋਤੇ ਦੇ ਮਾਨਸਿਕ ਚਿੱਤਰ-ਪੱਟ ਉੱਤੇ ਹੂ-ਬ-ਹੂ ਸਾਕਾਰ ਹੋ ਜਾਂਦੇ ਹਨ।

ਤੀਵੀਂ-ਮਰਦ ਦਾ ਝਗੜਾ ਪੰਜਾਬੀ ਜੀਵਨ ਵਿਚ ਇਕ ਆਮ ਗੱਲ ਹੈ; ਛਾਤੀ

ਠੋਕ ਕੇ ਇਹ ਕਦੇ ਵੀ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਵਿਚ ਕੋਈ ਅਜਿਹਾ ਘਰ ਹੈ ਜਿਸ ਵਿਚ ਤੀਵੀਂ-ਮਰਦ ਦਾ ਕਦੀ ਝਗੜਾ ਨਾ ਹੋਇਆ ਹੋਵੇ। ਹਲਕੇ ਪੱਧਰ ਦੀ ਕਲਮ ਘਸਾਈ ਤਾਂ ਇਸ ਬਾਰੇ ਬਹੁਤ ਹੋਈ ਜਾ ਰਹੀ ਹੈ ਪਰੰਤੂ ਉਕਤ ਦੱਸੀ ਪਰਿਵਾਰਕ, ਤੀਵੀਂ-ਮਰਦ ਦੇ ਝਗੜੇ ਸਬੰਧੀ ਤੁਲਨਾਤਮਿਕ ਤਰੀਕੇ ਨਾਲ ਮੂੰਹ ਬੋਲਦੀ ਤਸਵੀਰ ਪੇਸ਼ ਕਰਨਾ ਸ਼ਾਇਦ ਦੀਦਾਰ ਸੰਧੂ ਦੇ ਹਿੱਸੇ ਹੀ ਆਇਆ ਹੈ। ਗੀਤ ਵਿਚ ਉਹ ਪਰਿਵਾਰ ਦੀ ਇਸ ਸਮੱਸਿਆ ਬਾਰੇ ਤਾਂ ਲਿਖਦਾ ਹੀ ਹੈ ਪਰ ਨਾਲ ਹੀ ਆਪਣੇ ਜਾਣੇ-ਪਛਾਣੇ ਤੁਲਨਾਤਮਿਕ ਢੰਗ ਨਾਲ ਸਮਕਾਲੀ ਅਤੇ ਲਗਭਗ ਹਰ ਸਮੇਂ ਬੰਦ ਰਹਿਣ ਵਾਲੇ ਕੋਟਕਪੂਰੇ ਦੇ ਫਾਟਕ ਦੇ ਪ੍ਰਤੀਕ ਰਾਹੀਂ ਸਮੁੱਚੇ ਘਰ ਦੀ ਤਸਵੀਰ ਤੇ ਕਹਾਣੀ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਮਾਮੂਲੀ ਗੱਲ ਤੋਂ ਸੁਭਾਵਿਕ ਤੌਰ 'ਤੇ ਪਤੀ ਨੇ ਪਤਨੀ ਦੇਹੂਰਾ ਕੱਢ ਮਾਰਿਆ ਤਾਂ ਉਹ ਰੁੱਸ ਕੇ ਪੇਕੇ ਜਾ ਬੈਠੀ, ਪਛਤਾਵੇ ਨਾਲ ਪਤੀ ਕੀ ਕਹਿੰਦਾ ਹੈ, ਆਉ ਦੀਦਾਰ ਦੀ ਜ਼ੁਬਾਨੀ ਸੁਣੀਏਂ-ਪੜ੍ਹੀਏ :

ਪਤੀ :

ਲੜ ਗਈ ਨੀ ਤੂੰ ਲੜ ਗਈ ਨੀ
ਤੂੰ ਕਾਹਤੋਂ ਗੱਡੀ ਚੜ੍ਹ ਗਈ ਨੀ
ਬੂਹੇ ਨੂੰ ਜਿੰਦਰਾ ਜੜ੍ਹ ਗਈ ਨੀ
ਹੈਂ ! ਕਿੰਨਾਂ ਗੁੱਸਾ ਕਰ ਬੈਠੀ, ਵੱਖੀ
ਵਿਚ ਵੱਜੇ ਹੂਰੇ ਦਾ
ਹੁਣ ਬੰਦ ਪਿਆ ਦਰਵਾਜ਼ਾ
ਜਿਉਂ ਫਾਟਕ ਕੋਟਕਪੂਰੇ ਦਾ...

ਕੋਟਕਪੂਰੇ ਦੇ ਫਾਟਕ ਉੱਤੇ ਹੁਣ ਭਾਵੇਂ ਪੁੱਲ ਬਣਾ ਕੇ ਸਰਕਾਰ ਨੇ ਇਸ ਦੀ ਸਮੱਸਿਆ ਨੂੰ ਹੱਲ ਕਰ ਦਿੱਤਾ ਹੈ ਪਰ ਜਾਨਣ ਵਾਲੇ ਦੱਸਦੇ ਹਨ ਕਿ ਕਿਸੇ ਸਮੇਂ ਇਹ ਫਾਟਕ ਵਧੇਰਾ ਸਮਾਂ ਬੰਦ ਰਿਹਾ ਕਰਦਾ ਸੀ। ਮੌਜੂਦਾ ਸਮੇਂ ਦੇ ਸੱਜਰੇ ਪ੍ਰਤੀਕਾਂ ਰਾਹੀਂ ਬਿੰਬਾਵਲੀ ਪੇਸ਼ ਕਰਨਾ ਸਿਖ਼ਰ ਦੇ ਕਲਾਕਾਰ ਦਾ ਹੀ ਕੰਮ ਹੁੰਦਾ ਹੈ। ਕਲਪਣਾ ਕਰ ਕੇ ਔਰਤੋਂ ਸੱਖਣੇ ਘਰ ਦੀ ਤਸਵੀਰ ਵੇਖੀਏ ਤਾਂ ਦੀਦਾਰ ਸੰਧੂ ਦੇ ਲਿਖੇ ਤੇ ਗਾਏ ਇਸ ਗੀਤ ਦੇ ਉਕਤ ਪਹਿਰੇ ਪੜ੍ਹ/ਸੁਣ ਕੇ ਹੈਰਾਨੀ ਹੁੰਦੀ ਹੈ। ਇਕ ਪਾਸੇ ਬੰਦ ਪਏ ਕੋਟਕਪੂਰੇ ਦੇ ਫਾਟਕ ਦਾ ਪ੍ਰਤੀਕ ਪਿਆ ਹੈ, ਜਿਥੇ ਵਾਹਨਾਂ/ਸਾਧਨਾਂ ਦੀ ਭੀੜ ਹੋਵੇਗੀ ਦੂਜੇ ਪਾਸੇ ਬੰਦ ਪਿਆ ਘਰ ਦਾ ਦਰਵਾਜ਼ਾ ਬਿੰਬਤ ਹੁੰਦਾ ਹੈ, ਜਿਥੇ ਇਕੱਲਤਾ ਤੇ ਸੁੰਨਸਾਨ ਦਾ ਪਹਿਰਾ ਹੋਵੇਗਾ। ਅਜਿਹੀ ਤ੍ਰਾਸਦਿਕ ਹਾਲਤ ਪੰਜਾਬ ਦੇ ਕਿਸਾਨੀ ਪਰਿਵਾਰਾਂ ਵਿਚ ਵਾਪਰੀ ਹੋਣ ਦਾ ਮੈਂ (ਲੇਖਕ) ਖ਼ੁਦ ਗਵਾਹ ਹਾਂ। ਪਤੀ ਜਦ ਹੋਏ ਝਗੜੇ ਤੋਂ ਪਿੱਛੋਂ ਪਛਤਾਵਾ ਕਰਦਾ ਹੈ ਤਾਂ ਪਤਨੀ ਦੇ ਪਾਤਰ ਰਾਹੀਂ ਉਸ ਦੇ ਘਰੋਂ ਪੇਕੇ ਚਲੀ ਜਾਣ ਦਾ ਕਾਰਣ ਦੱਸਦੇ ਹੋਏ ਸੰਵਾਦੀ ਉੱਤਰ ਇਉਂ ਪੇਸ਼ ਹੁੰਦਾ ਹੈ :

ਪਤਨੀ :

ਲੜਦਾ ਸੀ ਤੂੰ ਲੜਦਾ ਸੀ
ਘਰ ਅੱਧੀ ਰਾਤੀਂ ਵੜਦਾ ਸੀ

ਆਉਂਦਾ ਹੀ ਗੁੱਤੋਂ ਫੜਦਾ ਸੀ
ਨਿੱਤ ਨਵਾਂ ਕੋਈ ਸ਼ੋਰ ਸ਼ਰਾਬਾ
ਸਾਡੇ ਘਰ ਵਿਚ ਰਹਿੰਦਾ ਸੀ
ਜਾਏ-ਵੱਢੀਦਾ ਦਾਰੂ ਪੀ ਕੇ
ਧਰਮਰਾਜ ਬਣ ਬਹਿੰਦਾ ਸੀ...

ਪੰਜਾਬੀ ਸੋਚ ਅਨੁਸਾਰ ਔਰਤ ਬਗ਼ੈਰ ਘਰ ਸੁੰਨਸਾਨ ਲਗਦੈ ਅਤੇ ਇਸ ਸੁੰਨੇ ਪਨ ਦੀ ਪੂਰਤੀ ਜਨਾਨੀ ਤੋਂ ਬਗ਼ੈਰ ਹੋ ਹੀ ਨਹੀਂ ਸਕਦੀ। ਆਦਮੀ ਘਰ ਨੂੰ ਚਲਾ ਸਕਦੈ ਪਰ ਸੰਭਾਲ ਨਹੀਂ ਸਕਦਾ। ਤੀਵੀਂ ਕਿਸੇ ਗੱਲੋਂ ਰੁੱਸ ਕੇ ਪੇਕੀਂ ਚਲੀ ਜਾਏ ਤਾਂ ਘਰ ਦੀ ਹਾਲਤ ਦੇ ਨਾਲ-ਨਾਲ ਮਰਦ ਦੀ ਹਾਲਤ ਵੀ ਤਰਸਯੋਗ ਬਣ ਜਾਂਦੀ ਹੈ। ਵਿਗੜੇ ਹੋਏ ਪਤੀ ਨੂੰ ਸਿੱਧਾ ਕਰਨ ਲਈ ਪਤਨੀ ਦਾ ਪੇਕੇ ਜਾ ਬੈਠਣਾ ਹੋਰ ਵੀ ਦੁੱਖਦਾਈ ਬਣ ਜਾਂਦਾ ਹੈ ਕਿਉਂਕਿ ਕਿਸਾਨੀ ਜੀਵਨ ਵਿਚ ਚੁੱਲ੍ਹੇ-ਚੌਂਕੇ ਦਾ ਸਾਰਾ ਕੰਮ ਔਰਤਾਂ ਹੀ ਕਰਦੀਆਂ ਹਨ। ਵਧੇਰੇ ਮਰਦਾਂ ਨੂੰ ਰੋਟੀ ਪਕਾਉਣੀ ਵੀ ਨਹੀਂ ਆਉਂਦੀ ਤੇ ਅਜਿਹੀਆਂ ਪ੍ਰਸਥਿਤੀਆਂ ਵਿਚ ਉਹ ਵਿਚਾਰੇ ਰੋਟੀ ਪਕਾਉਂਦੇ ਹੱਥ ਵੀ ਸੜ੍ਹਵਾ ਬੈਠਦੇ ਹਨ। ਇਕ ਪਾਸੇ ਰੋਟੀ-ਟੁੱਕ ਬਣਾਉਣ ਦਾ ਯੱਭ ਅਤੇ ਦੂਜੇ ਪਾਸੇ ਔਰਤ ਦੀ ਅਣਹੋਂਦ ਕਾਰਣ ਉਸ ਅੰਦਰ ਜਿਨਸੀ ਭੁੱਖ ਵੀ ਬਲਵਾਨ ਹੋ ਉਠਦੀ ਹੈ ਅਜਿਹੀ ਸਥਿਤੀ ਨੂੰ ਦੀਦਾਰ ਸੰਧੂ ਨੇ ਸੰਵੇਦਨੀ ਸੁਰ ਰਾਹੀਂ ਪੇਸ਼ ਕੀਤਾ ਹੈ। ਕੋਰਸ ਸਮੇਤ ਦੁਗਾਣੇ ਦੇ ਬੋਲ ਇਸ ਤਰ੍ਹਾਂ ਹਨ :

ਮਰਦ : ਮੈਂ ਮਰ ਗਿਆ ਨੀ
ਕੋਰਸ : ਅਤਰ ਕੁਰੇ !
ਮਰਦ : ਤੂੰ ਤੁਰ ਚੱਲੀ ਪੇਕੀਂ ਲੜਕੇ
ਮੈਂ ਮਰਜਾਂ ਕੀਹਦੇ ਸਿਰ ਚੜ੍ਹਕੇ
ਫੇਰ ਦੁਬਾਰਾ ਮੇਰੇ ਤੜ੍ਹਕੇ
ਔਰਤ : ਨਿੱਤ ਵਾਂਗ ਹੀ ਛਾਤੀ ਉੱਤੇ
ਨਾਗ ਇਸ਼ਕ ਦਾ
ਮਰਦ : ਲੜ ਗਿਆ ਨੀ
ਕੋਰਸ : ਅਤਰ ਕੁਰੇ !
ਔਰਤ : ਜੱਟ ਵਿਗੜਿਆ ਸਿੱਧਾ ਕਰਨਾ
ਪੇਕੀਂ ਜਾ ਕੇ ਮਾਰੂੰ ਧਰਨਾ
ਬਿਨਾਂ ਜਨਾਨੀ ਕੀਹਦਾ ਸਰਨਾ
ਮਰਦ : ਚੁਲ੍ਹੇ ਮੂਹਰੇ ਰੋਟੀ ਨਾਲੋਂ
ਮੈਂ ਤਾਂ ਪਹਿਲੋਂ ਰੜ੍ਹ ਗਿਆ ਨੀ
ਕੋਰਸ : ਅਤਰ ਕੁਰੇ !...

ਦੀਦਾਰ ਸੰਧੂ ਦੀ ਕਾਵਿ-ਸੰਵੇਦਨਾ ਕਿਸਾਨੀ ਜ਼ਿੰਦਗੀ ਦੇ ਘਰੇਲੂ ਹਾਲਾਤ ਦੇ ਨਾਲ-ਨਾਲ ਮਾਨਸਿਕ ਭਾਵਨਾਵਾਂ ਨੂੰ ਵੀ ਉਘਾੜਦੀ ਹੈ। ਪਤੀ, ਜੇਕਰ ਪਤਨੀ ਦੇ ਪੇਕੇ ਚਲੇ ਜਾਣ ਪਿੱਛੋਂ ਘਰੋਗੀ ਕੰਮ ਕਰਨ ਤੋਂ ਔਖਾ ਹੈ ਤਾਂ ਦੂਜੇ ਪਾਸੇ, ਸਬੰਧਿਤ ਦ੍ਰਿਸ਼ਾਂ ਨੂੰ ਵੇਖ ਕੇ ਉਸ ਅੰਦਰ ਜਿਨਸੀ ਖਿੱਚ ਵੀ ਉਤਪੰਨ ਹੁੰਦੀ ਹੈ, ਮਨੁੱਖੀ ਪ੍ਰਵਿਰਤੀ ਅਧੀਨ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਉਸ ਅੰਦਰਲੀ ਕਾਮ-ਵੇਦਨਾ ਨੂੰ ਦੀਦਾਰ ਸੰਧੂ ਨੇ ਸੂਖ਼ਮ ਮਨੋਵਿਗਿਆਨਕ ਪਹੁੰਚ ਵਿਧੀ ਅਪਣਾਉਂਦਿਆਂ ਕਿਸਾਨ ਪਤੀ ਦੇ ਮੂੰਹੋਂ ਇਉਂ ਅਖਵਾਇਆ ਹੈ

ਮਰਦ :
ਪੂਰਾ ਹੋ ਗਿਆ ਇਕ ਮਹੀਨਾ
ਮੇਰਾ ਨਿੱਤ ਸਾੜਦਾ ਸੀਨਾਂ
ਮੈਂ ਤਾਂ ਘੁੱਟ ਸਬਰ ਦੇ ਪੀਨਾਂ

ਔਰਤ :
ਜਦੋਂ ਗੁਆਂਢੀ ਜੱਟੀ ਨੂੰ ਲੈ
ਕੋਠੇ ਉੱਤੇ ਚੜ੍ਹ ਗਿਆ ਨੀ

ਕੋਰਸ :
ਅਤਰ ਕੁਰੇ !....ਮੈਂ ਮਰ ਗਿਆ ਨੀ !.....

ਦੀਦਾਰ ਸੰਧੂ ਆਪਣੇ ਗੀਤਾਂ ਵਿਚ ਭਾਵੇਂ ਕਈ ਵਾਰੀ ਸਮਕਾਲੀ ਸਮਾਜ ਦੀ ਮਰਦਾਵੀਂ ਤੇ ਜੱਟਵਾਦੀ ਹੈਂਕੜੀ ਵਾਲੀ ਧਾਰਣਾ ਤਹਿਤ, ਮਰਦ ਦੇ ਪੱਖ ਨੂੰ ਭਾਰੂ ਰੂਪ ਵਿਚ ਪੇਸ਼ ਕਰ ਜਾਂਦਾ ਹੈ ਪਰੰਤੂ ਫਿਰ ਵੀ ਜਦੋਂ ਯਥਾਰਥਕ ਅਨੁਭਵ ਰਾਹੀਂ ਉਹ ਪਤੀ-ਪਤਨੀ ਦੇ ਸਬੰਧਾਂ ਦੀ ਗੱਲ ਕਰਦਾ ਹੈ ਤਾਂ ਮਰਦ ਦੀ ਝੁਕਾਉਵਾਦੀ ਹਕੀਕਤ ਨੂੰ ਪੇਸ਼ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਦਾਹਰਣ ਦੇ ਤੌਰ 'ਤੇ ਜਦੋਂ ਪਤਨੀ ਘਰ ਵਿਚ ਹੁੰਦੇ ਨਿੱਤ ਦੇ ਸ਼ੋਰ-ਸ਼ਰਾਬੇ ਅਤੇ ਮਾਰ-ਕੁਟਾਈ ਤੋਂ ਤੰਗ ਆ ਕੇ ਆਪਣੇ ਪੇਕੇ ਚਲੀ ਜਾਂਦੀ ਹੈ ਤਾਂ ਉਹਦਾ ਪਤੀ ਉਪਦੇਸ਼ ਭਰੇ, ਮੁਹਾਵਰੇਦਾਰ ਅਤੇ ਨਿਮਰ ਬੋਲਾਂ ਰਾਹੀਂ ਆਖਦਾ ਹੈ :

ਪਤੀ :
ਘਰ ਕਲ੍ਹਾ-ਕਲੰਦਰ ਵੱਸੇ ਨੀ, ਫਿਰ ਘੜਿਉਂ ਪਾਣੀ ਨੱਸੇ ਨੀ
ਹੁਣ ਤੈਨੂੰ ਕਿਹੜਾ ਦੱਸੇ ਨੀ, ਮੈਂ ਕਿੰਨਾਂ ਦੁੱਖ ਮਨਾਇਆ ਸੀ
ਕਰ ਨਾਸ ਜਲੇਬੀ ਜੂੜੇ ਦਾ, ਹੁਣ ਬੰਦ ਪਿਆ ਦਰਵਾਜ਼ਾ
ਜਿਉਂ ਫਾਟਕ ਕੋਟਕਪੂਰੇ ਦਾ...

ਉਸ ਦੇ ਅਜਿਹੇ ਗੀਤਾਂ ਵਿਚਲਾ ਮਰਦ (ਪਤੀ) ਝੁਕਦਾ ਹੀ ਨਹੀਂ ਸਗੋਂ ਉਹ ਗ਼ਲਤੀ ਕਰਨ ਦੇ ਅਹਿਸਾਨ ਨਾਲ, ਆਪਣੇ ਆਪ ਨੂੰ ਕੋਸਦਾ ਵੀ ਹੈ। ਸੂਖ਼ਮ ਢੰਗ ਨਾਲ ਮਾਫ਼ੀ ਵੀ ਚਾਹੁੰਦਾ ਹੈ। ਪਤੀ-ਪਤਨੀ ਦੇ ਅਜਿਹੇ ਝਮੇਲਿਆਂ ਦਾ, ਦੀਦਾਰ ਸੰਧੂ ਨੂੰ ਨਿੱਜੀ ਤਜਰਬਾ ਹੈ। ਇਸ ਲਈ ਉਹ ਘਰੇਲੂ ਯਥਾਰਥ ਨੂੰ ਹੂ-ਬ-ਹੂ ਪੇਸ਼ ਕਰਦਾ ਹੈ।

ਰੁੱਸੀ ਪਤਨੀ ਨੂੰ ਮਨਾਉਂਦਾ ਪਤੀ ਕਹਿੰਦਾ ਹੈ :

ਪਤੀ : ਨੀ ਮੈਂ ਚੰਦਰੇ ਸੁਭਾ ਦਾ, ਤਾਂ ਗੁਨਾਹ ਏਹ ਕਰ ਬੈਠਾ
ਪੋਲੇ ਹੱਥ ਨਾਲ ਤੇਰੇ, ਦੋ ਚਪੇੜੇ ਧਰ ਬੈਠਾ
ਮਾੜੀ ਗੱਲ ਹੋਗੀ, ਪਹਿਲੋਂ ਪੁੱਛ ਤਾਂ ਸੀ ਲੈਣਾ
ਕੀਹਨੇ ਕੰਧ ਤੋਂ ਸੀ ਸਿੱਟੀਆਂ ਗਨੇਰੀਆਂ
ਨੀ ਮੈਥੋਂ ਟੁੱਟੀਆਂ ਬਲੌਰੀ ਵੰਗਾਂ ਤੇਰੀਆਂ....

ਪੰਜਾਬੀ ਪੇਂਡੂ ਪਰਿਵਾਰਾਂ ਵਿਚ ਜੇਕਰ ਮਰਦ ਤੀਵੀਂ ਦੇ ਝਗੜੇ, ਰੋਸੇ ਤੇ ਨਿਹੋਰੇ ਹੁੰਦੇ ਹਨ ਤਾਂ ਦੂਜੇ ਪਾਸੇ ਔਰਤਾਂ-ਔਰਤਾਂ ਦੇ ਆਪਸੀ ਝਗੜੇ ਵੀ ਹੁੰਦੇ ਹਨ, ਜਿਨ੍ਹਾਂ ਵਿਚ ਜਿਠਾਣੀ-ਦਿਉਰਾਣੀ, ਨਣਕ-ਭਰਜਾਈ, ਨੂੰਹ-ਸੱਸ ਆਦਿ ਦਾ ਜ਼ਿਕਰ ਵੀ ਆਮ ਮਿਲਦਾ ਹੈ। ਆਪਸੀ ਖਹਿਬਾਜ਼ੀ, ਈਰਖਾ, ਹਉਮੈਂ ਅਤੇ ਸੌਂਕਣ-ਸਾੜੇ ਦੀਆਂ ਬਰੀਕ ਮਨੋਗ੍ਰੰਥੀਆਂ ਤੋਂ ਪੀੜਤ ਔਰਤਾਂ ਦੇ ਰਿਸ਼ਤੇ ਵਿਚ ਕਈ ਵਾਰ ਐਨੀ ਕੜਵਾਹਟ ਆ ਜਾਂਦੀ ਹੈ ਕਿ ਉਹ ਇਕ ਦੂਜੀ ਨੂੰ ਵੇਖ ਕੇ ਵੀ ਖੁਸ਼ ਨਹੀਂ ਹੁੰਦੀਆਂ ਅਤੇ ਦੂਰ ਹੀ ਰਹਿਣਾ ਚਾਹੁੰਦੀਆਂ ਹਨ। ਜਿਠਾਣੀ-ਦਿਉਰਾਣੀ ਦੇ ਇਸ ਪ੍ਰਕਾਰ ਦੇ ਵਰਤਾਰੇ ਨੂੰ ਪਤੀ-ਪਤਨੀ ਦੇ ਸੰਵਾਦ ਰਾਹੀਂ ਦੀਦਾਰ ਸੰਧੂ ਇਉਂ ਪੇਸ਼ ਕਰਦਾ ਹੈ :

ਪਤਨੀ : ਆ ਮੱਖਣਾ, ਭਾਵੇਂ ਜਾਹ ਮੱਖਣਾ
ਮੈਂ ਨਾ ਚੰਦਰੀ ਜਠਾਣੀ ਦੇ ਗੁਆਂਢ ਵੱਸਣਾ...

ਪਤੀ ਫਿਰ ਏਥੇ ਸਮਝੌਤਾਵਾਦੀ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਲੇਖਕ ਦੇ ਸੰਵੇਦਨਸ਼ੀਲ ਮਨ ਦੀਆਂ ਭਾਵਨਾਵਾਂ ਪਤੀ ਦੇ ਬੋਲਾਂ ਰਾਹੀਂ ਘਰ-ਵਸਾਊ ਪ੍ਰਵਿਰਤੀ ਅਧੀਨ ਪੇਸ਼ ਹੁੰਦੀਆਂ ਹਨ :

ਪਤੀ : ਨੀ ਚੱਲ ਬੱਲੀਏ, ਏਹ ਕਿਹੜੀ ਗੱਲ ਬੱਲੀਏ
ਬੋਲੇ ਜੇਠ ਤਾਂ ਹਮੇਸ਼ਾ ਤੇਰੇ ਵੱਲ ਬੱਲੀਏ

ਪਤਨੀ ਜਿਹੜੀ ਹੱਥ ਲਾਇਆਂ ਮੈਲੀ ਹੁੰਦੀ ਸੀ, ਸੱਤਾਂ ਪਰਦਿਆਂ ਅੰਦਰ ਰਹਿ ਕੇ ਜਵਾਨ ਹੋਈ ਸੀ ਤੇ ਭੁੰਜੇ ਪੈਰ ਰੱਖਣਾ ਵੀ ਪਸੰਦ ਨਹੀਂ ਸੀ, ਉਹ ਹੁਣ ਜੇਠਾਣੀ ਦੇ ਧੱਕੇ ਚੜ੍ਹ ਕੇ ਮਿੱਟੀ-ਘੱਟੇ ਵਿਚ ਰੁਲ ਗਈ। ਉਹ ਆਪਣੇ ਸ਼ੌਂਕ ਵੀ ਪੂਰੇ ਨਹੀਂ ਕਰ ਸਕੀ ਅਤੇ ਉਸ ਦਾ ਰੂਪ ਵੀ ਰੁਲ ਗਿਆ। ਇਸ ਤਰ੍ਹਾਂ ਦੇ ਵਰਤਾਰੇ ਪੰਜਾਬੀ ਘਰਾਂ ਵਿਚ ਆਮ ਵਾਪਰਦੇ ਰਹੇ ਹਨ। ਸੰਯੁਕਤ ਪਰਿਵਾਰ ਅੰਦਰ ਵੱਡੀ ਜੇਠਾਣੀ ਦੀ ਵਧੇਰੇ ਚੱਲਣ ਕਰ ਕੇ ਦਿਉਰਾਣੀ ਨੂੰ ਦਬ ਕੇ ਹੀ ਰਹਿਣਾ ਪੈਂਦਾ ਹੈ। ਮਰਦ ਹੁੰਦੇ ਹੋਏ ਵੀ ਔਰਤ ਦੀ ਇਸ ਪਰਿਵਾਰਕ, ਸਰੀਰਕ ਤੇ ਮਾਨਸਿਕ ਸਮੱਸਿਆ ਨੂੰ ਦੀਦਾਰ ਸੰਧੂ ਬੜੇ ਸ਼ਿੱਦਤ ਭਰੇ ਅਤੇ ਮਾਰਮਿਕ ਸ਼ਬਦਾਂ ਰਾਹੀਂ ਦਰਸਾਉਂਦਾ ਹੈ :

ਪਤਨੀ : ਕੁੜੀ-ਚਿੜੀ ਤੋਂ ਮੈਂ ਬਣ ਗਈ ਕਬੀਲਦਾਰਨੀ
ਸ਼ੌਂਕ ਮੁੱਕ ਗਏ ਸੌਕੀਨੀਆਂ ਦੀ ਕੋਈ ਸਾਰ ਨੀ

ਹੁਣ ਹੋਰ ਨੀ ਮੈਂ ਰੂਪ ਦੀ ਪਟਾਉਣੀ ਜੱਖਣਾ
ਮੈਂ ਨਾ ਚੰਦਰੀ ਜੇਠਾਣੀ ਦੇ ਗੁਆਂਢ ਵੱਸਣਾ...

ਕਿਸਾਨੀ ਪਰਿਵਾਰਾਂ ਵਿਚ ਕਈ ਰਿਸ਼ਤੇ ਪ੍ਰੇਮ ਤੇ ਸਨੇਹ ਪੂਰਨ ਹੁੰਦੇ ਹਨ ਅਤੇ ਕੁਝ ਰਿਸ਼ਤੇ ਸਾੜੇ ਤੇ ਈਰਖਾ ਵਾਲੇ। ਕੁਝ ਅਜਿਹੇ ਰਿਸ਼ਤੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਦੋ ਧਿਰਾਂ ਦਾ ਸਬੰਧ ਕਿਸੇ ਤੀਸਰੀ ਧਿਰ ਦੇ ਦਖ਼ਲ ਨਾਲ ਰਿਸ਼ਤੇ ਨੂੰ ਖੰਡਿਤ ਕਰ ਕੇ, ਅਣਸੁਖਾਵਾਂ ਮਾਹੌਲ ਪੈਦਾ ਕਰ ਦਿੰਦਾ ਹੈ। "ਪੰਜਾਬੀ ਸਮਾਜ ਵਿਚ ਕੁਝ ਰਿਸ਼ਤਿਆਂ ਵਿਚਲੇ ਓਹਲੇ ਕਈ ਵਾਰ ਦੱਸਣ ਦੀ ਪੱਧਰ 'ਤੇ ਓਨੇ ਸੁਖਾਵੇਂ ਨਹੀਂ ਹੁੰਦੇ ਜਦੋਂ ਕਿ ਲੋਕ-ਗੀਤਾਂ ਵਿਚ ਇਹ ਬੜੇ ਸਰਲ, ਸਹਿਜ ਅਤੇ ਸੁਭਾਵਿਕ ਤੌਰ 'ਤੇ ਪੇਸ਼ ਹੋਏ ਹਨ।"[4] ਸਾਡੇ ਸਮਾਜ ਵਿਚ ਕੁਝ ਸਬੰਧਾਂ ਨੂੰ ਸਿੱਧੀ ਅਤੇ ਕੁਝ ਕੁ ਨੂੰ ਅਸਿੱਧੇ ਤੌਰ ਉੱਤੇ ਖ਼ਾਸ-ਖੁੱਲ੍ਹਾਂ ਮਾਨਣ ਦੀ ਸਮਾਜਿਕ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਕਈ ਵਾਰ ਇਸ ਪ੍ਰਵਾਨਗੀ ਦਾ ਨਾਜਾਇਜ਼ ਲਾਹਾ ਲੈ ਕੇ ਸਬੰਧਾਂ ਨੂੰ ਵਿਗਾੜ ਕੇ ਜਾਂ ਕੁੜੱਤਣ ਭਰੇ ਬਣਾ ਕੇ ਪਰਿਵਾਰਕ ਜੀਵਨ ਨੂੰ ਕਸ਼ਟਮਈ ਬਣਾ ਲਿਆ ਜਾਂਦਾ ਹੈ। ਪ੍ਰਾਕਿਰਤ ਕਾਨੂੰਨਾਂ ਅਨੁਸਾਰ ਵਧੇਰੇ ਨੇੜਤਾ ਅਜਿਹੇ ਹਾਲਾਤ ਸੁਭਾਵਿਕ ਹੀ ਪੈਦਾ ਕਰ ਦਿੰਦੀ ਹੈ ਭਾਵੇਂ ਕਿ ਖ਼ੁਦ ਪ੍ਰਵਾਨਗੀ ਦੇਣ ਵਾਲਾ ਸਮਾਜ ਬਾਅਦ ਵਿਚ ਖੁੱਲ੍ਹਾਂ ਮਾਨਣ ਵਾਲਿਆਂ ਨੂੰ ਅਪ੍ਰਵਾਨ ਵੀ ਕਰ ਦਿੰਦਾ ਹੈ ਜਾਂ ਨਫ਼ਰਤ ਕਰਨ ਲੱਗ ਜਾਂਦਾ ਹੈ। ਅਸਲ ਵਿਚ ਸਾਡੇ ਬਣਾਏ ਕਾਇਦੇ-ਕਾਨੂੰਨ ਬਹੁਤ ਸੀਮਤ ਹਨ ਪਰੰਤੂ ਕੁਦਰਤ ਦੇ ਬਣਾਏ ਨਿਯਮ ਅਟੱਲ ਤੇ ਅਸੀਮ ਹੁੰਦੇ ਹਨ ਤੇ ਮਨੁੱਖੀ ਭਾਵਨਾਵਾਂ ਤੇ ਲੋੜਾਂ ਵੀ ਨਿੱਤ ਨਵੀਆਂ ਹੀ ਉਪਜਦੀਆਂ ਹਨ। ਹਾਲਾਤ ਅਜਿਹੇ ਹੋ ਜਾਂਦੇ ਹਨ ਕਿ ਸਾਡੇ ਪੂਰਵ-ਪ੍ਰਵਾਨਿਤ ਕਾਨੂੰਨ ਅਸਫ਼ਲ ਹੋ ਕੇ ਰਹਿ ਜਾਂਦੇ ਹਨ। ਮਨੁੱਖੀ ਪ੍ਰਵਿਰਤੀ ਤੇ ਉਸ ਦੀਆਂ ਜ਼ਰੂਰਤਾਂ ਨਿੱਤ-ਨਵੇਂ ਸੁਧਾਰਾਂ ਤੇ ਸਬੰਧਾਂ ਦੀ ਮੰਗ ਕਰਦੀਆਂ ਹਨ। ਸਾਡੇ ਕਲਾਕਾਰ/ਲੇਖਕ ਮਨੁੱਖਤਾ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਇਸ ਲਈ ਜਦੋਂ ਅਣਸੁਖਾਵੇਂ ਹਾਲਾਤ, ਪਰਿਵਾਰਾਂ ਨੂੰ ਖੰਡਿਤ ਕਰਦੇ ਹਨ ਤਾਂ ਇਹ ਸਭ ਵੇਖ ਕੇ ਉਨ੍ਹਾਂ ਦੇ ਮਨਾਂ ਉੱਤੇ ਇਸ ਦਾ ਗਹਿਰਾ ਪ੍ਰਭਾਵ ਪੈਂਦਾ ਹੈ। ਮਨੁੱਖਤਾ ਦਾ ਕਸ਼ਟ ਉਨ੍ਹਾਂ ਦਾ ਆਪਣਾ ਕਸ਼ਟ ਹੋ ਨਿਬੜਦਾ ਹੈ। ਕਲਾਕਾਰ ਆਪਣੀ ਕਲਾਤਮਿਕ ਪ੍ਰਤਿਭਾ ਦੇ ਬਲਬੂਤੇ ਅਜਿਹੇ ਵਰਤਾਰਿਆਂ ਦਾ ਵਰਨਣ ਸਰਲ, ਸਹਿਜ ਤੇ ਸੁਭਾਵਿਕ ਢੰਗ ਨਾਲ ਪੇਸ਼ ਕਰਦੇ ਹਨ।

ਦੁਗਾਣਾ/ਗਾਇਕੀ ਲੇਖਨ ਦੀ ਇਕ ਨਿਵੇਕਲੀ ਖ਼ਾਸੀਅਤ ਹੈ ਕਿ ਇਸ ਵਿਚ ਦੋ ਧਿਰਾਂ ਦਾ ਸੰਵਾਦ ਆਹਮੋ-ਸਾਹਮਣੇ ਪੇਸ਼ ਹੁੰਦਾ ਹੈ ਜਿਸ ਰਾਹੀਂ ਲੇਖਕ ਦੋਵਾਂ ਧਿਰਾਂ ਨਾਲ ਇਨਸਾਫ਼ ਕਰਨ ਦੀ ਭਰਪੂਰ ਕੋਸ਼ਿਸ਼ ਕਰਦਾ ਹੈ। ਸ਼ੋਲੋ ਗੀਤਾਂ ਵਿਚ ਅਜਿਹਾ ਨਹੀਂ ਹੁੰਦਾ। ਉਨ੍ਹਾਂ ਵਿਚ ਲਗਭਗ ਇਕ ਧਿਰ ਬੋਲਦੀ ਹੈ ਦੂਜੀ ਧਿਰ ਨਾਲ ਚਾਹੇ ਬੇਇਨਸਾਫ਼ੀ ਹੋ ਰਹੀ ਹੋਵੇ ਉਸ ਦਾ ਪੱਖ ਪੇਸ਼ ਨਹੀਂ ਹੁੰਦਾ। ਸੋ, ਕਿਹਾ ਜਾ ਸਕਦਾ ਹੈ ਕਿ ਇਹ ਖ਼ਾਸੀਅਤ ਦੁਗਾਣਾ—ਲੇਖਣ ਨੂੰ ਹਲਕੇ ਪੱਧਰ ਦੀ ਨਹੀਂ ਸਗੋਂ ਉੱਚ-ਪੱਧਰ ਦੀ ਸੂਖ਼ਮਭਾਵੀ ਕਲਾ ਬਣਾਉਂਦੀ ਹੈ। ਅਸੀਂ ਇਥੇ

ਇਹ ਕਹਿਣ ਤੋਂ ਸੰਕੋਚ ਨਹੀਂ ਕਰ ਸਕਦੇ ਕਿ ਉਕਤ ਦਰਸਾਏ ਮੁਤਾਬਿਕ ਦੀਦਾਰ ਸੰਧੂ ਦੀ ਗੀਤਕਾਰੀ/ਗਾਇਕੀ ਹੌਲੇ ਪੱਧਰ ਦੀ ਬਿਲਕੁਲ ਨਹੀਂ ਸਗੋਂ ਪੜ੍ਹ/ਸੁਣ ਕੇ ਪਤਾ ਲੱਗਦਾ ਹੈ ਕਿ ਇਹ ਰਚਨਾ ਮਨੁੱਖੀ ਮਨ ਦੇ ਕਿੰਨਾਂ ਨੇੜੇ ਹੋ ਕੇ ਉਪਜੀ ਹੈ। ਅੱਤ ਦੀ ਸੰਵੇਦਨਸ਼ੀਲ ਲੇਖਕ ਨੂੰ ਲੋਕਾਂ ਦਾ ਗੀਤਕਾਰ ਸਿੱਧ ਕਰਦੀ ਹੈ।

ਉਪਰੋਕਤ ਅਨੁਸਾਰ ਪੇਂਡੂ ਕਿਸਾਨੀ ਪਰਿਵਾਰਾਂ ਵਿਚ ਇਕ ਰਿਸ਼ਤਾ ਹੈ ਜੀਜਾ-ਸਾਲੀ ਦਾ। "ਦਿਉਰ-ਭਾਬੀ ਦੇ ਰਿਸ਼ਤੇ ਵਾਂਗ ਹਾਸੇ-ਮਜ਼ਾਕ ਵਾਲਾ। ਇਹ ਰਿਸ਼ਤਾ ਪਤੀ-ਪਤਨੀ, ਪਤਨੀ ਦੀ ਭੈਣ ਦੇ ਪਰਸਪਰ ਸਬੰਧ ਵਿਚੋਂ ਉਪਜਦਾ ਹੈ। ਇਸ ਰਿਸ਼ਤੇ ਵਿਚ ਇਕ ਅਜਿਹਾ ਤਣਾਉ ਹੈ, ਜਿਹੜਾ ਦੋਹਾਂ ਦੇ ਸਬੰਧਾਂ ਨੂੰ ਬਹੁਤ ਨੇੜੇ ਲਿਆਉਂਦਾ ਹੈ। ਸਾਡੇ ਸਭਿਆਚਾਰ ਵਿਚ ਜੀਜਾ-ਸਾਲੀ ਆਪਸ ਵਿਚ ਮਜ਼ਾਕ, ਮਿਹਣੇ, ਵਿਅੰਗ ਆਦਿ ਦੇਣ ਸਮੇਂ ਵਾਸਤਵ ਵਿਚ ਆਪਸ ਵਿਚਲੀ ਨਿਕਟਵਰਤੀ ਸਾਂਝ ਨੂੰ ਸਨਮੁੱਖ ਲਿਆਉਂਦੇ ਹਨ। ਸਾਲੀ ਜੀਜੇ ਨੂੰ ਗੱਲ-ਗੱਲ 'ਤੇ ਟਿੱਚਰਾਂ ਕਰਦੀ ਰਹਿੰਦੀ ਤੇ ਸਮਾਜਿਕ ਪ੍ਰਵਾਨਗੀ ਹੋਣ ਕਰ ਕੇ ਕੋਈ ਬੁਰਾ ਨਹੀਂ ਮਨਾਉਂਦਾ। ਕਈ ਵਾਰੀ ਜੀਜਾ-ਸਾਲੀ ਮਿਲ ਜਾਂਦੇ ਹਨ ਅਤੇ ਇਕ ਗ਼ੈਰ-ਕਾਨੂੰਨੀ ਰਿਸ਼ਤੇ ਨੂੰ ਜਨਮ ਦੇ ਕੇ, ਜਿੱਥੇ ਸਾਲੀ ਆਪਣੀ ਭੈਣ ਨਾਲ ਵਿਸ਼ਵਾਸਘਾਤ ਕਰਦੀ ਹੈ, ਉਥੇ ਜੀਜਾ ਆਪਣੇ ਸਹੁਰਿਜਆਂ ਦੇ ਮਾਣ-ਤਾਣ ਨੂੰ ਸੱਟ ਮਾਰ ਕੇ ਉਨ੍ਹਾਂ ਦੀ ਤੇ ਆਪਣੀ ਇੱਜ਼ਤ ਬਰਬਾਦ ਕਰਦਾ ਹੋਇਆ, ਫਿਰ ਸਹੁਰਿਆਂ ਨੂੰ ਮੂੰਹ ਵਿਖਾਉਣ ਦੇ ਕਾਬਲ ਨਹੀਂ ਰਹਿੰਦਾ।"[6] ਇਥੇ ਮੈਂ ਇਹ ਵੀ ਕਹਿਣਾ ਵਾਜਿਬ ਸਮਝਦਾ ਹਾਂ ਕਿ ਜੇਕਰ ਪਤੀ-ਪਤਨੀ ਦਾ ਜੋੜ ਬੇਮੇਲ/ਅਣਜੋੜ ਹੋਵੇ ਤਾਂ ਉਮਰ ਦੇ ਫ਼ਰਕ ਦੀ ਵਜਹ ਨਾਲ ਪਤੀ ਦਾ ਹਾਣ ਦੀ ਉਮਰ ਵਾਲੀ ਸਾਲੀ ਨਾਲ ਸਬੰਧ ਬਣ ਜਾਣਾ ਵੀ ਸੁਭਾਵਿਕ ਹੈ ਪਰੰਤੂ ਪਤਨੀ ਦੇ ਮਾਨਸਿਕ ਦੁੱਖ ਨੂੰ ਵੀ ਉਹਲੇ ਨਹੀਂ ਕੀਤਾ ਜਾ ਸਕਦਾ। ਜਦੋਂ ਕਿਸੇ ਪਰਿਵਾਰ ਵਿਚ ਅਜਿਹੀ ਸਥਿਤੀ ਬਣ ਜਾਏ ਤਾਂ ਇਕ ਧਿਰ ਦਾ ਵਧੇਰੇ ਪੀੜਿਤ ਹੋਣਾ ਵੀ ਲਾਜ਼ਿਮ ਹੋ ਜਾਂਦਾ ਹੈ। ਦੀਦਾਰ ਸੰਧੂ ਨੇ ਆਪਣੇ ਇਕ ਦੁਗਾਣੇ ਵਿਚ ਸਮੁੱਚੀ ਘਟਨਾ ਨੂੰ ਪਤੀ-ਪਤਨੀ ਦੇ ਸੁਆਲ-ਜੁਆਬ ਰਾਹੀਂ ਇਸ ਤਰ੍ਹਾਂ ਬਿਆਨ ਕੀਤਾ ਹੈ :

ਪਤਨੀ : *ਸਹੁਰੇ ਘਰ ਮੈਂ ਸੱਦ ਪਛਤਾਈ*
ਭੈਣ ਹੋਈ ਮੁਟਿਆਰ
ਛੋਟੀ 'ਤੇ ਕਰ ਕੇ ਕਬਜ਼ਾ ਨੀ, ਹੁਣ
ਮੈਨੂੰ ਕੱਢਦਾ ਬਾਹਰ...

ਪਤੀ ਰੁਮਾਂਟਿਕ ਮੂਡ ਵਿਚ ਹੈ ਇਸ ਲਈ ਉਹ ਹਲਕੇ ਪੱਧਰ 'ਤੇ ਆਖਦਾ ਹੈ :

ਪਤੀ : *ਦਸਾਂ ਦਿਨਾਂ ਵਿਚ ਸਾਲੀ 'ਤੇ ਕੀ*
ਦਿੱਤਾ ਜਾਦੂ ਮਾਰ

ਕਹਿੰਦੀ ਸੀ ਜਿਹੜੀ ਜੀਜਾ
ਗਈ ਹੁਣ ਬਣ ਜੀਜੇ ਦੀ ਨਾਰ...

ਸ਼ੁਰੂ ਵਿਚ ਤਾਂ ਇਹ ਗੀਤ ਹੌਲੇ ਪੱਧਰ ਦਾ ਰੁਮਾਂਸ ਹੀ ਜਾਪਦਾ ਹੈ ਪਰ ਜਦੋਂ ਅਸੀਂ ਪੂਰੇ ਗੀਤ ਦੀਆਂ ਸੂਖ਼ਮ ਪਰਤਾਂ ਦੀ ਤਹਿ ਤੱਕ ਜਾਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਦੀਦਾਰ ਸੰਧੂ ਰਿਸ਼ਤਾ-ਪ੍ਰਣਾਲੀ ਦੀਆਂ ਸੂਖ਼ਮ ਤੈਹਾਂ ਦੀ ਕਿੰਨੀ ਗਹਿਰੀ ਜਾਣਕਾਰੀ ਰੱਖਦਾ ਹੈ ! ਕਿਸੇ ਪਤਨੀ ਨਾਲ ਸੱਚਮੁੱਚ ਅਜਿਹੀ ਹੋਣੀ ਵਾਪਰ ਜਾਏ ਤਾਂ ਉਸ ਦੀ ਅੰਦਰੂਨੀ ਪੀੜ ਅਤੇ ਅਤੀਤ ਦੀਆਂ ਯਾਦਾਂ ਦੇ ਬਣਦੇ ਮਿਟਦੇ ਮਨ-ਮਸਤਕ ਉਤਲੇ ਚਿੱਤਰਾਂ ਨੂੰ, ਸ਼ਬਦਾਂ ਦਾ ਜਾਮਾ ਪਹਿਨਾਉਣਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਗੀਤ ਦੇ ਬੋਲ ਤੁਹਾਡੇ ਸਾਹਮਣੇ ਪੇਸ਼ ਹਨ :

ਪਤਨੀ : *ਹੁਣ ਤੱਕ ਮੇਰੀ ਜਾਨ ਸੀ ਅੜਿਆ, ਫੁੱਲਾਂ ਵਾਂਗੂੰ ਰੱਖੀ*
ਆਪ ਜਾਗਦਾ ਰਹਿੰਦਾ, ਮੈਨੂੰ ਝੱਲ ਸੁਲਾਉਂਦਾ ਪੱਖੀ
ਗਿਰਗਟ ਵਾਂਗੂੰ ਰੰਗ ਬਦਲ ਗਿਆ, ਖੜ੍ਹਾ-ਖੜ੍ਹਾ ਸਰਦਾਰ
ਛੋਟੀ 'ਤੇ ਕਰ ਕੇ ਕਬਜ਼ਾ ਨੀ, ਹੁਣ ਮੈਨੂੰ...

ਭਾਵੇਂ ਕਿ "ਪੰਜਾਬੀ ਸਭਿਆਚਾਰ ਵਿਚ ਜੀਜੇ-ਸਾਲੀ ਦੇ ਹਾਸੇ-ਮਜ਼ਾਕ ਤੋਂ ਵੱਧ ਕੇ ਕਿਸੇ ਹੋਰ ਰਿਸ਼ਤੇ ਲਈ ਕੋਈ ਥਾਂ ਨਹੀਂ।" ਪਰੰਤੂ ਜਦੋਂ ਵੀ ਕਿਤੇ ਯਥਾਰਥ ਰੂਪ ਵਿਚ ਅਜਿਹਾ ਵਾਪਰ ਜਾਏ (ਜੋ ਕਿ ਬਹੁਤ ਜ਼ਿਆਦਾ ਹੱਦ ਤੱਕ ਸੰਭਵ ਹੁੰਦਾ ਹੈ) ਤਾਂ ਦੋਵੇਂ ਧਿਰਾਂ ਪੀੜਿਤ ਹੁੰਦੀਆਂ ਹਨ, ਹਾਂ ਦੋਹਾਂ ਦੀ ਮਾਨਸਿਕ ਚਾਹਤ ਅਤੇ ਪੀੜਾ ਬੇਸ਼ੱਕ ਅਲੱਗ-ਅਲੱਗ ਹੁੰਦੀ ਹੈ। ਉਕਤ ਗੀਤ ਦੇ ਪਹਿਲੇ ਪਹਿਰੇ ਵਿਚ ਪਤੀ ਦੀ ਆਪਣੀ ਮਜਬੂਰੀ ਅਤੇ ਭਾਵਨਾ ਸਾਫ਼ ਝਲਕਦੀ ਹੈ। (ਨੋਟ : ਅਜੋਕੇ ਸਮਾਜ ਅੰਦਰ ਆਪਣੇ ਹੀ ਕਬੀਲੇ ਵਿਚ ਭੈਣ-ਭਰਾ ਬਣ ਕੇ ਰਹਿਣ ਵਾਲੇ ਮੁੰਡੇ-ਕੁੜੀਆਂ ਨੂੰ ਵੀ ਆਪਸ ਵਿਚ ਪਤੀ-ਪਤਨੀ ਬਣਨ ਦੀ ਕਾਨੂੰਨੀ ਮਾਨਤਾ ਮਿਲ ਚੁੱਕੀ ਹੈ ਭਾਵੇਂ ਕਿ ਅਜੋਕੇ ਸਮਾਜ ਵਿਚ ਉਨ੍ਹਾਂ ਨੂੰ ਅੱਜ ਵੀ ਅਪ੍ਰਵਾਨ ਮੰਨਿਆਂ ਜਾਂਦਾ ਹੈ ਤੇ ਨਫ਼ਰਤ ਕੀਤੀ ਜਾਂਦੀ ਹੈ ਅਤੇ ਇਹ ਜੀਜੇ-ਸਾਲੀ ਦੇ ਸਬੰਧਾਂ ਦਾ ਮਾਮਲਾ ਤਾਂ ਅੱਜ ਵੀ ਸਮਾਜ ਵਿਚ ਅਸਿੱਧੇ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ।) ਇਸ ਲਈ ਪ੍ਰੈਕਟੀਕਲ ਵਾਪਰੇ ਸੱਚਾਂ ਨੂੰ ਯਥਾਰਥ ਰੂਪ ਵਿਚ ਪੇਸ਼ ਕਰਨਾ ਹੀ ਸੱਚੇ ਲੇਖਕ/ਕਲਾਕਾਰ ਦਾ ਧਰਮ ਹੈ। ਜੀਜੇ-ਸਾਲੀ ਦੇ ਅਜਿਹੇ ਸਬੰਧਾਂ ਨੂੰ ਦੇਖ ਕੇ ਦੀਦਾਰ ਸੰਧੂ ਉਲਾਰ ਨਹੀਂ ਹੁੰਦਾ ਸਗੋਂ ਸਾਂਝੀ ਸੰਵੇਦਨਾ ਦੇ ਅੰਤਰਗਤ ਦੋਹਾਂ ਧਿਰਾਂ ਦੀ ਹੋਣੀ ਨੂੰ ਪ੍ਰਗਟਾਉਂਦਾ ਹੈ। ਜੇਕਰ ਜੀਜਾ ਗਿਰਗਟ ਵਾਂਗੂੰ ਰੰਗ ਬਦਲ ਗਿਆ ਹੈ ਤਾਂ ਉਸ ਦੇ ਸੂਖ਼ਮ ਕਾਰਣ ਇਉਂ ਪੇਸ਼ ਹਨ :

ਪਤੀ : *ਕਹਿਣ ਸਿਆਣੇ ਮਾੜਾ ਹੁੰਦਾ, ਧੋਖੇਬਾਜ਼ ਵਿਚੋਲਾ*
ਤੇਰੀ ਮੈਥੋਂ ਉਮਰ ਸੀ ਡੇਢੀ, ਉਸ ਨੇ ਰੱਖਿਆ ਉਹਲਾ
ਆਹ ਵੇਖ ਹਾਣਦੀ ਘਰ ਵਿਚ ਫਿਰਦੀ, ਆਪਾਂ ਲਈ
ਪੁਸ਼ਕਾਰ ਕਹਿੰਦੀ ਸੀ ਜਿਹੜੀ...

"ਕਵੀ ਦੀ ਖ਼ਾਸੀਅਤ ਹੈ ਕਿ ਉਹ ਆਪਣੀਆਂ ਅਨੁਭੂਤੀਆਂ ਨੂੰ ਕਲਾ ਤੇ ਕਲਪਨਾ ਦੀ ਛੂਹ ਦੇ ਕੇ ਅਜਿਹੀ ਭਾਸ਼ਾ ਵਿਚ ਪੇਸ਼ ਕਰਦਾ ਹੈ ਜੋ ਆਮ ਲੋਕਾਂ ਦੀ ਭਾਸ਼ਾ ਹੁੰਦੀ ਹੈ। ਕੁਦਰਤੀ ਤੌਰ 'ਤੇ ਪਾਠਕ ਨੂੰ ਕਵਿਤਾ ਵਿਚ ਲੁਕੇ ਹੋਏ ਭਾਵ ਜਾਣੇ-ਪਛਾਣੇ ਲਗਦੇ ਹਨ।"[7] ਜੇਕਰ ਪੰਜਾਬੀ ਪਰਿਵਾਰ ਵਿਚ ਜੰਮੇ-ਪਲੇ, ਜੁਆਨ ਹੋਏ ਪ੍ਰੌੜ੍ਹ ਬੰਦੇ ਨੂੰ ਵੀ ਦੀਦਾਰ ਸੰਧੂ ਦੇ ਉਕਤ ਭਾਵ ਓਪਰੇ ਲੱਗਣ ਤਾਂ ਅਸੀਂ ਉਸ ਦੀ ਸਮਝ ਉੱਤੇ ਸਿਰਫ਼ ਹੱਸ ਕੇ ਅਫ਼ਸੋਸ ਹੀ ਕਰ ਸਕਦੇ ਹਾਂ।

ਗਹਿਰੀ ਕਵਿਤਾ/ਰਚਨਾ ਉਹ ਨਹੀਂ ਹੁੰਦੀ ਜੋ ਪੜ੍ਹਨ-ਸੁਣਨ ਵਾਲੇ ਦੀ ਸਮਝ ਵਿਚ ਹੀ ਨਾ ਆਵੇ (ਜੋ ਕਿ ਅਜੋਕੇ ਕੁਝ ਵਿਦਵਾਨ ਇਹੀ ਸਮਝਦੇ ਹਨ) ਸਗੋਂ ਗਹਿਰੀ ਰਚਨਾ ਤਾਂ ਆਮ ਮਨੁੱਖ ਦੀਆਂ ਭਾਵਨਾਵਾਂ ਨੂੰ ਸੂਖ਼ਮ ਢੰਗ ਨਾਲ ਟੁੰਬਦੀ ਹੈ ਅਤੇ ਨਾਲ ਹੀ ਇਹ ਅਹਿਸਾਸ ਕਰਵਾਉਂਦੀ ਹੈ ਕਿ ਸਮੱਸਿਆ ਕਿੱਥੇ ਪਈ ਹੈ ? ਸੁਹਜਮਈ ਢੰਗ ਨਾਲ ਉਸ ਨੂੰ ਸਮਝਣ ਤੇ ਪਕੜਨ ਦੀ ਸਮਰੱਥਾ ਪਾਠਕ/ਸਰੋਤੇ ਨੂੰ ਕਵੀ ਨੇ ਦੇਣੀ ਹੁੰਦੀ ਹੈ। ਦੀਦਾਰ ਸੰਧੂ ਨੇ ਆਪਣੇ ਗੀਤਾਂ ਵਿਚ ਕਿਤੇ ਵੀ ਅਜਿਹੀ ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ ਜਿਹੜੀ ਉਨ੍ਹਾਂ ਨੂੰ ਸਮਝ ਨਾ ਆਵੇ। ਜਨ-ਸਾਧਾਰਨ ਤੋਂ ਲੈ ਕੇ ਸੰਤ ਸਿੰਘ ਸੇਖੋਂ ਵਰਗੇ ਮਕਬੂਲ ਆਲੋਚਕ ਵੀ ਉਸ ਦੇ ਗੀਤਾਂ ਨੂੰ ਸੁਣ ਕੇ ਸੁਹਜ ਤੇ ਸਵਾਦ ਮਾਣਦੇ ਹਨ। ਉਹ ਹੈਰਾਨ ਹੁੰਦੇ ਹਨ, ਦੀਦਾਰ ਸੰਧੂ ਦੀ ਦੁਗਾਣਾ ਰੂਪ ਦੀ ਕਾਵਿਕਤਾ ਨੂੰ ਦੇਖ ਕੇ !

ਉਕਤ-ਵਰਣਤ ਗੀਤ ਵਿਚ ਪਤੀ ਆਪਣਾ ਪੱਖ ਪੇਸ਼ ਕਰ ਕੇ ਇਹ ਦੱਸਦਾ ਹੈ ਕਿ ਤੇਰੀ-ਮੇਰੀ (ਪਤੀ-ਪਤਨੀ) ਉਮਰ ਦਾ ਫ਼ਰਕ ਹੀ ਇਸ ਵਰਤਾਰੇ ਦਾ ਜ਼ਿੰਮੇਵਾਰ ਹੈ ਜਦੋਂ ਕਿ ਧੋਖਾ ਵਿਚੋਲੇ ਨੇ ਕੀਤਾ ਸੀ, ਤਾਂ ਦੀਦਾਰ ਸੰਧੂ ਪਤਨੀ ਨਾਲ ਵੀ ਪੂਰਾ ਇਨਸਾਫ਼ ਕਰਦੇ ਹੋਏ ਉਸ ਦਾ ਪੱਖ ਲੋਕ-ਭਾਸ਼ਾ ਵਿਚ ਇਸ ਤਰ੍ਹਾਂ ਕਰਵਾਉਂਦਾ ਹੈ :

ਪਤਨੀ : *ਅੱਖੀਂ ਹੁੰਦਾ ਵੇਖ ਸਿਆਪਾ, ਕੌਣ ਜਵਾਨੀ ਕੱਟੂ*
ਮੈਂ ਕੀ ਜਾਣਾ ਅਲਕ ਵਛੇਰੀ, ਮੇਰਾ ਹੀ ਘਰ ਪੱਟੂ
ਹੁਣ ਇਸ ਤਿਲਕਣ ਬਾਜ਼ੀ ਉੱਤੇ, ਗੌਰ ਕਰੇ ਸਰਕਾਰ
ਛੋਟੀ 'ਤੇ ਕਰ ਕੇ...

ਵਰਡਜ਼ਵਰਥ ਮੁਤਾਬਿਕ "ਕਵੀ ਕਵੀਆਂ ਲਈ ਨਹੀਂ, ਸਗੋਂ ਆਮ ਲੋਕਾਂ ਲਈ ਲਿਖਦੇ ਹਨ।" ਆਮ ਲੋਕਾਂ ਦੇ ਜੀਵਨ ਨੂੰ ਨੇੜਿਉਂ ਤੱਕਣ ਵਾਲਾ ਦੀਦਾਰ ਸੰਧੂ ਪਿੰਡਾਂ ਦੇ ਆਮ ਕਿਸਾਨਾਂ ਦੇ ਜੀਵਨ ਦੀਆਂ ਕੌੜੀਆਂ-ਮਿੱਠੀਆਂ ਸਚਾਈਆਂ ਨੂੰ, ਸ਼ਬਦਾਂ ਦੇ ਜਾਦੂ ਰਾਹੀਂ, ਅਣ-ਸਮਝੀਆਂ ਗੱਲਾਂ ਨੂੰ ਵੀ ਪਾਠਕ/ਸਰੋਤੇ ਦੇ ਜ਼ਿਹਨ ਵਿਚ ਉਤਾਰ ਦੇਣ ਦੀ ਸਮਰੱਥਾ ਰੱਖਦਾ ਹੈ। ਖੇਤਾਂ ਵਿਚ ਕੰਮ ਕਰਦਾ ਸਧਾਰਨ ਕਿਸਾਨ ਆਪਣੇ ਖੇਤਾਂ, ਫ਼ਸਲਾਂ, ਰੁੱਖਾਂ, ਪਾਣੀਆਂ ਆਦਿ ਨਾਲ ਮਾਨਸਿਕ ਸੰਵਾਦ ਰਚਾਉਂਦਾ ਹੈ। ਪੰਜਾਬ ਦੇ ਹਰੇ-ਭਰੇ ਖੇਤ ਉਸ ਦੀ ਰੂਹ ਨੂੰ ਨਸ਼ਿਆਉਂਦੇ ਪ੍ਰਤੀਤ ਹੁੰਦੇ ਹਨ। ਕਪਾਹ ਦੇ ਕਾਲੇ ਖੇਤਾਂ ਨੂੰ ਲੰਮੀ-ਨਜ਼ਰੇ ਨਿਹਾਰਦੇ ਕਿਸਾਨ ਨੂੰ

ਚਿੱਟੇ-ਚੁਬਾਰਿਆਂ ਵਿਚ ਟਹਿਲਦੀ ਆਪਣੀ ਪਤਨੀ ਦੇ ਭੁਲੇਖੇ ਪੈਂਦੇ ਹਨ। ਖੇਤ ਦੇ ਬੰਨੇ 'ਤੇ ਬੈਠਾ ਉਹ ਬਟੇਰੇ ਵਾਂਗ ਝਾਕਦਾ ਹੈ ਤੇ ਆਖਦਾ ਹੈ :

ਪਤੀ : ਚਿੱਟਿਆਂ ਚੁਬਾਰਿਆਂ 'ਤੇ ਟਹਿਲਦੀ ਫਿਰੇਂ ਤੂੰ
ਬੈਠਾ ਬੰਨੇ 'ਤੇ ਬਟੇਰੇ ਵਾਂਗੂੰ ਝਾਕਾਂ
ਨੀ ਇਕ ਗੱਲ ਸੁਣ ਪਤਲੋ
ਤੈਨੂੰ ਮੁੜ ਕੇ ਕਦੇ ਨਾ ਆਖਾਂ...

ਕਿਸਾਨੀ ਅਨੁਭਵ, ਕਿਸਾਨੀ ਸੋਚ, ਕਿਸਾਨੀ ਪ੍ਰਤੀਕ/ਬਿੰਬ ਹਮੇਸ਼ਾ ਦੀਦਾਰ ਸੰਧੂ ਦੇ ਅੰਗ-ਸੰਗ ਰਹਿੰਦੇ ਹਨ। ਸ਼ਹਿਰਾਂ ਦੇ ਧੂੰਏਂ ਅਤੇ ਧੂੜ ਤੋਂ ਕਿਧਰੇ ਦੂਰ ਉਸ ਦੇ ਗੀਤ, ਪਿੰਡਾਂ ਦੇ ਕਾਲੇ, ਸੁਨਹਿਰੀ, ਹਰੇ-ਭਰੇ ਖੇਤਾਂ ਦੀਆਂ ਬਾਤਾਂ ਪਾਉਂਦੇ ਪ੍ਰਤੀਤ ਹੁੰਦੇ ਹਨ। ਪੰਜਾਬ ਦੇ ਸਧਾਰਨ ਕਿਰਤੀ ਕਿਸਾਨਾਂ ਦੀ ਜੀਉਂਦੀ-ਜਾਗਦੀ ਤਸਵੀਰ ਪੇਸ਼ ਕਰਦੇ ਹਨ। ਜਿਸ ਤਰ੍ਹਾਂ "ਲੋਕ-ਗੀਤਾਂ ਵਿਚ ਪੇਂਡੂ-ਕਿਸਾਨੀ-ਘਰ ਦਾ ਅੰਦਰਲਾ ਤੇ ਬਾਹਰਲਾ ਪਾਸਾ ਸਭ ਨਜ਼ਰ ਆ ਜਾਂਦਾ ਹੈ।"8 ਉਸੇ ਤਰ੍ਹਾਂ ਹੀ ਦੀਦਾਰ ਸੰਧੂ ਦੇ ਗੀਤਾਂ ਵਿਚ ਕਿਸਾਨੀ ਜੀਵਨ ਦੀਆਂ ਖ਼ੁਸ਼ੀਆਂ ਗ਼ਮੀਆਂ ਨੂੰ ਬੜੀ ਹੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਉਲੀਕਿਆ ਗਿਆ ਹੈ। ਗੁਰਦਾਸ ਮਾਨ ਦੀ 'ਜੀਵਨ ਅਤੇ ਰਚਨਾ' ਪੁਸਤਕ ਦੀ ਭੂਮਿਕਾ ਵਿਚ ਡਾ. ਰਾਜਿੰਦਰਪਾਲ ਸਿੰਘ ਲਿਖਦੇ ਹਨ ਕਿ "ਪੰਜਾਬ ਦੇ ਖੇਤਾਂ ਦੀ ਖ਼ੂਬਸੂਰਤੀ ਨੂੰ ਅਜੇ ਤੱਕ ਚੰਗੀ ਅੱਖ ਵਾਲੇ ਡਾਇਰੈਕਟਰ ਦੀ ਉਡੀਕ ਹੈ।"9 ਮੇਰੀ ਜਾਚੇ, ਉਹ ਡਾਇਰੈਕਟਰ, ਜਿਸ ਨੇ ਖੇਤਾਂ ਦੀ ਖ਼ੂਬਸੂਰਤੀ ਨੂੰ ਸੁੰਦਰ ਤਸ਼ਬੀਹਾਂ ਦੇ ਜ਼ਰੀਏ ਇਸਤੇਮਾਲ ਕਰ ਕੇ, ਸ਼ਬਦਾਂ ਦੇ ਦ੍ਰਿਸ਼ਾਂ ਰਾਹੀਂ ਰੂਪਮਾਨ ਕੀਤਾ ਹੈ ; ਉਹ ਡਾਇਰੈਕਟਰ ਸਾਡੇ ਕੋਲ ਦੀਦਾਰ ਸੰਧੂ ਦੇ ਰੂਪ ਵਿਚ ਬੈਠਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਅਸੀਂ ਉਸ ਨੂੰ ਅਣਗੌਲਿਆਂ ਕਰ ਛੱਡਿਆ ਹੈ। ਸਾਹਿਤ ਤੇ ਸਭਿਆਚਾਰ ਦੇ ਖੇਤਰ ਵਿਚ ਇਸ ਅਣਮੁੱਲੇ ਡਾਇਰੈਕਟਰ ਦੀਆਂ ਖਿੱਚੀਆਂ ਖੇਤਾਂ ਦੀਆਂ ਖ਼ੂਬਸੂਰਤ ਤਸਵੀਰਾਂ ਦਾ ਅਨੰਦ ਮਾਨਣ ਲਈ ਸਾਨੂੰ ਉਸ ਦੇ ਦੁਗਾਣਿਆਂ ਦਾ ਨਿਰਪੱਖ ਅਧਿਐਨ ਕਰਨ ਦੀ ਜ਼ਰੂਰਤ ਹੈ। ਘਰਾਂ, ਖੇਤਾਂ ਤੋਂ ਲੈ ਕੇ ਝੀਲਾਂ ਤੇ ਬਰਫ਼ਾਨੀ ਪਹਾੜਾਂ ਤੱਕ ਦੇ ਦ੍ਰਿਸ਼ਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਦ੍ਰਿਸ਼ਟਮਾਨ ਕਰ ਕੇ, ਦੀਦਾਰ ਸੰਧੂ ਨੇ ਦੁਗਾਣੇ ਨੂੰ ਉੱਚ-ਪੱਧਰ ਦੀ ਕਲਾ ਹੋਣ ਦਾ ਮਾਣ ਬਖ਼ਸ਼ਿਆ ਹੈ। (ਬਦਕਿਸਮਤੀ ਇਹ ਹੈ ਕਿ "ਪੰਜਾਬੀ ਗੀਤਕਾਰੀ ਦਾ ਦੁਖਾਂਤ ਇਹ ਹੈ ਕਿ ਇਸ ਨੂੰ ਤਥਾ-ਕਥਿਤ ਸਾਹਿਤ ਆਲੋਚਨਾ ਨੇ ਆਪਣੇ ਦਾਇਰੇ ਵਿਚੋਂ ਕੱਢ ਦਿੱਤਾ ਹੈ"।) ਡਾ. ਰਾਜਿੰਦਰਪਾਲ ਸਿੰਘ ਦੀਆਂ ਇਹ ਸਤਰਾਂ ਦੁਗਾਣੇ ਜਾਂ ਡਿਊਟ ਗੀਤਾਂ ਲਈ ਵਰਤੀਏ ਤਾਂ ਹੋਰ ਵੀ ਵਧੇਰੇ ਢੁਕਦੀਆਂ ਹਨ। ਆਉ ਆਪਾਂ ਵਰਣਤ ਗੀਤ ਦਾ ਅਗਲਾ ਪਹਿਰਾ ਉਕਤ ਗੱਲਾਂ ਦੇ ਆਧਾਰ ਉੱਤੇ ਵਾਚੀਏ :

ਕਾਲੇ-ਕਾਲੇ ਖੇਤ ਜਿਵੇਂ ਕਾਰਾ ਸਿਰ ਹੀਰ ਦਾ
ਪੌਂਦੀ ਆ ਭੁਲੇਖਾ ਟੇਢੀ ਡੰਡੀ ਟੇਢੇ ਚੀਰ ਦਾ

ਹੱਥ ਨਾਲ ਭੁੰਨ ਕੇ ਚਬਾਊਂ ਛੱਲੀਆਂ ਨੀ (ਤੈਨੂੰ)
ਮਾਰਾਂ ਮੱਕੀ ਦੇ ਖੇਤ 'ਚੋਂ ਹਾਕਾਂ
ਇਕ ਗੱਲ ਸੁਣ ਪਤਲੋ, ਤੈਨੂੰ ਮੁੜ ਕੇ ਕਦੇ ਨਾ ਆਖਾਂ...

ਕਿਸਾਨੀ ਤਜਰਬਾ ਦੱਸਦਾ ਹੈ ਕਿ ਹਾੜ ਦੇ ਮਹੀਨੇ ਤੋਂ ਲੈ ਕੇ ਅੱਸੂ ਦੇ ਮਹੀਨੇ ਤੱਕ ਮੱਕੀ ਦੀ ਫ਼ਸਲ ਹੁੰਦੀ ਹੈ। ਵਧੇਰੇ ਗਰਮੀ ਨਾਲ ਇਹ ਮੱਚ ਜਾਂਦੀ ਹੈ। ਦੂਜੇ ਪਾਸੇ ਇਹਨੀਂ ਦਿਨੀਂ ਹੀ ਖੇਤਾਂ ਵਿਚ ਕਪਾਹ ਦੀ ਫਸਲ ਵੀ ਹੁਲਾਰੇ ਲੈ ਰਹੀ ਹੁੰਦੀ ਹੈ। ਕਾਲੀ ਕਪਾਹ ਦੇ ਕਾਲੇ ਖੇਤਾਂ ਨੂੰ ਆਪਣੀ ਪਤਨੀ ਜਾਂ ਪ੍ਰੇਮਿਕਾ ਦੇ ਸਿਰ ਨਾਲ ਤਸ਼ਬੀਹ ਦੇਣਾ ਤੇ ਉਸੇ ਸਮੇਂ ਮੱਕੀ ਦੇ ਖੇਤਾਂ 'ਚੋਂ ਹਾਕਾਂ ਮਾਰਨਾ; ਜ਼ਿਹਨ ਵਿਚ ਜਿਹੜਾ ਪ੍ਰਤੀਬਿੰਬ ਸਿਰਜਦਾ ਹੈ, ਕੀ ਅਸੀਂ ਸੋਚ ਸਕਦੇ ਹਾਂ ਕਿ ਇਹ ਚਿੱਤਰ ਕਿਸੇ ਚੰਗੀ ਅੱਖ ਤੇ ਗਹਿਰੀ ਸੂਝ ਰੱਖਣ ਵਾਲੇ ਡਾਇਰੈਕਟਰ ਤੋਂ ਬਿਨਾਂ ਕੋਈ ਹੋਰ ਖਿੱਚ ਸਕਦਾ ਹੈ ? ਦੀਦਾਰ ਸੰਧੂ ਤਾਂ ਉਹ ਡਾਇਰੈਕਟਰ ਹੈ ਜਿਹੜਾ ਕਿਸਾਨੀ ਪੇਂਡੂ ਜੀਵਨ ਦੀ ਬਾ-ਕਮਾਲ ਤਸ਼ਵੀਰਕਸ਼ੀ ਕਰ ਸਕਦਾ ਹੈ। ਕਾਵਿ-ਸੰਵੇਦਨਾਂ ਅਤੇ ਕਾਵਿ-ਸਿਰਜਣਾ ਦੇ ਆਧਾਰ 'ਤੇ ਵਾਚੀਏ ਤਾਂ ਉਹ ਕਿਸਾਨੀ ਜੀਵਨ ਦੀ ਸਮੁੱਚੀ ਜ਼ਿੰਦਗੀ ਦਾ ਨਕਸ਼ਘਾੜਾ ਹੈ।

ਉਪਰੋਕਤ ਵਰਤੇ ਗੀਤ ਦੇ ਆਖ਼ਰੀ ਦੋ ਪਹਿਰੇ ਪੜ੍ਹੀਏ ਤਾਂ ਸਾਨੂੰ ਪ੍ਰਤੱਖ ਦਿਸੇ ਗਾ ਕਿ ਉਹ ਪਤੀ-ਪਤਨੀ ਦੇ ਸਮੁੱਚੇ ਸਬੰਧਾਂ ਪ੍ਰਤੀ ਕਿੰਨੀ ਸੰਵੇਦਨਾ ਰੱਖਦਾ ਹੈ। ਪਤੀ ਵੱਲੋਂ ਕਹੇ ਪਹਿਰੇ ਤੋਂ ਬਾਅਦ ਵਾਲੇ ਕਹੇ ਹੋਏ ਪਹਿਰੇ ਨੂੰ ਬਰਾਬਰ ਰੱਖ ਕੇ ਵਾਚੀਏ ਤਾਂ ਪਤੀ-ਪਤਨੀ ਦੇ ਗਹਿਰੇ ਮੋਹ ਨੂੰ ਰੂਪਮਾਨ ਹੋਇਆ ਵੇਖ ਸਕਦੇ ਹਾਂ :

ਪਤੀ : ਸੱਪ ਵਾਂਗੂੰ ਤੇਰੇ ਤੋਂ ਝਮਕਦਾ ਨਾ ਅੱਖ ਨੀ
ਤੇ ਸਾਡਾ ਇਕ ਦੂਜੇ 'ਤੇ ਬਰੋਬਰੀ ਦਾ ਹੱਕ ਨੀ
ਦਿਲ ਪ੍ਰਚਾਉਣ, ਖ਼ੁਸ਼ ਰਹਿਣ ਨਾਲੋਂ, ਸੁਣਿਆਂ ਮੈਂ
ਚੰਗੀਆਂ ਨਾ ਹੋਰ ਕੋਈ ਖ਼ੁਰਾਕਾਂ, ਨੀ ਇਕ ਗੱਲ...

ਅੱਗੇ ਵੇਖੋ :

ਪਤਨੀ : ਅੰਗਾਂ ਵਿਚੋਂ ਨਦੀ ਵਾਂਗੂੰ ਵਹਿਣਾ ਜਿਹਾ ਵਹਿ ਰਿਹੈ
ਲਗਦੈ ਚੰਡੋਲ 'ਤੇ ਸਰੀਰ ਝੂਟੇ ਲੈ ਰਿਹੈ
ਮੇਰੇ ਮੂੰਹੋਂ ਤੇਰਾ ਨਾਂ ਦੀਦਾਰ ਕਿੰਨਾਂ ਸੱਜੇ
ਉਂਜ ਜਪਦਾ ਜਹਾਨ ਭਾਵੇਂ ਸਾਰਾ
ਵੇ ਸੱਤਰੰਗੀ ਪੀਂਘ ਵਰਗਾ, ਮੇਰੇ ਲੱਕ ਤੋਂ ਪਵੇ ਲਿਸ਼ਕਾਰਾ...

ਅਜੋਕੇ ਸਮਾਜ ਵਿਚ ਮਨੁੱਖ ਆਰਥਿਕ ਵਸੀਲਿਆਂ ਦੀ ਘਾਟ ਕਾਰਣ ਘਰ-ਬਾਰ/ਦੇਸ਼ ਛੱਡ ਕੇ ਦੂਰ-ਦੁਰਾਡੇ ਧੰਨ ਕਮਾਉਣ ਦੀ ਲਾਲਸਾ ਅਧੀਨ ਪਰਵਾਸ ਕਰਦਾ ਹੈ। ਇਹ ਸਮੱਸਿਆ ਕੋਈ ਨਵੀਂ ਨਹੀਂ ਹੈ। ਬਹੁਤ ਪੁਰਾਣੇ ਸਮੇਂ ਤੋਂ ਹੀ ਮਨੁੱਖ ਨੂੰ ਜੀਵਨ ਦੀਆਂ ਲੋੜਾਂ ਦੀ ਪੂਰਤੀ ਹਿੱਤ ਅਜਿਹਾ ਕਰਨਾ ਪੈ ਰਿਹਾ ਹੈ। ਇਕ

ਸਮੇਂ ਅਜਿਹਾ ਵੀ ਹੁੰਦਾ ਸੀ ਕਿ ਪਤੀ, ਆਰਥਿਕ ਮਜਬੂਰੀ ਕਾਰਣ ਜਾਂ ਵਧੇਰੇ ਧਨ ਕਮਾਉਣ ਦੀ ਲਾਲਸਾ ਅਧੀਨ ਘਰ ਵਿਚ ਸੱਜ-ਵਿਆਹੀ ਪਤਨੀ ਨੂੰ ਛੱਡ ਕੇ ਦੂਰ-ਦੁਰਾਡੇ ਕਮਾਈ ਕਰਨ ਲਈ ਚਲੇ ਜਾਂਦੇ ਸਨ। ਉਸ ਸਮੇਂ ਆਵਾਜਾਈ ਦੇ ਸਾਧਨ ਵੀ ਸੀਮਿਤ ਹੀ ਹੁੰਦੇ ਸਨ। ਸੁਭਾਵਿਕ ਹੀ ਹੈ ਕਿ ਅਜਿਹੀ ਸਥਿਤੀ ਵਿਚ ਪ੍ਰਦੇਸ਼ੀ ਪਤੀ ਦੀ ਪਤਨੀ ਅਸਹਿ ਪੀੜਾ ਵਿਚੋਂ ਗੁਜ਼ਰਦੀ ਹੋਵੇਗੀ। ਸਾਲੂ ਵਿਚ ਲਪੇਟੀ ਨਵੀਂ-ਨਵੇਲੀ ਪਤਨੀ ਨੂੰ ਘਰ ਛੱਡ ਜਾਣ ਵਾਲੇ ਪਤੀ ਨੂੰ ਦੀਦਾਰ ਸੰਧੂ ਵਰਗਾ ਸੂਖ਼ਮਭਾਵੀ ਗੀਤਕਾਰ ਪੈਸੇ ਦਾ ਪੁੱਤ ਆਖਦਾ ਹੈ। ਪਤਨੀ ਨੂੰ ਇਹ ਅਹਿਸਾਸ ਹੈ ਕਿ ਉਸ ਦਾ ਪਤੀ ਪ੍ਰਦੇਸ਼ ਗਿਆ ਹੈ। ਸਹੁਰੇ ਘਰ ਜਾਣ ਨੂੰ ਉਸ ਦਾ ਜੀਅ ਨਹੀਂ ਕਰਦਾ ਤਾਂ ਉਹ ਅਜਿਹੇ ਭਾਵਾਂ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

ਪਤੀ : *ਮੇਰਾ ਆਸ਼ਕ ਲੁੱਡਾ ਚਾਂਦੀ ਦਾ, ਸਿਰ ਦੁਖਦਾ ਸਹੁਰੇ*
ਜਾਂਦੀ ਦਾ ਨਾ ਘਰੇ ਕੋਈ !
ਘਰ ਛੱਡ ਕੇ ਸੱਜ ਵਿਆਹੀ ਵੇ, ਮੇਰਾ ਦੂਰ ਤੁਰ ਗਿਆ
ਮਾਹੀ ਵੇ ਕੀ ਕਰੇ ਕੋਈ ? !

ਦੀਦਾਰ ਦੇ ਇਸ ਦੁਗਾਣੇ ਦੀ ਵਿਸ਼ੇਸ਼ਤਾ ਇਹ ਹੈ ਕਿ ਮਰਦ ਪਾਤਰ ਸਬੰਧਿਤ ਤੌਰ 'ਤੇ ਲੁਪਤ ਰਹਿੰਦਾ ਹੈ, ਪਤਾ ਨਹੀਂ ਲੱਗਦਾ ਕਿ ਉਹ ਕੌਣ ਹੈ ? ਸਮੁੱਚੇ ਗੀਤ ਦਾ ਅਧਿਐਨ ਕਰੇ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਦੀਦਾਰ ਸੰਧੂ ਦੀ ਕਲਾਤਮਿਕਤਾ ਦਾ ਕਮਾਲ ਹੈ ਕਿ ਉਹ ਸਮਾਜ ਰੂਪੀ ਪਾਤਰ ਰਾਹੀਂ ਇਕੱਲੀ ਪਤਨੀ ਤੋਂ ਵਾਰਤਾਲਾਪ ਕਰਵਾ ਸਕਦਾ ਹੈ। ਪਤਨੀ ਨੂੰ ਸਮਝਾਉਂਦੇ ਹੋਏ ਸਮਾਜ ਆਖਦਾ ਹੈ ਕਿ ਅਜਿਹੇ ਬੰਦਿਆਂ ਨੂੰ ਧਨ/ਪੈਸੇ ਦਾ ਹੀ ਮੋਹ ਹੁੰਦਾ ਹੈ ਭਾਵੇਂ ਕੋਈ ਲੱਖ ਲੜੇ ਤੇ ਸਮਝਾਵੇ ਅਜਿਹੀਆਂ ਮਨੋਭਾਵਨਾਵਾਂ ਨੂੰ ਪੈਸੇ ਦੇ ਪੁੱਤ ਸਮਝ ਨਹੀਂ ਸਕਦੇ। ਦੁਗਾਣੇ ਦੇ ਰਾਹੀਂ ਸਮਾਜ ਦਾ ਇਹ ਬਿਆਨ ਇਉਂ ਪੇਸ਼ ਹੁੰਦਾ ਹੈ :

ਸਮਾਜ : *ਜਿਹੜੇ ਢੋਲ ਦੁਰਾਡੇ ਰਹਿੰਦੇ ਨੀ, ਉਹਨੂੰ ਪੈਸੇ ਦੇ ਪੁੱਤ*
ਕਹਿੰਦੇ ਨ. ਲੱਖ ਲੜੇ ਕੋਈ !
ਘਰ ਸਾਲੂ ਵਿਚ ਲਪੇਟੀ ਨੂੰ, ਛੱਡ ਤੁਰ ਗਿਆ
ਹੀਰ-ਸਲੇਟੀ ਨੂੰ ਦਿਨ ਚੜ੍ਹੇ ਕੋਈ !

ਪ੍ਰੀਤਾਤਮਿਕ ਸ਼ੈਲੀ ਵਿਚ ਰਚੇ ਇਸ ਗੀਤ ਵਿਚ ਗੀਤਕਾਰ ਦੀ ਮਾਨਵੀ ਸੰਵੇਦਨਾ ਦੇ ਦਰਸ਼ਨ ਹੁੰਦੇ ਹਨ। ਪਤਨੀ ਦੇ ਪਾਤਰ ਰਾਹੀਂ ਜਿਹੜੀ ਮਨੋਵਿਗਿਆਨਕ ਸੋਚ/ਸੂਝ ਗੀਤ ਵਿਚੋਂ ਝਲਕਦੀ ਹੈ ਉਹ ਕਾਬਿਲ-ਏ-ਗੌਰ ਹੈ :

ਪਤਨੀ : *ਧਰ ਪੱਥਰ ਤਿਲ ਦੇ ਉੱਤੇ ਵੇ, ਪਏ ਸੂਟ ਵਰੀ ਦੇ ਸੁੱਚੇ ਵੇ !*
ਪੀ ਦੇਸੀ ਦਾਰੂ ਸਸਤੀ ਵੇ, ਮੇਰਾ ਦਿਉਰ ਕਰੇ ਖੜਮਸਤੀ ਵੇ
ਕਿਉਂ ਜ਼ਰੇ ਕੋਈ !
ਘਰ ਸ਼ਾਲੂ ਵਿਚ...

ਵਿਆਹ ਕਰਵਾ ਕੇ ਤੁਰ ਗਏ ਪਤੀ ਨਾਲ ਸਬੰਧਿਤ ਕਿਲੀ ਉੱਤੇ ਟੰਗੇ ਸਿਹਰੇ ਵੀ ਪਤਨੀ ਨੂੰ ਪੀੜਾ ਦਿੰਦੇ ਹਨ ਤੇ ਪਤੀ ਦੀਆਂ ਉਹ ਚਿੱਠੀਆਂ ਜਿਨ੍ਹਾਂ ਵਿਚ ਉਸ ਨੇ ਆਪਣੇ ਆਉਣ ਸਬੰਧੀ ਵੇਰਵਾ ਵੀ ਨਹੀਂ ਦਿੱਤਾ, ਬਿਹਬਲ ਕਰ ਦਿੰਦੀਆਂ ਹਨ ਤੇ ਦੁੱਖੀ ਹੋਈ ਉਹ ਆਖਦੀ ਹੈ :

ਪਤਨੀ : ਜੋ ਸਿਹਰੇ ਬੰਨ੍ਹੇ ਗਏ ਵੇ, ਕਿਲੀ 'ਤੇ ਟੰਗੇ ਪਏ ਵੇ
ਕੀ ਲੋੜਾਂ ਚਿੱਠੀਆਂ ਪਾਉਣ ਦੀਆਂ, ਨਾ ਲਿਖੇਂ ਤਰੀਕਾਂ
ਆਉਣ ਦੀਆਂ ਕੀ ਪੜ੍ਹੇ ਕੋਈ !

ਭਾਵੇਂ ਸਮਾਜ ਪਤਨੀ ਨੂੰ ਇਸ ਦਾ ਸੰਪੂਰਨ ਹੱਲ ਨਹੀਂ ਦੇ ਸਕਦਾ ਪਰੰਤੂ ਪੁਰਾਤਨ ਮਾਨਤਾਵਾਂ ਤੇ ਧਾਰਨਾਵਾਂ ਅਧੀਨ ਉਹ ਦ੍ਰਿਸ਼ਟਾਂਤ ਤਾਂ ਪੇਸ਼ ਕਰ ਹੀ ਸਕਦਾ ਹੈ ਕਿ ਚਾਹੇ ਅਜਿਹੇ ਪਤੀ ਵੀ ਹਨ ਜੋ ਧਨ ਕਮਾਉਣ ਖ਼ਾਤਰ ਸੱਜ-ਵਿਆਹੀ ਪਤਨੀ ਨੂੰ ਛੱਡ ਦੂਰ-ਤੁਰਾਡੇ ਚਲੇ ਜਾਂਦੇ ਹਨ ਪਰੰਤੂ ਇਥੇ ਅਜਿਹੇ ਮਨੁੱਖ ਵੀ ਹਨ ਜਿਹੜੇ ਸਵੇਰੇ ਕਮਾਈ ਕਰਨ ਗਏ ਸ਼ਾਮ ਤੱਕ ਘਰ ਮੁੜ ਆਉਂਦੇ ਹਨ। ਪਤਨੀ ਅਜਿਹੇ ਲੋਕਾਂ ਦਾ ਵਾਸਤਾ ਪਾ ਕੇ ਪਤੀ ਨੂੰ ਸੁਝਾਅ ਤਾਂ ਦੇ ਹੀ ਸਕਦੀ ਹੈ ਕਿ ਉਨ੍ਹਾਂ ਵੱਲ ਵੇਖ ਜੋ ਅਜਿਹੇ ਜੋੜੇ ਵੀ ਹਨ :

ਸਮਾਜ : ਸੰਧੂ ਦਾ ਵੇਖ ਸੁਭਾਅ ਅੜੀਏ, ਉਹ ਦੋਵੇਂ ਦਿਲ ਦਰਿਆ
ਅੜੀਏ ਉਹ ਚੋਗ ਚੁਗਣ ਤਾਂ ਜਾਂਦੇ ਨੇ ਪਰ ਰੋਜ਼ ਆਲ੍ਹਣੇ ਆਂਦੇ
ਨੇ ਨਾ ਸੜੇ ਕੋਈ.....

ਪੰਜਾਬੀ ਕਿਸਾਨੀ ਪਰਿਵਾਰਾਂ ਵਿਚ ਲਾਣੇ ਵਿਚੋਂ ਜਦੋਂ ਛੋਟੇ ਪੁੱਤ ਦਾ ਵਿਆਹ ਪਹਿਲਾਂ ਹੋ ਜਾਂਦਾ ਹੈ ਤੇ ਵੱਡਾ ਪੁੱਤ ਵਿਆਹ ਤੋਂ ਰਹਿ ਜਾਂਦਾ ਹੈ ਤਾਂ ਉਸ ਨੂੰ ਪੰਜਾਬੀ ਸਭਿਆਚਾਰ ਅਨੁਸਾਰ ਛੜਾ ਆਖ ਦਿੱਤਾ ਜਾਂਦਾ ਹੈ। ਛੜੇ ਅਤੇ ਕੁਆਰੇ ਬੰਦੇ ਵਿਚ ਵਖਰੇਵਾਂ ਵੀ ਹੈ। ਕੁਆਰਾ ਬੰਦਾ ਉਹ ਹੁੰਦਾ ਹੈ ਜਿਸ ਦਾ ਵਿਆਹ ਅਜੇ ਨਾ ਹੋਇਆ ਹੋਵੇ ਪਰ ਹੋਣ ਦੀ ਪੂਰੀ ਸੰਭਾਵਨਾ ਹੋਵੇ। ਪਰ ਛੜਾ ਬੰਦਾ ਉਹ ਹੁੰਦਾ ਹੈ ਜਿਸ ਦੇ ਵਿਆਹ ਦੀ ਉਮਰ ਲੰਘ ਚੁੱਕੀ ਹੋਵੇ ਤੇ ਵਿਆਹ ਹੋਣ ਦੀ ਸੰਭਾਵਨਾ ਵੀ ਨਾ-ਮਾਤਰ ਹੋਵੇ। ਦੀਦਾਰ ਸੰਧੂ ਅਜਿਹੀ ਪਰਿਵਾਰਕ ਸਥਿਤੀ ਵਿਚੋਂ ਨਿੱਜੀ ਤੌਰ 'ਤੇ ਲੰਘਿਆ ਸੀ। ਉਹ ਖ਼ੁਦ ਆਪਣੇ ਸਾਰੇ ਭਰਾਵਾਂ ਵਿਚੋਂ ਛੋਟਾ ਸੀ ਤੇ ਸਭ ਤੋਂ ਪਹਿਲਾਂ ਉਸੇ ਦਾ ਵਿਆਹ ਹੋਇਆ ਸੀ। ਘਰ ਵਿਚ ਛੜੇ ਬੰਦੇ ਦੀ ਸਥਿਤੀ ਅਤੇ ਭਾਵਨਾ ਨੂੰ ਇਕ ਸੰਵੇਦਨਸ਼ੀਲ ਅਤੇ ਨਿਪੁੰਨ ਕਲਾਕਾਰ ਵੱਲੋਂ ਅੱਖੋਂ ਪਰੋਖੇ ਕੀਤੇ ਜਾਣ ਦੀ ਸੰਭਾਵਨਾ ਹੀ ਨਹੀਂ ਬਚਦੀ। ਅਜੋਕੇ ਸਮਾਜ ਅੰਦਰ ਕੁੜੀਆਂ ਦੀ ਗਿਣਤੀ ਘੱਟ ਹੋਣ ਬਾਰੇ ਖ਼ੂਬ ਚਰਚਾ ਹੋ ਰਹੀ ਹੈ ਪਰ ਅੱਜ, ਜਿਨ੍ਹਾਂ ਪਰਿਵਾਰਾਂ ਵਿਚ ਚਾਰ-ਚਾਰ ਛੜੇ ਹੁੰਦੇ ਸਨ ਉਨ੍ਹਾਂ ਪਰਿਵਾਰਾਂ ਦੀ ਅਜੋਕੀ ਪੀੜ੍ਹੀ ਵਿਚ ਇਕ ਵੀ ਛੜਾ ਨਹੀਂ ਦਿਸਦਾ। ਜਦੋਂ ਸੱਚੀਂ-ਮੁੱਚੀਂ ਕੁੜੀਆਂ ਦੀ ਗਿਣਤੀ ਘੱਟ ਹੁੰਦੀ ਸੀ; ਬਗ਼ੈਰ ਕੋਈ ਕਾਗ਼ਜ਼ੀ ਅੰਕੜੇ ਦੇਖਿਆਂ ਸਮਾਜ ਦੀ ਜੀਉਂਦੀ-ਜਾਗਦੀ ਤਸਵੀਰ ਵਿਚੋਂ ਸਾਫ਼ ਝਲਕਦੀ ਸੀ। ਇਕ-ਇਕ ਘਰ ਵਿਚ 3 ਤੋਂ 4-4 ਤੱਕ ਵੀ

ਛੜੇ ਰਹਿ ਜਾਂਦੇ ਸਨ। ਦੀਦਾਰ ਸੰਧੂ ਦੇ ਵੀ ਤਿੰਨ ਭਰਾ ਛੜੇ ਸਨ ਤੇ ਚੌਥਾ ਵੱਡਾ ਭਰਾ ਵੀ ਦੀਦਾਰ ਨਾਲੋਂ ਬਾਅਦ ਵਿਚ ਵਿਆਹਿਆ ਗਿਆ ਸੀ। ਅੱਜ ਦੀਦਾਰ ਸੰਧੂ ਦੇ ਖ਼ਾਨਦਾਨ ਵਿਚ ਇਕ ਵੀ ਛੜਾ ਨਹੀਂ ਹੈ। ਅਜਿਹਾ ਹੀ ਬਾਕੀ ਪੰਜਾਬੀ ਕਿਰਸਾਣੇ ਪਰਿਵਾਰਾਂ ਵਿਚ ਵੇਖਣ ਨੂੰ ਮਿਲਦਾ ਹੈ। ਇਕ ਪੁਰਾਣੇ ਬਜ਼ੁਰਗ ਕੋਲੋਂ ਮਿਲੀ ਜਾਣਕਾਰੀ ਮੁਤਾਬਿਕ 1935-36 ਵਿਚ ਮੁੱਲ ਦੇ ਵਿਆਹ ਕੀਤੇ ਜਾਂਦੇ ਸਨ ਅਤੇ ਲੋਕ ਪੈਸੇ ਲੈਣ ਦੇ ਲਾਲਚ ਵੱਸ ਕੁੜੀਆਂ ਨੂੰ ਵੱਡੀ ਉਮਰ ਤੱਕ ਵਿਆਹੁੰਦੇ ਨਹੀਂ ਸਨ (ਸ਼ਾਇਦ ਇਸੇ ਅਨੁਭਵ ਵਿਚੋਂ 'ਕੰਤ ਨਿਆਣੇ ਨੇ ਮੈਂ ਗੀਠੇ ਖੇਡਣ ਲਾ ਲਈ' ਵਰਗੇ ਦੁਗਾਣੇ ਉਪਜੇ ਹੋਣਗੇ।) ਬਜ਼ੁਰਗ ਸਰਦਾਰ ਜ਼ੋਰਾ ਸਿੰਘ ਦੇ ਦੱਸਣ ਮੁਤਾਬਿਕ "ਪੈਸੇ ਦੇ ਲਾਲਚ ਲਈ ਤੇ ਕੁੜੀਆਂ ਘੱਟ ਹੋਣ ਕਾਰਣ ਲੋਕ ਅਨੰਦ ਕਾਰਜ/ਫੇਰੇ ਦੀ ਰਸਮ ਸਮੇਂ ਵੀ ਅੜ ਜਾਂਦੇ ਸਨ, ਮੂੰਹੋਂ ਮੰਗਵੇਂ ਪੈਸੇ ਪ੍ਰਾਪਤ ਹੋਣ 'ਤੇ ਹੀ ਅਨੰਦ/ਫੇਰੇ ਹੁੰਦੇ ਸਨ।" ਬਜ਼ੁਰਗ ਦੇ ਦੱਸਣ ਮੁਤਾਬਿਕ ਬਾਂਸਲੀ (ਕੱਪੜੇ ਦੀ ਬਣੀ ਰੁਪਏ ਪਾਉਣ ਵਾਲੀ ਥੈਲੀ) ਨਾਲ ਲੈ ਕੇ ਜਾਂਦੇ ਸਨ ਕਿਉਂ ਜੋ ਕੁੜੀ ਵਾਲੇ ਅੜ੍ਹ ਗਏ ਤਾਂ ਪੈਸੇ ਦੇਣੇ ਪੈਣਗੇ। ਉਸ ਸਮੇਂ ਹਾਲਾਤ ਅਜਿਹੇ ਸਨ ਕਿ ਤਿੰਨ ਘਰਾਂ ਵਿਚੋਂ ਦੋ ਘਰ ਪੈਸੇ ਲੈ ਕੇ ਕੁੜੀ ਦਾ ਵਿਆਹ ਕਰਦੇ ਸਨ, ਇਕ ਘਰ ਪੁੰਨ ਦਾ ਵਿਆਹ ਕਰਦਾ ਸੀ। ਇਸ ਪ੍ਰਕਾਰ 1970 ਤੋਂ ਬਾਅਦ ਹੀ ਦਾਜ ਸ਼ੁਰੂ ਹੋਇਆ ਜੋ ਅੱਜ ਤੱਕ ਜਾਰੀ ਹੈ। ਇਕ ਅਜਿਹਾ ਹੀ ਵਕਤ ਸੀ ਜਦੋਂ "ਭੂਗੋਲਿਕ ਹਾਲਾਤ ਨਾ-ਸਾਜ਼ ਹੋਣ ਕਾਰਣ ਪੰਜਾਬ ਦੇ ਲੋਕਾਂ ਦੀ ਆਰਥਿਕਤਾ ਕਮਜ਼ੋਰ ਰਹੀ ਹੈ। ਇਸ ਕਰ ਕੇ ਚਾਰ-ਪੰਜ ਪੁੱਤਰਾਂ ਵਿਚੋਂ ਇਕ ਦਾ ਹੀ ਵਿਆਹ ਹੁੰਦਾ ਤੇ ਬਾਕੀ ਦੇ ਛੜੇ ਰਹਿ ਜਾਂਦੇ। ਔਰਤ ਦੇ ਸਾਥ ਤੋਂ ਵਿਹੂਣੀ ਧਿਰ ਅਤੇ ਵਿਆਹਿਆਂ ਦੇ ਆਪਸੀ ਦਵੰਦ ਵਿਚੋਂ ਮਾਲਵੇ ਦੀ ਬਹੁਤੀ ਲੋਕਧਾਰਾ ਵਿਕਸਤ ਹੋਈ।"[10] ਵੈਸੇ ਤਾਂ ਮਰਦ-ਪ੍ਰਧਾਨ ਸਮਾਜ ਵਿਚ ਮਰਦ, ਔਰਤਾਂ ਵਾਲੇ ਕੰਮ ਕਰਨ ਨੂੰ ਨਫ਼ਰਤ ਕਰਦਾ ਸੀ ਪਰੰਤੂ ਉਸ ਸਮੇਂ ਕੁੜੀਆਂ ਦੀ ਗਿਣਤੀ ਘੱਟ ਹੋਣ ਕਰ ਕੇ ਵਿਆਹ ਦਾ ਮਹੱਤਵ ਐਨਾਂ ਜ਼ਿਆਦਾ ਸੀ ਕਿ ਉਹ (ਮਰਦ) ਵਿਆਹ ਕਰਵਾਉਣ ਵਾਸਤੇ ਕਿਸੇ ਵਿਚੋਲਣ ਦਾ ਨੰਗੇ ਸਿਰ ਪਾਣੀ ਵੀ ਭਰ ਸਕਦਾ ਸੀ। ਜੇਕਰ ਕੁਦਰਤੀ, ਸਮਾਜ ਵਿਚ ਕਿਸੇ ਮਰਦ ਦੇ ਦੋ ਪਤਨੀਆਂ ਵੇਖਣ ਨੂੰ ਮਿਲ ਜਾਂਦੀਆਂ ਤਾਂ ਉਸ ਨੂੰ ਵੇਖ ਕੇ ਤਾਂ ਛੜੇ ਬੰਦੇ ਦਾ ਬੁਰਾ ਹਾਲ ਹੀ ਹੋ ਜਾਂਦਾ ਸੀ। ਲੋਕ-ਗੀਤਾਂ ਵਿਚ ਅਜਿਹਾ ਵਾਪਰਦਾ ਹੈ ਕਿ ਜਦੋਂ ਛੜੇ ਆਪਣੇ ਸਿਰਜਣ ਹਾਰ ਨੂੰ ਉਦਰੇਵੇਂ, ਤਰਸੇਵੇਂ ਅਤੇ ਪਛਤਾਵੇ ਕਾਰਣ ਉਲਾਂਭੇ ਦਿੰਦੇ ਸਨ। ਆਪਣੀ ਮਾਨਵੀ ਹੋਂਦ ਜਤਾਉਣ ਲਈ ਕਰੁਣਾਮਈ ਸ਼ਬਦਾਂ ਵਿਚ ਉਹ ਰੱਬ ਨੂੰ ਆਖਦੇ ਸਨ :

"ਸਾਨੂੰ ਤਾਂ ਤੂੰ ਸਾਜ ਕੇ ਰੱਬਾ, ਆਪ ਹੋ ਗਿਆ ਅੰਨ੍ਹਾਂ"[11]

ਬਿਲਕੁਲ ਏਹੋ ਜਿਹੀ ਸਥਿਤੀ ਦਾ ਵਰਨਣ ਦੀਦਾਰ ਸੰਧੂ ਛੜੇ ਦੇ ਪਾਤਰ ਅਤੇ ਸਮਾਜ ਦੇ ਪਾਤਰ ਤੋਂ ਵਾਰਤਾਲਾਪ ਕਰਵਾ ਕੇ ਭਾਵਨਾਵਾਂ ਨੂੰ ਅਭਿਵਿਅਕਤੀ ਇਸ ਤਰ੍ਹਾਂ ਦਿੰਦਾ ਹੈ :

ਛੜਾ	:	*ਇਕਨਾਂ ਦੇ ਦੋ-ਦੋ ਨਾਰਾਂ, ਇਕ ਨੇ ਘਰ ਵਾਂਗ ਉਜਾੜਾਂ* *ਸਾਡੇ ਲੇਖ ਪੜੇਂ ਕੇਹੋ ਜਿਹੀ ਕਿਤਾਬ ਤੋਂ !* *ਡਾਹਢਾ ਤੰਗ ਆਇਆ ਹਾਂ ਤੇਰੇ ਹਿਸਾਬ ਤੋਂ ! ਮੈਂ...*

ਇਹ ਜ਼ਿਕਰ ਪਹਿਲਾਂ ਵੀ ਹੋ ਚੁੱਕਾ ਹੈ ਕਿ ਆਪਣੀ ਗੱਲ ਨੂੰ ਪੂਰਨ ਰੂਪ ਵਿਚ ਕਹਿਣ ਲਈ ਦੀਦਾਰ ਸੰਧੂ ਸਮਾਜ ਰੂਪੀ ਪਾਤਰ ਨੂੰ ਬੁਲਾਉਣ ਲਈ ਆਪਣੀ ਵਿਲੱਖਣ ਤਕਨੀਕ ਦਾ ਇਸਤੇਮਾਲ ਕਰਦਾ ਹੈ। ਇਥੇ ਵੀ ਜਦੋਂ ਛੜਾ ਬੰਦਾ ਕਿਸੇ ਧਾਰਮਿਕ ਸਥਾਨ 'ਤੇ ਜਾ ਕੇ ਰੱਬ ਨੂੰ ਸੰਬੋਧਿਤ ਹੁੰਦਾ ਹੈ ਤਾਂ ਪ੍ਰਤੀਉਤਰ ਵਜੋਂ ਦੀਦਾਰ ਦਾ ਇਹ ਨਿਵੇਕਲਾ ਪਾਤਰ (ਸਮਾਜ) ਇਉਂ ਉਤਰ ਦਿੰਦਾ ਹੈ :

ਉੱਤਰ	:	*ਟੇਕਣ ਤੂੰ ਮੱਥਾ ਆਉਂਦਾ, ਰਹਿੰਦਾ ਕਿਉਂ ਪੂਛ ਹਿਲਾਉਂਦਾ* *ਏਥੇ ਕਿਹੜਾ ਰੰਨਾਂ ਦਾ ਬਜ਼ਾਰ ਛੜਿਆ !* *ਬੋਲ ਮੂੰਹੋਂ ਸੱਤ ਕਰਤਾਰ ਛੜਿਆ !*

ਰੱਬ ਦੀ ਹੋਂਦ 'ਤੇ ਪ੍ਰਸ਼ਨ-ਚਿੰਨ੍ਹ ਲਾਉਂਦਾ ਛੜਾ ਬੰਦਾ ਕਿਸਮਤ ਰੂਪੀ ਲਿਫ਼ਾਫ਼ੇ ਉੱਤੇ ਸ਼ੱਕ ਕਰਦਾ ਹੈ ਤੇ ਸਮਾਜ ਕੋਲੋਂ ਸਪੱਸ਼ਟ ਉੱਤਰ ਦੀ ਮੰਗ ਇਉਂ ਕਰਦਾ ਹੈ :

ਛੜਾ : ਕਿਹੜਾ ਦੱਸ ਲਾਏ ਕਿਆਫ਼ੇ, ਕੀ ਆ ਵਿਚ ਬੰਦ ਲਿਫ਼ਾਫ਼ੇ
ਸਾਰੀ ਉਮਰਾ ਦੇ ਘਾਟੇ, ਇਕ ਦਿਨ ਬਣ ਜਾਣ ਮੁਨਾਫ਼ੇ !
ਏਦੂੰ ਚੰਗਾ ਟੱਲੀ ਵਰਗੇ ਜਵਾਬ ਤੋਂ
ਡਾਹਢਾਂ ਤੰਗ ਆਇਆ ਹਾਂ ਤੇਰੇ ਹਿਸਾਬ ਤੋਂ...

ਇਸ ਗੀਤ ਵਿਚ ਇਕ ਕਮਾਲ ਦੀ ਘਟਨਾ ਘਟਦੀ ਹੈ। ਇਕ ਪਾਸੇ ਛੜੇ ਦਾ ਪਾਤਰ ਹੈ ਜੋ ਔਰਤ-ਵਿਹੂਣੀ ਜ਼ਿੰਦਗੀ ਦਾ ਸਤਾਇਆ ਹੋਇਆ ਸਮਾਜ ਦੇ ਰੱਬ ਵਾਲੇ ਸੰਕਲਪ ਉੱਤੇ ਪ੍ਰਸ਼ਨ-ਦਰ-ਪ੍ਰਸ਼ਨ ਖੜ੍ਹੇ ਕਰ ਰਿਹਾ ਹੈ। ਦੂਜੇ ਪਾਸੇ ਔਰਤ ਦੇ ਪਾਤਰ ਰਾਹੀਂ ਸਮੁੱਚਾ ਸਮਾਜ ਬੋਲਦਾ ਹੈ ਜੋ ਹੋਣੀ, ਸੰਯੋਗ, ਵਿਯੋਗ ਅਤੇ ਕਿਸਮਤ ਵਰਗੇ ਗੈਬੀ ਸੰਕਲਪਾਂ ਦੀ ਹਾਮੀ ਭਾਰਦਾ ਤੇ ਕੋਈ ਵੀ ਸਾਰਥਕ ਹੱਲ ਨਹੀਂ ਸੁਝਾਉਂਦਾ। ਇਥੇ ਇਹ ਦੀਦਾਰ ਸੰਧੂ ਦੀ ਕਲਾ ਦੀ ਕਮਜ਼ੋਰੀ ਨਹੀਂ ਸਗੋਂ ਸਮਾਜ ਦਾ ਸਾਰਥਿਕ ਚਿਤਰਣ ਹੈ। ਬੇਇਨਸਾਫ਼ੀ ਭੋਗਦਾ ਮਨੁੱਖ ਜਾਗ੍ਰਿਤ ਹੁੰਦਾ ਹੈ, ਚੇਤੰਨਤਾ ਉਸ ਨੂੰ ਸਮੁੱਚੇ ਸਮਾਜਿਕ-ਧਾਰਮਿਕ ਸਿਸਟਮ (ਜਿਸ ਵਿਚ ਇਕੱਲਾ ਬੰਦਾ ਸੰਤਾਪ ਦਾ ਭਾਗੀ ਬਣਦੀ ਹੈ) ਉੱਤੇ ਪ੍ਰਸ਼ਨ ਖੜ੍ਹੇ ਕਰਨ ਲਈ ਉਕਸਾਉਂਦੇ ਹਨ ਪਰੰਤੂ ਇਕੱਲੇ-ਇਕਹਿਰੇ ਬੰਦੇ ਨਾਲੋਂ ਬਹੁ-ਗਿਣਤੀ ਵਾਲਾ ਸਮਾਜ ਹੀ ਬਲਵਾਨ ਤੇ ਭਾਰੂ ਸਿੱਧ ਹੁੰਦਾ ਹੈ। ਦੀਦਾਰ ਸੰਧੂ ਸਾਰੇ ਵਰਤਾਰੇ ਦੀ ਸਾਰਥਿਕ ਤਸਵੀਰ ਖਿਚਦਾ ਹੈ। ਇਥੇ ਸਮਾਜਿਕ ਸੰਵੇਦਨਾ ਨਾਲ ਮਾਨਵੀ ਤੇ ਮਾਰਕਸੀ ਸੁਰ ਵੀ ਪ੍ਰਗਟ ਹੁੰਦੀ ਹੈ, ਜਿਹੜੀ ਛੜੇ ਦੇ ਪਾਤਰ ਰਾਹੀਂ ਰੱਬ ਨੂੰ ਸਿੱਧੇ ਸਵਾਲ ਕਰਦੀ ਹੈ ; ਸਮਾਜ ਛੜੇ ਨੂੰ ਦਿਲ ਵੱਸ ਵਿਚ ਕਰਨ ਦੀ ਸਲਾਹ ਦਿੰਦਾ, ਕਿਸਮਤ ਦੇ ਪੱਖ ਵਿਚ ਇਉਂ ਭੁਗਤਦਾ ਹੈ :

ਕਰ ਲੈ ਦਿਲ ਵੱਸ 'ਚ, ਕਾਹਨੂੰ ਕਰਮਾਂ ਨਾਲ ਝਗੜੀ ਜਾਨੈਂ
ਜਾਹ ਕਰ ਕੋਈ ਕਿਰਤ ਕਮਾਈ, ਕਿਉਂ ਮੱਥਾ ਰਗੜੀ ਜਾਨੈਂ
ਹੱਕ ਲੈ ਗਏ, ਜਿਹੜੇ ਹੱਕਦਾਰ ਛੜਿਆ ; ਬੋਲ ਮੂੰਹੋਂ ਸੱਤ ਕਰਤਾਰ ਛੜਿਆ...

ਸਮਾਜ ਦੀ ਇਸ ਅਸਪੱਸ਼ਟ ਧਾਰਣਾ ਸਾਹਮਣੇ ਛੜਾ ਬੰਦਾ ਕਿਸਮਤਵਾਦੀ ਸੋਚ ਦੇ ਖਿਲਾਫ਼ ਹਿੱਕ ਤਾਣ ਕੇ ਖੜ੍ਹਦਾ, ਰੱਬਵਾਦੀ ਸੋਚ ਨੂੰ ਚੁਣੌਤੀ ਦਿੰਦਾ ਹੈ :

ਮੈਂ ਕਹਿਨੈਂ ਕੀ ਦੱਸ ਕਹਿਣੈ ਬਾਬੇ ਨੂੰ ਹਿੱਕ ਤਾਣ ਕੇ
ਬੁਝਲੀਂ ਫਿਰ ਤੂੰ ਵੀ, ਮੇਰੇ ਮੁੰਡੇ ਦੇ ਕਿਥੇ ਨਾਨਕੇ
ਹੋਗੀ ਜਾ ਬਲੈਕ ਪੱਛਮੀ ਪੰਜਾਬ ਤੋਂ
ਡਾਹਢਾ ਤੰਗ ਆਇਆ...

ਲੰਘੇ ਦਹਾਕੇ ਵਿਚਕਾਰ ਇਕ ਦੌਰ ਅਜਿਹਾ ਵੀ ਆਇਆ ਸੀ, ਕਿ ਜਿਹੜਾ ਕਿਸਾਨ ਜੱਟ ਕਿਸੇ ਸਮੇਂ ਖੁਸ਼ਹਾਲੀ ਦਾ ਪ੍ਰਤੀਕ ਹੁੰਦਾ ਸੀ, ਹੁਣ ਉਹ ਕਰਜਾਈ ਹੋ ਕੇ ਆਤਮ-ਹੱਤਿਆਵਾਂ ਦੇ ਕੋਝੇ ਰਾਹ ਪੈ ਗਿਆ। ਵਧੇਰੇ ਵਖਾਵੇ ਦੀ ਭੁੱਖ, ਦਾਜ-ਦਹੇਜ ਦਾ ਰਿਵਾਜ਼, ਨਸ਼ੇ, ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ, ਹੱਥੀਂ ਕੰਮ ਕਰਨ ਤੋਂ ਸੰਕੋਚ, ਬੇਲੋੜੇ ਖਰਚੇ ਜਾਂ ਫਸਲਾਂ ਦੇ ਘੱਟ ਭਾਅ ਆਦਿ, ਕਾਰਣ ਕੁਝ ਵੀ ਰਹੇ ਹੋਣ; ਸਾਲੇ ਲੇਖਕਾਂ ਅਤੇ ਸਾਹਿਤਕਾਰਾਂ ਨੇ ਇਸ ਕਿਸਾਨੀ-ਸੰਤਾਪ ਦਾ ਵਰਨਣ ਆਪੋ-ਆਪਣੀਆਂ ਰਚਨਾਵਾਂ ਵਿਚ ਜ਼ਰੂਰ ਕੀਤਾ ਹੈ। ਦੀਦਾਰ ਸੰਧੂ ਨੇ ਜਿਸ ਸਮੇਂ ਗੀਤ-ਰਚਨਾ ਕੀਤੀ ਉਹ ਇਸ ਤੋਂ ਪਹਿਲਾਂ ਦਾ ਸਮਾਂ ਹੈ। ਖੁਸ਼ਹਾਲੀ ਦੇ ਕਿਸਾਨੀ ਦੌਰ ਨੂੰ ਦੀਦਾਰ ਨੇ ਹੱਡੀਂ ਹੰਢਾਇਆ ਹੈ। ਫਿਰ ਵੀ ਉਸ ਸਮੇਂ ਕੁਝ ਘੱਟ ਜ਼ਮੀਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਕਰਜ਼ੇ ਦੀ ਮਾਰ ਝੱਲਣੀ ਪਈ। ਘੱਟ ਜ਼ਮੀਨ ਤੇ ਕਰਜ਼ ਦੀ ਮਰਜ਼ ਨੇ ਵੀ ਕਿਸਾਨੀ ਜੀਵਨ ਵਿਚ ਬੰਦੇ ਨੂੰ ਛੜਾ ਹੋਣ ਦੇ ਸੰਤਾਪ ਦਾ ਸ਼ਿਕਾਰ ਬਣਾਇਆ। ਛੜਾ ਬੰਦਾ ਇਕੱਲਤਾ ਦਾ ਸਤਾਇਆ ਕਈ ਤਰ੍ਹਾਂ ਦੇ ਵੈਲ (ਐਬ) ਵੀ ਕਰਨ ਲੱਗ ਪੈਂਦਾ। ਉਸ ਦੇ ਹਿੱਸੇ ਦੀ ਜ਼ਮੀਨ ਐਬਾਂ ਕਰ ਕੇ ਵਿਕਣੀ ਸ਼ੁਰੂ ਹੋ ਜਾਂਦੀ। ਪਰੰਤੂ ਫਿਰ ਉਸ ਨੂੰ ਆਪਣੀ ਛੋਟੀ ਭਰਜਾਈ ਤੋਂ ਕਿਸੇ ਵਿਧੀ ਰਿਸ਼ਤਾ ਕਰਵਾਉਣ ਦੀ ਆਸ ਅਖ਼ੀਰ ਤੱਕ ਰਹਿੰਦੀ। ਉਹ ਆਪਣੀ ਭਾਬੀ ਨੂੰ ਵਾਰ-ਵਾਰ ਵਿਆਹ ਬਾਰੇ ਆਖਦਾ ਹੈ ਤਾਂ ਉਸ ਦੀ ਭਾਬੀ ਪਿੰਡ ਦੇ ਕੁਝ ਹੋਰ ਮੁੰਡੇ ਜਿਨ੍ਹਾਂ ਨੂੰ ਉਸ ਨੇ (ਭਾਬੀ ਨੇ) ਰਿਸ਼ਤਾ ਕਰਵਾਇਆ ਸੀ, ਉਨ੍ਹਾਂ ਵੱਲੋਂ ਨਾ-ਸ਼ੁਕਰੇ ਹੋਣ ਦੀ ਉਦਾਹਰਣ ਦਿੰਦੀ ਆਖਦੀ ਹੈ :

ਭਰਜਾਈ : *ਆ ਕੇ ਬਹਿ ਗਿਉਂ ਸਰ੍ਹਾਣੇ ਅੱਗੇ ਕੀਹਨੇ ਗੁਣ ਜਾਣੇ ?*
ਵੇ ਮੈਂ ਉੱਚੀਆਂ ਥਾਵਾਂ ਦੇ ਉੱਤੇ, ਪਾਣੀ ਚਾੜ੍ਹਤਾ
ਵੱਗ ਕੁੜੀਆਂ ਦਾ ਪੇਕਿਆਂ ਤੋਂ, ਸਹੁਰੀਂ ਵਾੜਤਾ...

ਪੰਜਾਬ ਦੇ ਪਿੰਡਾਂ ਦੀ ਇਹ ਜ਼ਮੀਨੀ ਹਕੀਕਤ ਹੈ। ਲੇਖਕ ਨੇ ਜਿਥੇ ਛੋਟੀ ਭਾਬੀ ਰਾਹੀਂ 'ਉੱਚੇ ਟਿਬਿਆਂ 'ਤੇ ਪਾਣੀ ਚਾੜ੍ਹਨਾ' ਦੇ ਕਿਸਾਨੀ ਜੀਵਨ ਵਿਚੋਂ ਮੁਹਾਵਰਾ ਘੜ੍ਹ ਕੇ ਸਾਹਿਤਕ ਸੂਝ ਦਾ ਪ੍ਰਗਟਾਵਾ ਕੀਤਾ ਹੈ, ਉਥੇ ਵੱਡੇ ਜੇਠ ਰਾਹੀਂ

'ਕੰਨੀ ਦੇ ਕਿਨਾਰੇ ਵਾਂਗ ਸੁੱਕਾ ਰਹਿ ਜਾਣਾ', ਨਿੱਜੀ ਜੀਵਨ ਦੀ ਹਕੀਕਤ ਵਿਚੋਂ ਮੌਲਿਕ ਮੁਹਾਵਰਾ ਘੜ ਕੇ, ਆਪਣੀ ਸੰਵੇਦਨਾ ਦਾ ਪ੍ਰਗਟਾਵਾ ਕਰਨ ਦੀ ਮੌਲਿਕ ਸਮਰੱਥਾ ਦਾ ਪ੍ਰਮਾਣ ਪੇਸ਼ ਕੀਤਾ ਹੈ। ਆਉ 'ਦੀਦਾਰ' ਦੀ ਇਸ ਸਮਰੱਥਾ ਦਾ ਦੀਦਾਰ ਕਰੀਏ :

ਜੇਠ : ਮੁੰਡੇ ਪਿੰਡ ਦੇ ਕੁਆਰੇ, ਸਾਰੇ ਲਾਤੇ ਤੂੰ ਕਿਨਾਰੇ
ਹੱਥ ਦਿੰਦਾ ਭਾਬੀ, ਤੇਰੇ ਪੈਰਾਂ ਹੇਠ ਰਹਿ ਗਿਆ
ਸੁੱਕਾ ਕੰਨੀ ਦੇ ਕਿਆਰੇ ਵਾਂਗੂੰ, ਜੇਠ ਰਹਿ ਗਿਆ...

ਵੈਸੇ ਤਾਂ ਪੰਜਾਬੀ ਦੇ ਵਧੇਰੇ ਮੁਹਾਵਰੇ ਉਪਜੇ ਹੀ ਸਧਾਰਨ ਪੇਂਡੂ ਕਿਸਾਨੀ ਜੀਵਨ ਦੇ ਅਨੁਭਵ ਵਿਚੋਂ ਹੀ ਹਨ ਪਰੰਤੂ ਵਧੇਰੇ ਤਾਂ ਕੀ, ਲਗਭਗ ਸਾਰੇ ਹੀ ਮੁਹਾਵਰਿਆਂ ਨੂੰ ਅਸੀਂ ਲੋਕ-ਮਨ ਦੀ ਸਾਂਝੀ ਉਪਜ ਮੰਨਦੇ ਹਾਂ। ਏਥੇ ਵੱਖਰੀ ਗੱਲ ਇਹ ਹੈ ਕਿ ਦੀਦਾਰ ਸੰਧੂ ਆਪਣੇ ਨਿਵੇਕਲੇ ਅੰਦਾਜ਼ ਵਿਚ ਦੁਗਾਣਾ ਕਹਿਣ ਦੇ ਨਾਲ-ਨਾਲ ਮੌਲਿਕ, ਅਨੁਭਵਗਤ ਮੁਹਾਵਰੇ ਵੀ ਘੜ ਰਿਹਾ ਹੈ। ਵੱਡੇ ਜੇਠ ਨੂੰ ਛੋਟੀ ਭਾਬੀ ਵੱਲੋਂ ਇਹ ਚੇਤੇ ਕਰਵਾਉਣ ਲਈ ਕਿ ਤੈਥੋਂ ਛੋਟੇ ਨੂੰ ਵੀ ਸਾਕ ਮੈਂ ਹੀ ਲੈ ਕੇ ਆਈ ਹਾਂ, ਤਾਂ ਜੇਠ ਵੱਲੋਂ ਉਹਦੀ (ਛੋਟੇ ਦੀ) ਵਹੁਟੀ ਦੀ ਸਿਫ਼ਤ ਵਿਚ ਵੀ ਬਾ-ਕਮਾਲ ਤੇ ਵਿਲੱਖਣ ਮੁਹਾਵਰੇ ਰਾਹੀਂ ਦੀਦਾਰ ਸੰਧੂ ਨੇ ਸੁੰਦਰਤਾ ਦੀ ਸਿਫ਼ਤ ਇਉਂ ਕਰਾਈ ਹੈ :

ਭਰਜਾਈ : ਤੈਥੋਂ ਛੋਟੇ ਨੂੰ ਵਿਆਹਿਆ
ਜੇਠ : ਉਹਦੇ ਜਾਗ ਪਏ ਨਸੀਬ
ਭਰਜਾਈ : ਉਹਦੀ ਲਾਲ ਸੂਹੀ ਨਾਰ
ਜੇਠ : ਜਿਵੇਂ ਕੰਜਰੀ ਦੀ ਜੀਭ
ਉਹਦਾ ਮੱਥਾ ਜਿਵੇਂ ਚੰਦ
ਭਰਜਾਈ : ਚੰਦ ਤੋਂ ਮੈਂ ਦਾਗ ਝਾੜਤਾ
ਵੱਗ ਪੇਕਿਆਂ...

ਲੇਖਕ ਦੀ ਇਹ ਖ਼ਾਸ਼ੀਅਤ ਹੈ ਕਿ ਉਹ ਜੀਵਨ ਵਿਚੋਂ ਜਾਣੇ-ਪਹਿਚਾਣੇ ਪਰੰਤੂ ਵਿਲੱਖਣ ਪ੍ਰਤੀਕਾਂ ਅਤੇ ਬਿੰਬਾਂ ਰਾਹੀਂ ਕਿਸਾਨੀ ਜੀਵਨ ਦੀ ਸਮੁੱਚੀ ਤਸਵੀਰਕਸ਼ੀ ਕਰਦਾ ਹੈ। ਜੇਠ ਦੀ ਜ਼ਮੀਨ ਥੋੜ੍ਹੀ ਹੈ ਤੇ ਉਸ ਵਿਚੋਂ ਵੀ ਉਹ ਵੇਚੀ ਜਾ ਰਿਹਾ ਹੈ, ਕੁਝ ਬਣਾ ਨਹੀਂ ਰਿਹਾ। ਕਿਸਾਨੀ ਜੀਵਨ ਵਿਚ ਬੰਦੇ ਦੀ ਇਹ ਵੀ ਹੋਣੀ ਹੈ ਕਿ ਥੋੜ੍ਹੀ ਜ਼ਮੀਨ ਜਾਂ ਬੇ-ਜ਼ਮੀਨਾ ਹੋਣ ਕਰ ਕੇ ਵੀ ਉਸ ਨੂੰ ਰਿਸ਼ਤਾ ਨਹੀਂ ਹੁੰਦਾ। ਜੇਠ ਦੁਆਰਾ ਸਾਕ ਦੀ ਮਿੰਨਤ ਕਰਨ 'ਤੇ ਭਾਬੀ ਉਸ ਨੂੰ ਇਸੇ ਸੋਚ ਅਧੀਨ ਪੁੱਛਦੀ ਹੈ ਕਿ ਤੇਰੀ ਕਮਾਈ ਕਿਧਰ ਗਈ ? ਉੱਤਰ ਵਿਚ ਸ਼ਬਦ ਤਾਂ ਬਹੁਤ ਥੋੜ੍ਹੇ ਹਨ ਪਰ ਇਹ ਦੀਦਾਰ ਸੰਧੂ ਦੀ ਕਲਾ ਹੈ ਕਿ ਉਹ ਗੱਲ ਬਹੁਤ ਵੱਡੀ ਕਹਿ ਰਿਹਾ ਹੈ। ਸ਼ਾਹੂਕਾਰ (ਆੜਤੀਆ) ਦੁਆਰਾ ਵਿਆਜ਼ ਲਾ ਕੇ ਕਿਸਾਨ ਨੂੰ ਚੂਨਾਂ ਲਾਉਣ ਦੀ ਗੱਲ ਬੜੇ ਥੋੜ੍ਹੇ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਗਟਾਈ ਹੈ :

ਭਰਜਾਈ : ਤੇਰੀ ਕਿੱਥੇ ਗਈ ਕਮਾਈ ?
ਜੇਠ : ਉਹ ਤਾਂ ਸੇਠ ਲੈ ਗਿਆ !
ਸੁੱਕਾ ਕੰਨੀਂ...

ਇਸ ਇਕ ਲਾਈਨ ਤੋਂ ਹੀ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਜ਼ਿੰਮੀਦਾਰ/ਕਿਸਾਨ ਦੀ ਕਮਾਈ ਸੇਠ (ਆੜਤੀਏ) ਹੀ ਖਾ ਜਾਂਦੇ ਹਨ। ਇਸ ਤਰ੍ਹਾਂ ਉਹ ਕਿਸਾਨ ਦੀਆਂ ਨਿੱਜੀ ਔਕੜਾਂ ਵਿਚ ਵਾਧਾ ਕਰਦੇ ਹਨ। ਜੇਠ ਨਿਰਾਸ਼ ਹੋ ਕੇ ਸ਼ਰਾਬ ਦਾ ਸਹਾਰਾ ਲੈਂਦਾ ਹੈ ਪਰ ਜੇਕਰ ਭਾਬੀ ਉਸ ਨੂੰ ਰਿਸ਼ਤਾ ਲਿਆ ਦੇਵੇ ਤਾਂ ਉਹ ਸ਼ਰਾਬ ਛੱਡ ਕੇ ਗ੍ਰਹਿਸਤੀ ਜੀਵਨ ਭੋਗਣ ਲਈ ਵੀ ਉਤਾਵਲਾ ਹੈ, ਤਾਂ ਹੀ ਤਾਂ ਉਹ ਆਖਦਾ ਹੈ :

ਜੇਠ : ਪੀਣੀ ਛੱਡ ਦਊ ਦੀਦਾਰ।
ਭਰਜਾਈ : ਫੇਰ ਮੰਗ ਦਊਂ ਜ਼ਰੂਰ।
ਜੇਠ : ਮੇਰੀ ਤੇਰੇ ਹੱਥ ਜਾਨ।
ਭਰਜਾਈ : ਸੂਲੀ ਟੰਗ ਦਊਂ ਜ਼ਰੂਰ।
ਕਿੰਨੀ ਵੇਚ ਲਈ ਜ਼ਮੀਨ ?
ਜੇਠ : ਬੱਸ ਬੇਟ ਰਹਿ ਗਿਆ...ਸੁੱਕਾ ਕੰਨੀ...

ਇਸ ਤਰ੍ਹਾਂ ਇਹ ਗੀਤ ਕਿਸਾਨੀ ਜੀਵਨ ਦੀ ਤ੍ਰਾਸਦੀ ਦੇ ਅਹਿਮ ਪੱਖ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ।

ਹਵਾਲੇ ਤੇ ਟਿੱਪਣੀਆਂ

1. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ ਸ਼ਾਸ਼ਤਰ, ਪੰਨਾ-148.
2. (ਉਹੀ) ਪੰਨਾ-149-150.
3. (ਉਹੀ) ਪੰਨਾ-154-155.
4. ਕੁਲਵਿੰਦਰ ਕੌਰ ਛੀਨਾ, ਪੰਜਾਬੀ ਲੋਕ-ਗੀਤਾਂ ਵਿਚ ਰਿਸ਼ਤਾ ਪ੍ਰਣਾਲੀ, ਪੰਨਾ-7.
5. (ਉਹੀ) ਪੰਨਾ-49-50.
6. (ਉਹੀ) ਪੰਨਾ-50.
7. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ-ਸ਼ਾਸ਼ਤਰ, ਪੰਨਾ-151.
8. ਪ੍ਰੋ. ਹਮਦਰਦ ਨੌਸ਼ਹਿਰਵੀ, ਪੰਜਾਬੀ ਟ੍ਰਿਬਿਊਨ, 20 ਜੂਨ, 2011.
9. ਡਾ. ਰਾਜਿੰਦਰਪਾਲ ਸਿੰਘ, (ਭੂਮਿਕਾ : ਗੁਰਦਾਸ ਮਾਨ—ਜੀਵਨ ਤੇ ਰਚਨਾ) ਪੰਨਾ-11.
10. ਡਾ. ਰਾਜਵੰਤ ਕੌਰ, ਮਾਏ ਮੈਂ ਮਾਲਵੇ ਜਾਣਾ, ਰੋਜ਼ਾਨਾ ਸਪੋਕਸਮੈਨ, 17 ਅਪ੍ਰੈਲ, 2011.
11. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਲੋਕ-ਗੀਤਾਂ ਵਿਚ ਹਾਸਰਸ, ਪੰਜਾਬੀ ਟ੍ਰਿਬਿਊਨ, 12 ਫ਼ਰਵਰੀ, 2011.

—♦—

ਦੀਦਾਰ ਸੰਧੂ ਦੇ ਗੀਤਾਂ ਵਿਚ ਰੁਮਾਂਸਵਾਦ

"ਰੁਮਾਂਸਵਾਦ ਮਨੁੱਖ ਦੀ ਅਤਿ ਮੁੱਢਲੀ ਅਤੇ ਸੁਭਾਵਿਕ ਪ੍ਰਵਿਰਤੀ ਸਵੀਕਾਰਕੀਤੀ ਜਾਂਦੀ ਹੈ।"[1] ਜਿਸ ਦੀ ਪਰਿਭਾਸ਼ਾ ਬਾਰੇ ਵਿਦਵਾਨ ਤੇ ਲੇਖਕ ਇਕ ਮਤ ਨਹੀਂ ਹਨ। ਫਰਾਂਸੀਸੀ ਚਿੰਤਕ, ਰੂਸੋ ਨੂੰ ਰੁਮਾਂਸਵਾਦ ਦਾ ਪਿਤਾ ਸਵੀਕਾਰ ਕੀਤਾ ਜਾਂਦਾ ਹੈ। ਉਸ ਦੀ ਸ਼ੈਲੀ, ਮਾਨਸਿਕ ਝੁਕਾਉ ਤੇ ਪ੍ਰਾਪਤੀਆਂ ਸਦਕਾ ਉਸ ਨੂੰ ਪਹਿਲਾ ਰੁਮਾਂਟਿਕ ਚਿੰਤਕ ਮੰਨਿਆਂ ਜਾਂਦਾ ਹੈ। "ਰੁਮਾਂਟਿਕ ਸ਼ਬਦ ਦੀ ਵਰਤੋਂ ਅਠਾਰ੍ਹਵੀਂ ਸਦੀ ਦੇ ਦੂਸਰੇ ਅੱਧ ਵਿਚ ਇੰਗਲੈਂਡ ਤੇ ਫਰਾਂਸ ਅੰਦਰ ਆਰੰਭ ਹੋਈ ਸੀ। ਜਰਮਨ ਵਿਚ ਇਸ ਸ਼ਬਦ ਦਾ ਪ੍ਰਯੋਗ 1766 ਵਿਚ ਹੋਇਆ। ਰੁਮਾਂਟਿਕ ਤੇ ਕਲਾਸੀਕਲ ਵਿਚ ਵਖਰੇਵਾਂ ਪਹਿਲੀ ਵਾਰ ਕਾਲਰਿਜ ਨੇ 1811 ਈਸਵੀ ਵਿਚ ਕੀਤਾ।"[2] ਅੰਗਰੇਜ਼ੀ ਵਿਚ ਰੁਮਾਂਸਵਾਦੀ ਸਮੀਖਿਆ ਪ੍ਰਣਾਲੀ ਸ਼ੁਰੂ ਕਰਨ ਵਾਲੇ ਕਵੀ, ਵਿਲੀਅਮ ਵਰਡਜ਼ਵਰਥ ਦ ਸਮਾਂ 1770 ਤੋਂ 1850 ਈਸਈ ਤੱਕ ਮੰਨਿਆ ਜਾਂਦਾ ਹੈ।

ਇਸ ਪ੍ਰਕਾਰ 1770 ਈਸਵੀ ਤੋਂ ਮਗਰੋਂ ਸਮੁੱਚੇ ਅੰਗਰੇਜ਼ੀ ਸਾਹਿਤ ਵਿਚ ਰੁਮਾਂਸਵਾਦ ਦਾ ਅਸਰ ਫੈਲਦਾ ਗਿਆ। ਵਰਡਜ਼ਵਰਥ ਨੇ ਆਪਣੀ ਕਵਿਤਾ ਸਬੰਧੀ ਜੋ ਵਿਸ਼ੇਸ਼ ਟਿੱਪਣੀਆਂ ਕੀਤੀਆਂ, ਉਹ ਰੁਮਾਂਸਵਾਦ ਦਾ ਆਦਰਸ਼-ਸੂਤਰ ਬਣੀਆਂ ਹੋਈਆਂ ਹਨ, ਜਿਵੇਂ "ਕਵਿਤਾ ਮਨੁੱਖੀ ਭਾਵਨਾਵਾਂ ਦਾ ਇਕ ਸਵਛੰਦ ਪ੍ਰਗਟਾਵਾ ਹੈ ਜਿਹੜਾ ਇਕਾਂਤ ਦੇ ਛਿਣਾਂ ਵਿਚ ਇਕੱਤਰ ਕੀਤਾ ਜਾਂਦਾ ਹੈ ਅਤੇ ਜਿਸ ਵਿਚ ਛੰਦਬੰਦ, ਸੰਗੀਤਮਈ ਅਤੇ ਦੈਨਿਕ ਰੂਪ ਵਿਚ ਪ੍ਰਯੋਗ ਹੋਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ।"[3]

"ਰੁਮਾਂਸਵਾਦੀ ਲਹਿਰ ਦਾ ਪੂਰਾ-ਪੂਰਾ ਵਿਕਾਸ ਜਰਮਨੀ ਵਿਚ, 1798 ਈਸਵੀ ਵਿਚ ਹੋਇਆ ਸੀ, ਜਿਸ ਦਾ ਇਕ ਆਪਣਾ ਸੌਂਦਰਯ ਸ਼ਾਸ਼ਤਰ ਅਤੇ ਕਾਵਿ-ਸ਼ਾਸ਼ਤਰ ਮੌਜੂਦ ਸੀ।"[4] 1806 ਤੋਂ ਬਾਅਦ ਰੁਮਾਂਸਵਾਦ ਦੇ ਦੂਜੇ ਦੌਰ ਵਿਚ ਜਰਮਨੀ ਦੇ ਸਾਹਿਤਕਾਰਾਂ ਨੇ ਲੋਕਯਾਨ ਨੂੰ ਸਾਹਿਤ-ਸਿਰਜਣਾ ਦੇ ਮਾਧਿਅਮ ਲਈ ਵਰਤਿਆ।

ਰੁਮਾਂਸਵਾਦੀ ਸਾਹਿਤ ਵਿਚ ਸਾਧਾਰਨ ਸਮਝੇ ਜਾਂਦੇ ਵਿਸ਼ਿਆਂ ਨੂੰ ਬਿਨਾਂ ਕਿਸੇ ਬਨਾਵਟ ਜਾਂ ਸ਼ਿੰਗਾਰ ਦੇ ਸਾਧਾਰਨ ਭਾਸ਼ਾ ਰਾਹੀਂ ਪੇਸ਼ ਕੀਤਾ ਗਿਆ। ਰੁਮਾਂਟਿਕ ਲੇਖਕਾਂ ਮੁਤਾਬਿਕ ਸਾਹਿਤ ਕੁਝ ਕਰਮਸ਼ੀਲ ਵਿਅਕਤੀਆਂ ਦਾ ਦਰਪਣ ਨਹੀਂ, ਸਗੋਂ ਇਹ ਕਵੀਆਂ ਦੀਆਂ ਭਾਵਨਾਵਾਂ ਦਾ ਦਰਪਣ ਹੈ। "ਰੁਮਾਂਟਿਕ ਚਿੰਤਕ ਰੂਸੋ, ਹਰ ਤਰ੍ਹਾਂ ਦੇ ਸਮਾਜਿਕ ਬੰਧਨਾਂ ਤੋਂ ਬਗਾਵਤ ਦਾ ਸੱਦਾ ਦਿੰਦਾ ਹੈ। ਉਸ ਦੇ ਵਿਚਾਰ ਅਨੁਸਾਰ ਮਨੁੱਖ ਜਨਮ ਤੋਂ ਸੁਤੰਤਰ ਸੀ ਪਰੰਤੂ ਉਸ ਨੂੰ ਸਮਾਜਿਕ ਬੰਧਨਾਂ ਨੇ ਹਰ ਪਾਸਿਉਂ ਜਕੜਿਆ ਹੋਇਆ" ਹੈ[5], "ਕਲਪਨਾ ਨੂੰ ਇਸ ਵਿਚਾਰਧਾਰਾ ਨੇ ਮੂਲ ਸਿਰਜਣਾਤਮਕ ਸ਼ਕਤੀ ਪ੍ਰਵਾਨ ਕੀਤਾ ਹੈ।"[6] ਪ੍ਰਕ੍ਰਿਤੀ ਪ੍ਰਤੀ ਵਿਸ਼ੇਸ਼ ਮੋਹ ਰੱਖਣ ਵਾਲੇ ਕਵੀ ਨਿੱਜੀ ਪ੍ਰਗਟਾਵੇ ਨੂੰ ਵਧੇਰੇ ਸਾਰਥਕ ਪ੍ਰਵਾਨ ਕਰਦੇ ਹਨ। ਲੋਕ-ਭਾਸ਼ਾ ਨੂੰ ਕਾਵਿ ਦਾ ਮਾਧਿਅਮ ਬਣਾ ਕੇ "ਨਿੱਜੀ ਅਨੁਭਵ ਦੀ ਅਭਿਵਿਅਕਤੀ ਨੂੰ ਤਰਜੀਹ ਦਿੰਦੇ ਹੋਏ ਉਹ, ਘਟਨਾ ਦੇ ਚਿਤਰਣ, ਅਨੁਭਵ ਦੀ ਵਿਲੱਖਣਤਾ, ਜਟਿਲਤਾ ਅਤੇ ਅਨੇਕਰੂਪਤਾ ਨੂੰ ਸਵੀਕਾਰ ਕਰਨ ਦੀ ਪ੍ਰਵਿਰਤੀ ਦੇ ਧਾਰਣੀ ਹਨ।"[7] ਦੀਦਾਰ ਸੰਧੂ ਦੇ ਗੀਤਾਂ ਵਿਚਲੀ ਰੁਮਾਂਟਿਕਤਾ ਬਾਰੇ ਗੱਲ ਕਰਨ ਤੋਂ ਪਹਿਲਾਂ, ਆਉ ਆਪਾਂ ਪੰਜਾਬੀ ਦੇ ਰੁਮਾਂਸਵਾਦੀ ਕਵੀਆਂ ਬਾਰੇ ਵੀ ਸੰਖੇਪ ਜਿਹੀ ਗੱਲ ਕਰ ਲਈਏ। ਆਧੁਨਿਕ ਕਾਲ ਦੇ ਪ੍ਰਸਿੱਧ ਰੁਮਾਂਟਿਕ, ਰੰਗੀਲੇ, ਅਲਬੇਲੇ ਅਤੇ ਖੁੱਲ੍ਹੀ-ਡੁੱਲ੍ਹੀ ਸਖ਼ਸ਼ੀਅਤ ਵਾਲੇ ਕਵੀ ਪੂਰਨ ਸਿੰਘ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਪੂਰਨ ਸਿੰਘ ਨੇ ਕਾਵਿ ਦੇ ਦੋ ਪ੍ਰਮੁੱਖ ਗੁਣਾਂ ਬਾਰੇ ਲਿਖਿਆ ਹੈ। ਉਨ੍ਹਾਂ ਅਨੁਸਾਰ ਇਕ ਤਾਂ "ਕਾਵਿ ਦਾ ਸੋਮਾਂ ਪਿਆਰ ਵਿਚ ਸਰੋਬਾਰ ਹੋਵੇ ਤੇ ਦੂਜੇ ਇਹ ਪਿਆਰ, ਮਿਠਾਸ ਦਾ ਰੂਪ ਧਾਰ ਕੇ ਸ਼ਬਦਾਂ ਦਾ ਜਾਮਾਂ ਪਾ ਲਵੇ।

ਇਸ ਤੋਂ ਬਿਨਾਂ ਇਹ ਸ਼ਬਦ ਇੰਜ ਫੁੱਟਣ ਜਿਵੇਂ ਅਸਮਾਨਾਂ ਤੋਂ ਵਰਖਾ ਹੁੰਦੀ ਹੈ, ਆਪ-ਮੁਹਾਰੀ ! ਕਵੀ ਸਾਨੂੰ ਅਲੌਕਿਕ ਸੰਸਾਰ ਵਿਚ ਲੈ ਜਾਣ ਦੀ ਸਮਰੱਥਾ ਰੱਖਦਾ ਹੋਵੇ, ਕਵੀ ਦੇ ਵਚਨ ਸਾਨੂੰ ਸੁਪਨਦੇਸ਼ ਵਿਚ ਲੈ ਜਾਣ।"[8] "ਡਾ. ਗੁਰਦੇਵ ਸਿੰਘ ਨੇ ਪੂਰਨ ਸਿੰਘ ਨੂੰ ਰੁਮਾਂਚਕ ਤੇ ਸ਼ਿੰਗਾਰਕ ਰਸ ਸਿਰਜਣ ਵਾਲਾ ਕਵੀ ਕਿਹਾ ਹੈ। ਅੱਗੇ ਉਹ ਲਿਖਦੇ ਹਨ ਕਿ ਪ੍ਰਕਿਰਤੀ ਬਜ਼ਾਤਿ-ਖ਼ੁਦ ਰੁਮਾਂਚ ਤੇ ਸ਼ਿੰਗਾਰ ਦਾ ਭੰਡਾਰ ਹੈ। ਪੂਰਨ ਸਿੰਘ ਦੇ ਕੁਦਰਤ ਨਾਲ ਰਾਗਾਤਮਿਕ ਜਾਂ ਜਜ਼ਬਾਤੀ ਸਬੰਧ ਹਨ ਤੇ ਇਨ੍ਹਾਂ ਸਬੰਧਾਂ ਨੂੰ ਉਸ ਨੇ ਕਿਧਰੇ ਸਪੱਸ਼ਟ ਰੂਪ ਵਿਚ ਚਿਤਰਿਆ, ਕਿਧਰੇ ਪ੍ਰਤੀਕਾਂ/ਬਿੰਬਾਂ ਦਾ ਸਹਾਰਾ ਲੈ ਕੇ।"[9]

ਰੁਮਾਂਟਿਕ ਪੰਜਾਬੀ ਕਵੀਆਂ ਵਿਚ ਮੋਹਨ ਸਿੰਘ ਦਾ ਵਿਸ਼ੇਸ਼ ਸਥਾਨ ਹੈ। "ਉਸ ਦੀ ਕਵਿਤਾ ਦੇ ਪ੍ਰਮੁੱਖ ਲੱਛਣ ਰੁਮਾਂਸਵਾਦ, ਪ੍ਰਾਕਿਰਤੀ ਚਿਤਰਣ ਅਤੇ ਗੀਤਕਾਰੀ ਹਨ। ਉਸ ਦੀ ਕਵਿਤਾ ਵਿਚ ਨਿੱਜੀ ਰੁਮਾਂਸ ਪ੍ਰਧਾਨ ਹੈ। ਸੰਯੋਗ-ਵਿਯੋਗ ਦੋਹਾਂ ਦਾ ਅਨੁਭਵ ਨਿਰਾਲਾ ਹੈ। ਰੁਮਾਂਸਵਾਦ ਉਸ ਦੀ ਕਵਿਤਾ ਦਾ ਧੁਰਾ ਹੈ ਜੋ ਉਸ ਦੀ ਕਵਿਤਾ ਵਿਚੋਂ ਆਪ-ਮੁਹਾਰੇ ਫੁੱਟ-ਫੁੱਟ ਪੈਂਦਾ ਹੈ। ਉਸ ਦੀ ਕਵਿਤਾ ਵਿਚ ਵਾਸ਼ਨਾਵਾਦ, ਹੁਸਨ-ਪ੍ਰਸਤੀ ਅਤੇ ਕਾਮ-ਉਪਜਾਊ ਵਿਚਾਰ ਹੱਦ ਤੱਕ ਪਹੁੰਚੇ ਹੋਏ ਹਨ।"[10] ਅੰਮ੍ਰਿਤਾ ਪ੍ਰੀਤਮ ਨੇ ਵੀ ਜਿਨਸੀ ਬਿੰਬਾਵਲੀ ਤੇ ਜਿਨਸੀ ਛੋਹਾਂ ਵਾਲੀ ਕਵਿਤਾ ਰਚੀ

ਹੈ। ਰੁਮਾਂਟਿਕ ਅਜ਼ਾਦੀ ਦਾ ਚਾਹਵਾਨ, ਬਿਰਹਾ ਦਾ ਕਵੀ ਸ਼ਿਵ ਕੁਮਾਰ ਬਟਾਲਵੀ ਵੀ ਨਿੱਜਵਾਦੀ ਕਵਿਤਾ ਕਰਦਾ ਰਿਹਾ।

ਇਸ ਤੋਂ ਇਲਾਵਾ ਤਾਰਾ ਸਿੰਘ ਜੋ ਕਿ ਇਕ ਵੇਸਵਾਗਾਮੀ ਮਨੁੱਖ ਦਾ ਵਿਸ਼ਲੇਸ਼ਣ ਕਰ ਕੇ ਉਸ ਦੇ ਅੰਦਰ ਲੁਕੇ ਅਨੁਭਵੀ ਮਨੁੱਖ ਉੱਤੇ ਝਾਤ ਪੁਆਉਂਦਾ ਹੈ, ਉਸ ਦੀ ਕਵਿਤਾ ਵਿਚ ਵੀ ਰੁਮਾਂਟਿਕ ਭਾਵ ਦਿਖਾਈ ਦਿੰਦੇ ਹਨ। ਨੇਕੀ ਵੀ ਵਿਵਰਜਿਤ ਤਸਵੀਰਾਂ ਤੇ ਚਿੱਤਰ ਪੇਸ਼ ਕਰਦਾ ਹੈ। ਤਖ਼ਤ ਸਿੰਘ ਦੀ ਕਵਿਤਾ ਵਿਚ ਪਿਆਰ ਦੀ ਪ੍ਰੇਰਕ ਸ਼ਕਤੀ ਤੇ ਸਰੀਰਕ ਅਤੇ ਆਤਮਕ ਮੇਲ ਦੀ ਲੋਚਾ ਨਿਝੱਕ ਹੋ ਕੇ ਪੇਸ਼ ਹੁੰਦੀ ਹੈ। ਜਗਤਾਰ ਦੀ ਕਵਿਤਾ ਦੇ ਵਿਸ਼ੇ, ਰੁਮਾਂਸ ਤੇ ਜੀਵਨ ਦੀਆਂ ਤਲਖ਼-ਹਕੀਕਤਾਂ ਹਨ। ਬਾਵਾ ਬਲਵੰਤ ਦੀ ਕਵਿਤਾ ਦਾ ਮੁੱਖ ਵਿਸ਼ਾ ਪਿਆਰ ਹੈ। ਪਿਆਰ ਵਿਚ ਰੁਮਾਂਸ ਹੋਣਾ ਸਹਿਜ ਹੀ ਹੁੰਦਾ ਹੈ। ਪ੍ਰੀਤਮ ਸਿੰਘ ਸਫ਼ੀਰ ਰਹੱਸਵਾਦੀ ਹੋਣ ਦੇ ਨਾਲ-ਨਾਲ ਰੁਮਾਂਟਿਕ ਵੀ ਹੈ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿਚ ਪ੍ਰਕਿਤੀ-ਚਿਤਰਣ ਮਿਲਦਾ ਹੈ।

ਉਪਰੋਕਤ ਵਰਣਤ ਕਵੀਆਂ ਨੂੰ ਸਾਡੇ ਚਿੰਤਕਾਂ ਨੇ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਨ੍ਹਾਂ ਸਾਰੇ ਕਵੀਆਂ ਵਿਚੋਂ, ਇਕ ਵੀ ਕਵੀ ਇਹ ਸ਼ਕਾਇਤ ਨਹੀਂ ਕਰ ਸਕਦਾ ਕਿ ਪੰਜਾਬੀ ਸਾਹਿਤ ਚਿੰਤਕਾਂ ਨੇ ਉਸ ਨੂੰ ਅਣਗੌਲਿਆਂ ਕੀਤਾ ਹੈ।

ਦੀਦਾਰ ਸੰਧੂ ਇਕ ਅਜਿਹਾ ਗੀਤਕਾਰ/ਕਵੀ ਹੈ ਜਿਸ ਨੂੰ ਕਾਵਿਕ ਗੁਣਾਂ ਨਾਲ ਸੰਪੰਨ ਹੋਣ 'ਤੇ ਵੀ ਸਾਡੇ ਸਾਹਿਤ-ਚਿੰਤਕਾਂ ਨੇ ਅੱਜ ਤੱਕ ਅਣਗੌਲਿਆਂ ਕਰ ਛੱਡਿਆ ਹੈ। ਰੁਮਾਂਸਵਾਦ ਨਾਲ ਭਰਪੂਰ, ਸਾਹਿਤਕ ਗੁਣਾਂ ਵਿਚ ਗੜੁੰਦ ਉਸ ਦੇ ਗੀਤ ਰੁਮਾਂਸਵਾਦ ਦੇ ਹਰੇਕ ਮਾਪ-ਦੰਡ 'ਤੇ ਖਰੇ ਉੱਤਰਦੇ ਹਨ। ਸਾਡੇ ਸਮਰੱਥ ਸਮਝੇ ਜਾਂਦੇ ਰੁਮਾਂਸ ਦੇ ਸਿਰਕੱਢ ਕਵੀ ਵੀ ਰੁਮਾਂਸ ਸਿਰਜਣ ਸਮੇਂ ਪੰਜਾਬੀ ਸਭਿਆਚਾਰ ਨੂੰ ਅੱਖੋਂ ਉਹਲੇ ਕਰ ਦਿੰਦੇ ਹਨ। ਦੀਦਾਰ ਸੰਧੂ ਦੀ ਇਥੇ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਬਣਦੀ ਹੈ ਕਿ ਉਹ ਰੁਮਾਂਸ ਸਿਰਜਣ ਸਮੇਂ ਪੰਜਾਬੀ ਸਭਿਆਚਾਰ ਨੂੰ ਸਾਹਮਣੇ ਰੱਖਦਾ ਹੈ। "ਪੱਛਮੀ ਰੁਮਾਂਸ ਦੇ ਸ੍ਰੇਸ਼ਠ ਕਵੀ ਵਰਡਜ਼ਵਰਥ ਦਾ ਗੂੜ੍ਹਾ ਮਿੱਤਰ ਕਾਲਰਿਜ, ਵਰਡਜ਼ਵਰਥ ਦੀ ਸਥਾਪਨਾ ਦੇ ਵਿਰੁੱਧ ਛੰਦ ਦੀ ਅਹਿਮੀਅਤ ਨੂੰ ਕਾਇਮ ਕਰਦਾ ਹੈ। ਚਰਨਾਂ ਵਿਚਲੇ ਤੱਤਾਂ ਅਤੇ ਮਕਸਦ ਦੇ ਆਧਾਰ 'ਤੇ ਉਸ ਨੇ ਗਦ ਅਤੇ ਪਦ ਵਿਚਲੇ ਫ਼ਰਕ ਨੂੰ ਸਪੱਸ਼ਟ ਕਰਨ ਲਈ ਸਥਾਪਨਾਵਾਂ ਪੇਸ਼ ਕੀਤੀਆਂ ਹਨ।"[11] ਦੀਦਾਰ ਸੰਧੂ ਦੇ ਗੀਤਾਂ ਵਿਚ ਭਾਵਾਂ ਦਾ ਤੀਬਰ ਹੜ੍ਹ ਅਲੰਕਾਰਮਈ ਭਾਸ਼ਾ ਤੇ ਛੰਦਾਂ ਦੀ ਖ਼ੂਬਸੂਰਤੀ ਉਸ ਨੂੰ ਸਿਰੇ ਦਾ ਰੁਮਾਂਟਿਕ ਗੀਤਕਾਰ/ਕਵੀ ਸਿੱਧ ਕਰਦੀ ਹੈ।

ਆਉ ਆਪਾਂ ਦੀਦਾਰ ਸੰਧੂ ਦੇ ਗੀਤਾਂ ਵਿਚਲੇ ਉਨ੍ਹਾਂ ਰੁਮਾਂਟਿਕ ਤੱਤਾਂ ਦੀ ਪੜਚੋਲ, ਪੱਛਮੀ ਅਤੇ ਭਾਰਤੀ/ਪੰਜਾਬੀ ਰੁਮਾਂਟਿਕ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਕਰੀਏ। ਸਮਾਜਿਕ ਬੰਧਨਾਂ ਤੋਂ ਬਗ਼ਾਵਤ, ਰੁਮਾਂਸਵਾਦੀ ਚਿੰਤਕ ਰੂਸੋ ਦਾ ਸੱਦਾ ਹੈ। ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਦੀਦਾਰ ਸੰਧੂ ਰੁਮਾਂਸ ਸਿਰਜਣ ਸਮੇਂ

ਪੰਜਾਬੀ ਸਭਿਆਚਾਰ ਨੂੰ ਸਨਮੁੱਖ ਰੱਖਦਾ ਹੈ, ਇਹ ਉਸ ਦੀ ਵਿਸ਼ੇਸ਼ ਪ੍ਰਾਪਤੀ ਹੈ। ਪੰਜਾਬੀ ਸਭਿਆਚਾਰ ਵਿਚ ਕੁਝ ਅਜਿਹੇ ਰਿਸ਼ਤੇ ਵੀ ਹਨ ਜਿਨ੍ਹਾਂ ਵਿਚ ਖੁੱਲ੍ਹਾ-ਡੁੱਲ੍ਹਾ ਰੁਮਾਂਸ ਹੁੰਦਾ ਹੈ ਪਰ ਕੁਝ ਰਿਸ਼ਤੇ ਅਜਿਹੇ ਵੀ ਹਨ ਜਿਨ੍ਹਾਂ ਵਿਚ ਰੁਮਾਂਸ ਦੀ ਸੀਮਾ-ਬੰਦੀ ਹੁੰਦੀ ਹੈ। ਪੰਜਾਬੀ ਸਮਾਜ ਕੁਝ ਰਿਸ਼ਤਿਆਂ ਵਿਚ ਰੁਮਾਂਸ ਦੀ ਸਿੱਧੀ ਅਤੇ ਕੁਝ ਵਿਚ ਅਸਿੱਧੀ ਪ੍ਰਵਾਨਗੀ ਦਿੰਦਾ ਹੈ। ਦੀਦਾਰ ਸੰਧੂ ਇਕੋ-ਇਕ ਗੀਤਕਾਰ/ਕਵੀ ਹੈ, ਜਿਹੜਾ ਇਨ੍ਹਾਂ ਗੱਲਾਂ ਦੀ ਅਣਦੇਖੀ ਨਹੀਂ ਕਰਦਾ।

ਦਿਉਰ-ਭਾਬੀ ਦਾ ਰਿਸ਼ਤਾ ਪੰਜਾਬੀ ਸਮਾਜ ਵਿਚ ਰੁਮਾਂਟਿਕ ਸੁਭਾਅ ਵਾਲਾ ਰਿਸ਼ਤਾ ਮੰਨਿਆ ਜਾਂਦਾ ਹੈ। ਇਸ ਰਿਸ਼ਤੇ ਵਿਚਲਾ ਰੁਮਾਂਸ ਤੇ ਸਮਾਜਿਕ ਪ੍ਰਵਾਨਗੀ ਦੀ ਹੱਦ-ਬੰਦੀ ਦੀਦਾਰ ਸੰਧੂ ਬਾਰੀਕਬਾਨੀ ਨਾਲ ਇਉਂ ਕਰਦਾ ਹੈ :

ਦਿਉਰ (ਰੁਮਾਂਸ) : ਨਾ ਕੋਈ ਏਧਰ ਨਾ ਕੋਈ ਉਧਰ
ਦਿਉਰ ਕੁਆਰਾ ਹੋ ਗਿਆ ਚੋਬਰ
ਘਰ ਦੀ ਮੁਰਗੀ ਦਾਲ ਬਰੋਬਰ
ਆਜਾ ਭਾਬੀ ਦੇਖੀਏ...ਧਰੂਤਾਰਾ !

ਕਾਲੀ-ਬੋਲੀ, ਹਨੇਰੀ ਰਾਤ, ਸਮਾਜਿਕ ਪ੍ਰਵਾਨਗੀ ਵਾਲਾ ਰੁਮਾਂਸ, ਦਿਉਰ-ਭਾਬੀ ਇਕੱਲੇ ਹੁੰਦੇ ਹੋਏ ਵੀ ਇਕ ਸੀਮਾ-ਬੰਦੀ ਵਿਚ ਰਹਿ ਕੇ ਕਰਦੇ ਹਨ। ਭਾਬੀ ਵੱਲੋਂ ਦਿਉਰ ਦੇ ਭਾਵਾਂ ਦੀ ਰੁਮਾਂਟਿਕ ਅਭਿਵਿਅਕਤੀ ਅਤੇ ਉੱਤਰ ਵੇਖੋ :

ਨੀਲੇ ਨੇਤਰ ਬੁਲ੍ਹ ਗੁਲਾਬੀ,
ਮੋਮੀ ਕਾਗਤ ਵਰਗੀ ਭਾਬੀ
ਵੇ ਦਿਉਰਾ ਤੂੰ ਬੜਾ ਹਿਸਾਬੀ,
ਕਹਿੰਦੀ ਮੈਂ ਨਹੀਂ ਵੇਖਣਾ...ਧਰੂਤਾਰਾ !

ਭਾਬੀ ਮਹਿਸੂਸ ਕਰਦੀ ਹੈ ਕਿ ਦਿਉਰ ਉਸ ਨੂੰ ਭਰਮਾ ਕੇ, ਆਪਣਾ ਚਿੱਤ ਪਰਚਾਉਣ ਲਈ ਮੁਫ਼ਤ ਵਿਚ ਹੀ ਝਾੜ ਤੋਂ ਭੂਰਾ ਲਾਹੁਣ ਨੂੰ ਫਿਰਦਾ ਹੈ। ਇਸ ਲਈ ਉਹ ਨਸੀਹਤ ਭਰੇ ਬੋਲਾਂ ਵਿਚ ਆਖਦੀ ਹੈ :

ਘਰ ਦੇ ਵਿਚ ਬਦਨਾਮੀ ਮਾੜੀ,
ਤੱਕਣੀ ਨਾਰ ਬਿਗਾਨੀ ਮਾੜੀ,
ਧੋਖੇਬਾਜ਼ ਜਨਾਨੀ ਮਾੜੀ,
ਮੈਂ ਨਹੀਂ ਦਿਉਰਾ ਵੇਖਣਾ...ਧਰੂਤਾਰਾ !

ਸ਼ਾਇਦ, ਇਹ ਵਿਸ਼ੇਸ਼ਤਾ ਭਾਰਤੀ/ਪੰਜਾਬੀ ਸਭਿਆਚਾਰ ਵਿਚਲੇ ਰੁਮਾਂਸ ਦੀ ਹੀ ਹੈ, ਇੱਥੇ ਦੀਦਾਰ ਸੰਧੂ ਰੁਮਾਂਸ ਅਤੇ ਲੱਚਰ/ਅਸ਼ਲੀਲ ਵਿਚ ਹੱਦ-ਬੰਦੀ ਨਿਸਚਿਤ ਕਰਨ ਦੀ ਜ਼ਬਰਦਸਤ ਕੋਸ਼ਿਸ਼ ਕਰਦਾ ਹੈ। ਕਹਿੰਦੇ ਕਹਾਉਂਦੇ ਕਵੀ ਵੀ ਇਸ ਤਰ੍ਹਾਂ ਦੀ ਹੱਦ-ਬੰਦੀ ਨਿਸਚਿਤ ਨਹੀਂ ਕਰ ਸਕੇ। ਆਉ ਦੀਦਾਰ ਸੰਧੂ

ਦੇ ਸ਼ਬਦਾਂ ਰਾਹੀਂ ਭਾਬੀ ਵਾਂਗ ਦਿਉਰ ਵੀ ਸਮਾਜਿਕ ਹੱਦ-ਬੰਦੀ ਨਿਭਾਉਂਦਾ ਵੇਖੀਏ :

ਦਿਉਰਾਂ 'ਤੇ ਇਤਬਾਰ ਕਰੀਦੈ,
ਸੱਚਾ-ਸੁੱਚਾ ਪਿਆਰ ਕਰੀਦੈ
ਗੁੱਸੇ ਨਹੀਂ ਦੀਦਾਰ ਕਰੀਦੈ,
ਹੁਣ ਤਾਂ ਭਾਬੀ ਵੇਖ ਲੈ...ਧਰੂਤਾਰਾ !

ਭਾਬੀ-ਦਿਉਰ : ਆਜਾ ਦੋਨੋਂ ਵੇਖੀਏ...ਧਰੂਤਾਰਾ...

ਪ੍ਰੋ. ਮੋਹਨ ਸਿੰਘ ਵਾਂਗ ਦੀਦਾਰ ਸੰਧੂ ਦੇ ਗੀਤਾਂ ਵਿਚ ਵੀ ਰੁਮਾਂਸ ਡੁੱਲ੍ਹ-ਡੁੱਲ੍ਹ ਪੈਂਦਾ ਹੈ ਪਰੰਤੂ ਦੀਦਾਰ ਸੰਧੂ ਵਿਚ ਇਹ ਵੱਖਰਤਾ ਵੇਖਣ ਨੂੰ ਮਿਲਦੀ ਹੈ ਕਿ ਉਹ ਸੁੰਦਰ ਸ਼ਬਦਾਂ ਵਿਚ ਰੁਮਾਂਸ ਨੂੰ ਸਿਖ਼ਰ ਤੱਕ ਪਹੁੰਚਾਉਣ ਦੇ ਬਾਵਜੂਦ ਰੁਮਾਂਸ ਦੀ ਹੱਦਬੰਦੀ ਨਿਸਚਿਤ ਕਰਨ ਲਈ ਯਤਨਸ਼ੀਲ ਹੈ। ਜਿਵੇਂ ਦੁਗਾਣਾ ਗਾਇਕੀ/ਗੀਤਕਾਰੀ ਉੱਤੇ ਇਕ ਦੋਸ਼ ਮੜ੍ਹਿਆ ਜਾਂਦਾ ਹੈ ਕਿ ਇਹ ਰਿਸ਼ਤਿਆਂ ਨੂੰ ਪਲੀਤ ਕਰਨ ਵਾਲੀ ਹੈ, ਦੀਦਾਰ ਸੰਧੂ ਇਸ ਭਰਮ ਨੂੰ ਬਾਖ਼ੂਬੀ ਤੋੜਦਾ ਹੈ। ਰੁਮਾਂਸ ਸਿਰਜਣ ਵਾਲੇ ਸਾਡੇ ਕਵੀ ਤਾਂ ਵਿਵਰਜਤ ਰਿਸ਼ਤਿਆਂ ਦਾ ਵੀ ਖੁੱਲ੍ਹੇ-ਆਮ ਵਰਨਣ ਕਰ ਜਾਂਦੇ ਹਨ ਪਰੰਤੂ ਦੀਦਾਰ ਸੰਧੂ ਉਪਰੋਕਤ ਗੀਤ ਵਾਂਗ ਸਮਾਜਿਕ ਪ੍ਰਵਾਨਗੀ ਵਾਲੇ ਰਿਸ਼ਤਿਆਂ ਦਾ ਰੁਮਾਂਸ ਵੀ ਸਭਿਅਕ ਢੰਗ ਨਾਲ ਸਿਰਜ ਕੇ, ਮਨੁੱਖ ਦੇ ਸਮਾਜਿਕ ਪ੍ਰਾਣੀ ਹੋਣ ਦੀ ਧਾਰਣਾ ਨੂੰ ਬਲ ਬਖ਼ਸ਼ਦਾ ਹੈ। ਸਾਲੀ, ਜੀਜੇ ਕੋਲੋਂ ਝਾਂਜਰਾਂ ਦੀ ਮੰਗ ਕਰਦੀ ਹੈ। ਉਹ ਆਪਣੇ ਹੁਸਨ ਦੀ ਤਾਰੀਫ਼ ਵਿਚ ਕਈਆਂ ਦੇ ਚਿੱਤ ਭਰਮਾਉਣ ਦੀ ਗੱਲ ਕਰਦੀ ਹੈ ਤਾਂ ਜੀਜਾ ਰੁਮਾਂਸ ਦੀ ਹੱਦ-ਬੰਦੀ ਇਉਂ ਕਰਦਾ ਹੈ :

ਜੀਜਾ : ਗੱਲ ਕਈਆਂ ਦੀ ਨਾ ਕਹਿ ਕੁੜੀਏ, ਤੂੰ ਮੇਰੇ ਤੱਕ ਹੀ ਰਹਿ ਕੁੜੀਏ
ਜੀਜੇ-ਸਾਲੀ ਦੇ ਮਜ਼ਾਕ ਦੀ ਵੀ ਰੱਖਣੀ ਪਊ ਹੱਦ,
ਬਹੁਤਾ ਪਾਉਣਾ ਨਹੀਂ ਪਿਆਰ ਵਿਚ ਗੰਦ ਸਾਲੀਏ...

ਡਾ. ਪ੍ਰੀਤਮ ਸੈਣੀ, ਅੰਮ੍ਰਿਤਾ ਪ੍ਰੀਤਮ ਦੀ ਇਕ ਕਵਿਤਾ '...ਰਾਜ ਕੁਮਾਰੀ' ਅਤੇ 'ਆਤਮ-ਮਿਲਣ' ਦੀ ਉਦਾਹਰਣ ਪੇਸ਼ ਕਰ ਕੇ ਆਪਣੇ ਵਿਚਾਰ ਇਉਂ ਪ੍ਰਗਟ ਕਰਦੇ ਹਨ :

ਮੇਰੀ ਸੇਜ ਹਾਜ਼ਿਰ ਹੈ...

... ...

"ਉਪਰੋਕਤ ਕਵਿਤਾ ਵਿਚ ਆਤਮ-ਮਿਲਨ ਦੀ ਗੱਲ ਵੀ ਕੋਕ-ਸ਼ਾਸ਼ਤਰੀ ਸ਼ਬਦਾਵਲੀ ਰਾਹੀਂ ਕੀਤੀ ਗਈ ਹੈ।"[12]

ਇਥੇ ਸਾਨੂੰ ਇਹ ਵੀ ਸਪੱਸ਼ਟ ਕਰ ਲੈਣਾ ਚਾਹੀਦਾ ਹੈ ਕਿ ਇਸ ਅਧਿਆਇ ਦਾ ਕੇਂਦਰ-ਬਿੰਦੂ ਦੀਦਾਰ ਸੰਧੂ ਦੇ ਗੀਤਾਂ ਵਿਚਲਾ ਰੁਮਾਂਸਵਾਦ ਹੈ, ਅੰਮ੍ਰਿਤਾ ਪ੍ਰੀਤਮ ਜਾਂ ਕਿਸੇ ਹੋਰ ਸਮਰੱਥ ਕਵੀਆਂ ਨਾਲ ਤੁਲਨਾ ਕਰਨਾ ਹਰਗਿਜ਼ ਨਹੀਂ। ਪਰ ਪੰਜਾਬੀ

ਸਾਹਿਤ ਦੇ ਖੇਤਰ ਵਿਚ ਦੀਦਾਰ ਸੰਧੂ ਨੂੰ ਅੱਖੋਂ-ਪਰੋਖੇ ਕਰਨ ਪਿੱਛੇ ਇਹ ਧਾਰਣਾ ਕੰਮ ਕਰਦੀ ਹੈ ਕਿ 'ਦੁਗਾਣੇ ਤਾਂ ਹੁੰਦੇ ਹੀ ਨੀਵੇਂ ਪੱਧਰ ਦੇ ਜਾਂ ਲੱਚਰ ਹਨ।' ਇਸ ਕਰ ਕੇ ਪੰਜਾਬੀ ਸਾਹਿਤ ਦੇ ਖੇਤਰ ਵਿਚੋਂ ਇਨ੍ਹਾਂ ਨੂੰ ਵਰਜਿਤ ਵਿਸ਼ੇ ਵਾਂਗ ਹੀ ਮਨਫ਼ੀ ਕਰ ਦਿੱਤਾ ਗਿਆ। ਦੀਦਾਰ ਸੰਧੂ ਵਰਗੇ ਸਮਰੱਥ ਗੀਤਕਾਰ ਦੇ ਦੁਗਾਣਿਆਂ ਸਬੰਧੀ ਅਜਿਹੀਆਂ ਧਾਰਨਾਵਾਂ ਨੂੰ ਤੋੜਨ ਦੀ ਲੋੜ ਲਈ ਉਦਾਹਰਣਾਂ ਵੀ ਸਮਰੱਥ ਕਵੀਆਂ ਦੀਆਂ ਦੇਣੀਆਂ ਹੀ ਵਾਜਿਬ ਹਨ।

ਜਿਥੇ ਸਾਡੇ ਕੁਝ ਰੁਮਾਂਸਵਾਦੀ ਕਵੀ ਰਚਨਾਕਾਰੀ ਸਮੇਂ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਉਲੰਘ ਕੇ ਅਸ਼ਲੀਲਤਾ ਦੀ ਹੱਦ-ਬੰਦੀ ਅਨਿਸ਼ਚਿਤ ਕਰ ਜਾਂਦੇ ਹਨ, ਉਥੇ ਦੀਦਾਰ ਸੰਧੂ ਰੁਮਾਂਸਕਾਰੀ ਕਰਨ ਵੇਲੇ ਇਕ ਹੱਦ-ਬੰਦੀ ਨਿਸ਼ਚਿਤ ਕਰਦਾ ਹੈ। ਇਸ਼ਕ/ਮੁਹੱਬਤ ਵਰਗੇ ਵਿਸ਼ੇ ਵਿਚ ਰੁਮਾਂਸ ਸਿਰਜਦੇ ਸਮੇਂ ਉਹ ਅਸ਼ਲੀਲਤਾ ਦੀ ਹੱਦ-ਬੰਦੀ ਅਜਿਹੇ ਢੰਗ ਨਾਲ ਕਰਦਾ ਹੈ ਕਿ ਆਸ਼ਕ ਜੋੜੇ ਦਾ ਰੁਮਾਂਸ ਵੀ ਸਿਖ਼ਰ ਛੂੰਹਦਾ ਪ੍ਰਤੀਤ ਹੁੰਦਾ ਹੈ ਅਤੇ ਸ਼ਬਦਾਵਲੀ ਅਤੇ ਬਿੰਬਾਵਲੀ ਸਭਿਅਕ-ਸਾਹਿਤ ਵਾਲੀ ਹੋ ਨਿਬੜਦੀ ਹੈ। ਉਦਾਹਰਣ ਪੇਸ਼ ਹੈ :

ਹੌਲੀ ਹੌਲੀ ਰੂਪ ਦੀ ਦੁਕਾਨ ਲੁੱਟ ਲਈਂ
ਗੰਦੇ ਗੀਤ ਵਾਂਗੂੰ ਨਾ ਵਗਾਹ ਕੇ ਸੁੱਟ ਦਈਂ...

ਪਹਿਲੀ ਪੰਕਤੀ ਵਿਚ ਗੂੜ੍ਹਾ ਤੇ ਗੁੱਝਾ ਰੁਮਾਂਸ ਅਤੇ ਦੂਜੀ ਪੰਕਤੀ ਵਿਚ ਸਮਾਜਿਕ-ਨੈਤਿਕਤਾ ਪ੍ਰਤੀ ਸੂਖ਼ਮ ਚੇਤਨਾ ਸ਼ਕਤੀ ਕੰਮ ਕਰਦੀ ਹੈ।

ਪੱਛਮੀ ਰੁਮਾਂਸਵਾਦ ਸਮਾਜ ਦੇ ਸਾਰੇ ਬੰਧਨਾਂ ਤੋਂ ਮੁਕਤੀ ਚਾਹੁੰਦਾ ਹੈ। ਪੱਛਮੀ ਪ੍ਰਭਾਵ ਵਾਲੀ ਪੰਜਾਬੀ ਕਵਿਤਾ ਵਿਚ ਮੁੜ ਪਸ਼ੂ ਥੀਣ ਦੀ ਲੋਚਾ ਵੀ ਸਮਾਜਿਕ ਬੰਧਨਾਂ ਤੋਂ ਮੁਕਤੀ ਦੀ ਲਖਾਇਕ ਹੈ। ਪੰਜਾਬੀ ਸਭਿਆਚਾਰ ਰੁਮਾਂਸ ਅਤੇ ਸਮਾਜਿਕ ਖੁੱਲ੍ਹਾਂ ਨੂੰ ਮਾਨਣ ਦੀ ਵੀ ਇਕ ਹੱਦ ਨਿਸ਼ਚਿਤ ਕਰਦਾ ਹੈ। ਰਿਸ਼ਤਾ-ਪ੍ਰਣਾਲੀ ਇਸ ਦਾ ਵੱਡਾ ਸਬੂਤ ਹੈ ਇਸ਼ਕ ਦਾ ਰਿਸ਼ਤਾ ਸਮਾਜਿਕ ਵਿਰੋਧ ਕਾਰਣ, ਰਿਸ਼ਤਾ-ਪ੍ਰਣਾਲੀ ਤੋਂ ਬਾਹਰ ਹੈ। ਵਧੇਰੇ ਕਰ ਕੇ ਪੰਜਾਬੀ ਸਮਾਜ ਵਿਚ ਇਹ ਰਿਸ਼ਤਾ ਬਗ਼ਾਵਤ ਵਾਲਾ ਬਣਦਾ ਹੈ। ਸਮਾਜ ਅਤੇ ਆਸ਼ਕਾਂ ਦੇ ਦਵੰਦ ਵਿਚੋਂ ਜੋ ਰਚਨਾ ਉਪਜਦੀ ਹੈ ਉਸ ਦੇ ਨਾਇਕ/ਨਾਇਕਾ ਬਗ਼ਾਵਤ ਲਈ ਤਾਂਘਦੇ ਹਨ। ਦੀਦਾਰ ਸੰਧੂ ਦੇ ਦੁਗਾਣੇ 'ਤੇਰਾ ਆਉਣਾ ਨੀ ਸਮੁੰਦਰਾਂ ਦੀ ਛੱਲ ਵਰਗਾ', ਵਿਚ ਇਕ ਆਸ਼ਕ ਜੋੜੇ ਦੇ ਇਕੱਲੇ ਮਿਲਣ ਸਮੇਂ ਦੀ ਸੰਪੂਰਨ ਸਥਿਤੀ ਵਿਚ ਅਜਿਹਾ ਦਵੰਤ ਵੇਖਣ ਨੂੰ ਮਿਲਦਾ ਹੈ, ਇਥੇ ਅਸੀਂ ਕੇਵਲ ਮਾਸ਼ੂਕ ਦੇ ਮਾਨਸਿਕ ਦਵੰਧ ਅਤੇ ਬਾਗ਼ੀ ਸੁਰ ਨੂੰ ਪੇਸ਼ ਕਰਦੇ ਦੋ ਪਹਿਰੇ ਵੇਖਦੇ ਹਾਂ :

ਚੰਨਾਂ ਮੇਰੀ ਮਜਬੂਰੀ ਅਜੇ ਕੁੜੀ ਮੈਂ ਕੁਆਰੀ
ਡਰ ਜੱਗ ਤੋਂ ਵੇ ਲੱਗੇ ਕਰ ਤੂੰ ਸਮਝਦਾਰੀ
ਕਿਵੇਂ ਆਵਾਂ ਤੇਰੇ ਕੋਲ, ਪਹਿਲਾਂ ਸੋਚ ਪਿੱਛੋਂ ਬੋਲ

ਏਸ ਜੱਗ ਦੀਆਂ ਰੀਤਾਂ ਨੇ ਵੇ ਸਾਨੂੰ ਘੇਰਿਆ
ਤੈਨੂੰ ਰੁੱਸੇ ਨੂੰ ਮਨਾਲੂੰ ਵੇ ਮੈਂ ਚੰਨ ਮੇਰਿਆ...

ਰੁਮਾਂਟਿਕ ਲਹਿਜੇ ਵਿਚ ਬਗ਼ਾਵਤੀ ਸੱਦਾ ਇਉਂ ਪੇਸ਼ ਹੁੰਦਾ ਹੈ :—

ਜੇ ਤੂੰ ਚਾਹੁੰਨੈ ਸੁਹਣਿਆਂ ਵੇ, ਦੂਰੀਆਂ ਇਹ ਮੁੱਕ ਜਾਣ
ਆਹ ਲੈ ਫੜ੍ਹ ਹੱਥ ਮੇਰਾ, ਜੱਗ ਮੂਹਰੇ ਹਿੱਕ ਤਾਣ
ਵੇ ਮਾਪੇ ਮੇਰੇ ਨੇ ਗਰੀਬ, ਤਾਹੀਉਂ ਮਾੜੇ ਨੇ ਨਸੀਬ
ਆਗੀ ਪਿਆਰ ਦੀ ਸਵੇਰ, ਪਰੇ ਹਟ ਨ੍ਹੇਰਿਆ
ਤੈਨੂੰ ਰੁੱਸੇ ਨੂੰ...

ਅਜਿਹਾ ਦਵੰਧ ਹੀ ਇਕ ਹੋਰ ਦੁਗਾਣੇ ਵਿਚ ਹੀਰ-ਰਾਂਝੇ ਦੇ ਦ੍ਰਿਸ਼ਟਾਂਤ ਦੁਆਰਾ ਇਉਂ ਪ੍ਰਗਟ ਹੁੰਦਾ ਹੈ :

ਮਸੂਕ : ਵੇ ਮੈਂ ਉਡਣੇ ਸਪੋਲੀਏ ਨੇ ਡੰਗਤੀ
ਆਸ਼ਕ : ਜ਼ਹਿਰ ਚੂਸ ਲੂੰ ਗਲੇ ਨੂੰ ਲੱਗ ਜਾਣ ਦੇ
ਮਸੂਕ : ਤੈਨੂੰ ਛੱਡ ਕੇ ਕਿਤੇ ਜੇ ਹੋਰ ਮੰਗਤੀ
ਆਸ਼ਕ : ਬੱਸ ਰਾਂਝਿਆਂ ਨੂੰ ਖੇੜੇ ਠੱਗ ਜਾਣਗੇ
ਮਸੂਕ : ਅੱਜ ਚਾਹੇ ਕੱਲ੍ਹ ਵੇ
ਉਡਾਰੀ ਮਾਰ ਚੱਲ ਕਿਧਰੇ
ਦੁਨੀਆ ਦੀ ਨਜ਼ਰ ਬੁਰੀ...

"ਕੁਦਰਤੀ ਤੌਰ 'ਤੇ ਸੁੰਦਰਤਾ ਅੱਖਾਂ ਨੂੰ ਆਪਣੇ ਵੱਲ ਖਿਚਦੀ ਹੈ ਭਾਵੇਂ ਇਹ ਰੰਗ ਦੀ ਹੋਵੇ, ਰੂਪ ਦੀ ਜਾਂ ਸੁਚੱਜੇ ਆਕਾਰ ਦੀ। ਸੁੰਦਰਤਾ ਦੀ ਖਿਚ ਤੋਂ ਪੈਦਾ ਹੋਈ ਭਾਵਨਾ ਨੂੰ ਪਿਆਰ ਕਹਿੰਦੇ ਹਨ। ਸੁੰਦਰਤਾ ਤੇ ਪਿਆਰ ਦਾ ਕੁਦਰਤੀ ਅਤੇ ਅਟੁੱਟ ਸਬੰਧ ਹੈ। ਪਿਆਰ ਮਨੁੱਖ ਦੀ ਕੁਦਰਤੀ ਭਾਵਨਾ ਹੈ ਅਤੇ ਸੁੰਦਰਤਾ ਕੁਦਰਤ ਦਾ ਇਕ ਸੁਭਾਵਿਕ ਗੁਣ। ਮਨੁੱਖੀ ਸੁੰਦਰਤਾ ਕੁਦਰਤੀ ਸੁੰਦਰਤਾ ਦਾ ਜਿਉਂਦਾ ਜਾਗਦਾ ਸਰੂਪ ਹੈ। ਇਹ ਸੁੰਦਰਤਾ ਅਸਕਸਰ ਇਸਤਰੀਆਂ ਦਾ ਲੱਛਣ ਹੁੰਦਾ ਹੈ। ਇਸ ਸੁੰਦਰਤਾ ਦੀ ਖਿਚ ਨੂੰ ਜਿਨਸੀ-ਪ੍ਰੇਰਣਾ (Sex Appeal) ਵੀ ਕਹਿੰਦੇ ਹਨ। ਇਸਤਰੀ ਪੁਰਸ਼ ਨੂੰ ਖਿਚਦੀ ਹੈ, ਪੁਰਸ਼ ਇਸਤਰੀ ਨੂੰ ਖਿਚਦਾ ਹੈ। ਇਸ ਖਿਚ ਨੂੰ ਵੀ ਅਸੀਂ ਪਿਆਰ ਕਹਿੰਦੇ ਹਾਂ। ਪਰ ਹੈ ਇਹ ਕਾਮ। ਇਸਤਰੀ ਦੀ ਸੁੰਦਰਤਾ ਦੇ ਲੱਛਣ ਹਨ, ਕੋਮਲਤਾ (Tenderness), ਮਧੁਰਤਾ (Sweetness) ਅਤੇ ਲਲਿਤਾ (Grace) ਜਾਂ ਅਦਾ, ਲੈਅ ਭਰੀ ਚਾਲ ਢਾਲ। ਪੁਰਸ਼ ਦੀ ਪ੍ਰੇਰਣਾ ਦੇ ਲੱਛਣ ਹਨ ਕੱਦ ਬੁੱਤ, ਰੰਗ ਅਤੇ ਸ਼ਕਤੀ। ਇਹ ਖਿਚ ਪਰਸਪਰ ਹੈ।"[13]

ਰੁਮਾਂਸਵਾਦੀ ਕਵੀ ਵੀ ਇਸ ਖਿਚ ਦੀ ਪ੍ਰੇਰਣਾ ਵੱਸ ਆਪਣੇ ਮਹਿਬੂਬ ਦੀ ਮੁਹੱਬਤ ਅਤੇ ਸੁੰਦਰਤਾ ਦਾ ਵਰਨਣ ਆਪੋ-ਆਪਣੀ ਅਨੁਭਵ-ਸਮਰਥਾ ਅਤੇ ਆਪਣੇ ਲਹਿਜੇ ਨਾਲ ਕਰਦੇ ਹਨ।

ਦੀਦਾਰ ਸੰਧੂ ਦੇ ਦੁਗਾਣੇ ਪਿਆਰ ਦੇ ਨਵੇਕਲੇ **ਭਾਵਾਂ ਅਤੇ ਸੁੰਦਰਤਾ** ਨਾਲ ਲਬਰੇਜ਼ ਹਨ। ਉਹ ਮਰਦ-ਔਰਤ ਦੇ ਗੂੜ੍ਹੇ ਰੁਮਾਂਸ ਨੂੰ ਬੜੀ ਕਸੀਦਗੀ ਨਾਲ ਪ੍ਰਗਟਾਉਂਦਾ ਹੈ ਅਤੇ ਸੁੰਦਰਤਾ ਦਾ ਵਰਨਣ ਵੀ ਪ੍ਰਕਿਰਤਕ ਪ੍ਰਤੀਕਾਂ-ਬਿੰਬਾਂ ਰਾਹੀਂ, ਗਜ਼ਬ ਦਾ ਕਰਦਾ ਹੈ। ਮਰਦ ਵੱਲੋਂ ਔਰਤ ਦੀ ਸੁੰਦਰਤਾ ਦਾ ਪ੍ਰਤੀਕਾਤਮਿਕ ਚਿੱਤਰ, ਦੀਦਾਰ ਸੰਧੂ ਦੇ ਸ਼ਬਦਾਂ ਵਿਚ ਪੇਸ਼ ਹੈ :

ਝੂਠ ਖ਼ੌਨੀਂ ਸੱਚ ਕਹਿੰਦੇ, ਤੇਰੇ ਵਾਂਗੂੰ ਹੁੰਦੇ ਚਿੱਟੇ
ਪਰੀਆਂ ਦੇ ਪਤਲੇ ਸਰੀਰ ਨੀਂ
ਕਾਲੀ-ਬੋਲੀ ਰਾਤ ਵਿਚ, ਆਉਂਦੀ ਇੰਜ ਲੱਗੇਂ
ਜਿਵੇਂ ਨ੍ਹੇਰਿਆਂ 'ਚ ਅੱਗ ਦੀ ਲਕੀਰ ਨੀਂ
ਆਥਣੇ ਸਵੇਰ, ਪਵੇ ਕਾਲਜੇ ਨੂੰ ਘੇਰ
ਬਿਲੋ ਆਜਾ ਤੈਨੂੰ ਘੁੱਟ ਕੇ, ਲਗਾਵਾਂ ਗਲੇ ਫੇਰ
ਘੱਗਰੇ ਦੀ ਨੀਂ ਲੌਣ ਭਿਜਗੀ...

ਉਪਰਲੇ ਸ਼ਬਦ-ਚਿੱਤਰ ਨੂੰ ਔਰਤ-ਪਾਤਰ ਦੇ ਬੋਲ ਹੋਰ ਵੀ ਗੂੜ੍ਹਾ ਕਰਦੇ ਹਨ। ਆਉ ਵੇਖੀਏ :

ਚੰਨਾ ਗੋਰਾ ਰੰਗ, ਹਰ ਇਕ ਦੀ ਪਸੰਦ
ਅਸੀਂ ਗੋਰਾ ਰੰਗ ਰੱਬ ਤੋਂ ਰੰਗਾ ਲਿਆ
ਪੱਕੀਆਂ ਸ਼ਹਿਤੂਤੀਆਂ ਦਾ ਰਸ, ਮੇਰੀ ਬੁਲ੍ਹੀਆਂ 'ਤੇ
ਅਸੀਂ ਭੌਰ ਬੁਲ੍ਹਾਂ 'ਤੇ ਬਿਠਾ ਲਿਆ
ਜਿੰਦ ਮਜਬੂਰ ਚੰਨਾ, ਹੋਈ ਤੈਥੋਂ ਦੂਰ
ਪਰ ਆਊਂਗੀ ਜ਼ਰੂਰ, ਮੇਰੇ ਘੱਗਰੇ ਦੀ ਵੇ...

ਮੌਲਿਕ ਪ੍ਰਤੀਕ/ਬਿੰਬ ਰੁਮਾਂਟਿਕਤਾ ਨੂੰ ਹੋਰ ਵੀ ਗਹਿਰਾਉਂਦੇ ਹਨ। ਭਾਵਾਂ ਨੂੰ ਵੀ ਰਸਦਾਇਕ ਬਣਾਉਂਦੇ ਹਨ। ਹਲਕੇ ਰੁਮਾਂਸ ਤੋਂ ਆਗਾਜ਼ ਕਰ ਕੇ ਗੀਤ ਦੇ ਅਖ਼ੀਰ ਤੱਕ ਰੁਮਾਂਸ ਦੇ ਸਿਖ਼ਰ ਨੂੰ ਛੋਹ ਜਾਣਾ, ਦੀਦਾਰ ਸੰਧੂ ਦੇ ਸ਼ਬਦ ਗਿਆਨ ਅਤੇ ਸ਼ਬਦਾਂ ਦੀ ਜੜ੍ਹਤਕਾਰੀ ਕਰਨ ਦੇ ਹੁਨਰ ਦਾ ਕਮਾਲ ਹੈ। ਵੇਖੋ :

ਆਗਾਜ਼ : ਤੇਰੀ ਮੂਰਤ ਵਰਗੀ ਸੂਰਤ ਨੀਂ, ਰੱਬ ਵਿਹਲੇ ਬੈਠ ਬਣਾਈ ਐ
ਸੌਂਹ ਤੇਰੀ ਲੋਕੀਂ ਆਖਣਗੇ, ਕੋਈ ਪਰੀ ਪਰਾਹੁਣੀ ਐ...

ਅੰਤ : ਕੱਲ੍ਹ ਕਹੂ ਜਠਾਣੀ ਤੇਰੀ ਨੀਂ, ਜੀਹਨੂੰ ਮੈਂ ਭਰਜਾਈ ਕਹਿਨਾਂ ਇਆਂ
ਆਹ ਵੇਖ ਦੀਦਾਰ ਵਿਚਾਰੀ ਤੋਂ, ਤੂੰ ਕਾਹਦੇ ਬਦਲੇ ਲੈਨਾਂ ਇਆਂ
ਮੈਂ ਕਹੂੰ ਰਾਤ ਦੀ ਰਾਣੀ ਆਂ, ਦਿਨ ਚੜ੍ਹਿਐ ਤਾਂ ਕੁਮਲਾਈ ਐ
ਸੌਂਹ ਤੇਰੀ.....

ਵਰਡਜ਼ਵਰਥ ਅਨੁਸਾਰ "ਸਭ ਤੋਂ ਪਹਿਲਾਂ ਕਵੀ ਨੂੰ ਕਿਸੇ ਵਸਤ, ਘਟਨਾ, ਸਥਿਤੀ, ਵਿਅਕਤੀ ਦਾ ਇੰਦ੍ਰੀਏ ਗਿਆਨ ਹੁੰਦਾ ਹੈ, ਬਾਅਦ ਵਿਚ ਜਦੋਂ ਉਹ ਵਸਤ

ਅਦ੍ਰਿਸ਼ ਹੋ ਜਾਂਦੀ ਹੈ, ਤਾਂ ਸ਼ਾਂਤੀ ਦੇ ਪਲਾਂ ਵਿਚ ਉਹ ਆਪਣੀ ਮਾਨਸਿਕ ਪ੍ਰਤੀਕ੍ਰਿਆ ਨੂੰ ਯਾਦ ਕਰਦਾ ਹੈ ਜੋ ਉਸ ਵਸਤ ਜਾਂ ਘਟਨਾ ਦੇ ਇੰਦ੍ਰੀਆਵੀ ਬੋਧ ਵੇਲੇ ਉਸ ਦੇ ਦਿਮਾਗ਼ ਵਿਚ ਪੈਦਾ ਹੋਈ ਸੀ। ਹੌਲੀ-ਹੌਲੀ ਉਹ ਸਮੁੱਚੀ ਪ੍ਰਤੀਕ੍ਰਿਆ ਨੂੰ ਮੁੜ ਜਗਾਉਂਦਾ ਹੈ ਅਤੇ ਫਿਰ ਉਸ ਪ੍ਰਤੀਕ੍ਰਿਆ ਨੂੰ ਲਫ਼ਜ਼ਾਂ ਵਿਚ ਬੰਨ੍ਹ ਦਿੰਦਾ ਹੈ, ਅਤੇ ਇਸ ਤਰ੍ਹਾਂ ਕਾਵਿ ਦੀ ਸਿਰਜਣਾ ਹੁੰਦੀ ਹੈ।"[14]

ਦੀਦਾਰ ਸੰਧੂ ਨੇ ਅਜਿਹੇ ਗੀਤ ਰਚੇ ਹਨ ਜਿਨ੍ਹਾਂ ਵਿਚ ਉਸ ਦੇ ਨਿੱਜੀ ਅਨੁਭਵ ਵਿਚੋਂ ਦ੍ਰਿਸ਼, ਸਥਾਨ ਅਤੇ ਬਿੰਬਾਂ/ਪ੍ਰਤੀਕਾਂ ਦੀ ਭਰਮਾਰ ਹੁੰਦੀ ਹੈ। ਗੀਤਾਂ ਨੂੰ ਸੁੰਦਰ ਅਲੰਕਾਰਾਂ ਵਿਚ ਪਰੋ ਕੇ ਉਹ ਸਰੋਤੇ/ਪਾਠਕ ਨੂੰ ਰੁਮਾਂਸਮਈ ਵਾਤਾਵਰਣ ਵਿਚ ਇਸ ਤਰ੍ਹਾਂ ਲੈ ਜਾਂਦਾ ਹੈ ਜਿਵੇਂ ਉਹ (ਪਾਠਕ/ਸਰੋਤਾ) ਬੀਤੇ ਅਨੁਭਵ ਨੂੰ ਦੁਬਾਰਾ ਜਿਉਂ ਰਿਹਾ ਹੋਵੇ। ਵੰਨਗੀ ਪੇਸ਼ ਹੈ :

ਚੜ੍ਹ ਗਿਆ ਮਹੀਨਾ ਸੌਣ ਕੁੜੇ, ਸੀਨੇ ਵਿਚ ਵੱਜਕੇ ਪੌਣ ਕੁੜੇ
ਮੇਰੀ ਜਾਨ ਵਲੂੰਧਰਧਰ ਗਈ, ਤੂੰ ਗੋਰੀ ਚਿੱਟੀ ਗਰਦਨ ਨੂੰ
ਜਦ ਮੋੜ ਗਲੀ ਵਿਚ ਵੜ ਗਈ...

ਇਸ ਗੀਤ ਵਿਚ ਉਹ, ਦ੍ਰਿਸ਼-ਚਿਤਰਨ ਦੇ ਨਾਲ-ਨਾਲ ਸੁੰਦਰਤਾ ਦਾ ਬਿਆਨ ਵੀ ਵਾਰਿਸ਼ ਸ਼ਾਹ ਵਾਂਗ ਵਧੀਆ ਉਪਮਾਂ ਦੇ ਕੇ ਤੁਲਨਾਤਮਿਕ ਢੰਗ ਨਾਲ ਇਸ ਤਰ੍ਹਾਂ ਕਰਦਾ ਹੈ :

ਤੇਰੇ ਹੋਂਠ ਗੁਲਾਰੀ ਪੰਖੜੀਆਂ, ਤੇਰੇ ਨਕਸ਼ ਸਲਾਈਆਂ ਵਰਗੇ ਨੇ
ਤੇਰੇ ਨੈਣ ਖਿੜੇ ਫੁੱਲ ਨਰਗਸ ਦੇ, ਜਿਵੇਂ ਸਕਿਆਂ ਭਾਈਆਂ ਵਰਗੇ ਨੇ
ਬਰਫ਼ਾਨੀ ਰੰਗ ਦੀ ਚੋਟੀ 'ਤੇ, ਮਾਲਾ ਦੇ ਲਟਕੇ ਮੋਤੀ ਤੇ
ਕੋਈ ਬਿਜਲੀ ਡਿਗ ਕੇ ਚੜ੍ਹ ਕਈ, ਤੂੰ ਗੋਰੀ...

ਨੈਣ-ਨਕਸ਼, ਹੋਠਾਂ ਆਦਿ ਦੀ ਉਪਮਾਂ ਤੋਂ ਅੱਗੇ ਦੇਖੀਏ ਤਾਂ ਔਰਤ ਦੀ ਉੱਭਰੀ ਛਾਤੀ ਨੂੰ ਬਰਫ਼ਾਨੀ ਰੰਗ ਦੀ ਚੋਟੀ ਨਾਲ ਤਸ਼ਬੀਹ ਦੇਣੀ, ਮਰਦ ਦੀ ਉਸ 'ਤੇ ਨਜ਼ਰ ਪੈਂਦਿਆਂ ਹੀ ਮਰਦ ਦੀ ਨਜ਼ਰ ਚੁੰਧਿਆ ਜਾਣਾ ਨੂੰ, ਅਸਮਾਨੀ ਬਿਜਲੀ ਦੇ ਡਿਗ ਕੇ ਉਪਰ ਚੜ੍ਹ ਜਾਣ ਨਾਲ, ਤੁਲਨਾ ਕੇ ਭਾਵ-ਚਿਤਰ ਖਿਚਣਾ, ਦੀਦਾਰ ਸੰਧੂ ਨੂੰ ਸ਼ਾਇਦ ਇਸ ਮਾਮਲੇ ਵਿਚ, ਵਾਰਿਸ਼ ਸ਼ਾਹ ਤੋਂ ਵੀ ਦੋ, ਕਦਮ ਅੱਗੇ ਜਾ ਖਿਲਾਰਦਾ ਹੈ। ਪ੍ਰਾਕਿਰਤਕ ਬਿੰਬਾਵਲੀ ਨੂੰ ਇਸਤੇਮਾਲ ਕਰਨ ਦਾ ਉਸ ਦਾ ਆਪਣਾ ਹੀ ਢੰਗ ਹੈ।

"ਅੰਗਰੇਜ਼ੀ ਲਿਖਾਰੀ ਸਟੀਵਨਸਨ (R.L.Stevenson) ਦਾ ਕਥਨ ਹੈ ਕਿ "ਖਿੜੇ ਮੱਥੇ ਵਾਲੇ ਆਦਮੀ ਦੇ ਦਰਸ਼ਨਾਂ ਨਾਲ ਘਰ ਦਾ ਉਜਾਲਾ ਦੁਗਣਾ ਹੋ ਜਾਂਦਾ ਹੈ।"[15] ਕੁਝ ਇਨ੍ਹਾਂ ਭਾਵਾਂ ਨਾਲ ਮਿਲਦੇ-ਜੁਲਦੇ ਰੁਮਾਂਟਿਕ ਭਾਵ ਦੀਦਾਰ ਸੰਧੂ ਨੇ ਇਉਂ ਸਿਰਜੇ ਹਨ :

ਤੇਰਾ ਮੱਥਾ ਖਿੜਿਆ ਵੇਖ ਲਿਆ, ਜਿਸ-ਜਿਸ ਵੇ ਰਸ ਦੇ ਘਰ ਵਰਗਾ

ਨਹੀਂ ਲਗਦਾ ਸੌਦਾ ਘਾਟੇ ਦਾ, ਦਰ ਮਿਲ ਜਾਏ ਤੇਰੇ ਦਰ ਵਰਗਾ
ਮੈਂ ਅੱਲ੍ਹੜ ਸੀ ਅਨਭੋਲ ਜਹੀ, ਗੱਲ ਸਮਝ ਸਕੀ ਨਾ ਗੋਲ ਜਹੀ
ਜਿਹੜੀ ਜਾਨ ਸੁਰਖ਼ਰੂ ਕਰ ਗਈ, ਕੋਈ ਜਾਨ ਵਾਰਦਾ ਮੇਰੇ ਤੋਂ
ਪਰ ਮੈਂ ਡੁੱਬ ਜਾਣੀ ਡਰ ਗਈ...

ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਗਾਏ ਗੀਤ ਦੀ ਲੈਅ, ਰਵਾਨਗੀ ਤੇ ਰਿਦਮ ਦਾ ਸਵਾਦ ਤਾਂ ਗੀਤ ਸੁਣ ਕੇ ਹੀ ਮਾਣਿਆਂ ਜਾ ਸਕਦਾ ਹੈ।

"ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਵਿਚ ਜਿਨਸੀ-ਛੋਹਾਂ ਦਾ ਜ਼ਿਕਰ ਕਰਦੇ ਹੋਏ ਡਾ. ਪ੍ਰੀਤਮ ਸੈਣੀ ਨੇ ਕਮਲਾ ਦਾਸ ਦੀ ਕਵਿਤਾ 'Substitute' ਦੀਆਂ ਇਹ ਸਤਰਾਂ ਪੇਸ਼ ਕੀਤੀਆਂ ਹਨ :

"AFTER THAT LOVE BECAME A SWIVEL-DOOR,
WHEN ONE WENT OUT, AN OTHER CAME IN.

ਅਰਥਾਤ ਉਸ ਦਾ ਜੀਵਨ ਇਕ ਘੁੰਮਦਾ ਹੋਇਆ ਦੁਆਰ ਬਣ ਗਿਆ ਹੈ ਜਿਸ ਵਿਚੋਂ ਇਕ ਪ੍ਰੇਮੀ ਬਾਹਰ ਜਾਂਦਾ ਹੈ ਤੇ ਦੂਜਾ ਅੰਦਰ ਆ ਜਾਂਦਾ ਹੈ।"[16] ਅਸ਼ਲੀਲ ਅਨੁਭਵਾਂ ਵੱਲ ਸੰਕੇਤ ਕਰਦੀਆਂ ਪੰਕਤੀਆਂ ਦਾ ਜ਼ਿਕਰ ਵੀ ਡਾ. ਪ੍ਰੀਤਮ ਸੈਣੀ ਖ਼ੁਦ ਕਰਦੇ ਹਨ। ਇਥੋਂ ਸਿੱਧ ਹੋ ਜਾਂਦਾ ਹੈ ਕਿ ਇਕ ਸੀਮਾਂ ਅੰਦਰ ਰਹਿ ਕੇ ਸਾਹਿਤ ਵਿਚ ਵੇਸਵਾ ਦੀ ਜ਼ਿੰਦਗੀ ਬਾਰੇ ਗੱਲ ਕਰਨਾ ਲੱਚਰਤਾ ਨਹੀਂ ਹੁੰਦਾ। ਇਹ ਤਾਂ ਇਕ ਸੰਵੇਦਨਸ਼ੀਲ ਸਮੱਸਿਆ ਦੀ ਪੇਸ਼ਕਾਰੀ ਦਾ ਢੰਗ ਹੁੰਦਾ ਹੈ। ਰੁਮਾਂਸ ਨਾਲ ਲਬਾਲਬ ਭਰਿਆ, ਸਮਾਜ ਦੀ ਕੋਝੀ ਪਰ ਸੱਚੀ ਸਮੱਸਿਆ ਨੂੰ ਪੇਸ਼ ਕਰਦਾ ਦੀਦਾਰ ਸੰਧੂ ਦਾ ਦੁਗਾਣਾ ਹੈ 'ਮੈਂ ਨਵੀਂ ਨਸ਼ੀਲੀ ਦਾਰੂ ਵੇ' ਵੇਸਵਾ ਔਰਤ ਨੂੰ ਸ਼ਰਾਬ ਦੀ ਬੋਤਲ ਦੇ ਬਿੰਬ ਰਾਹੀਂ ਪੇਸ਼ ਕਰਦਾ ਇਹ ਦੁਗਾਣਾ ਚਕਲੇ ਚਲਾਉਣ ਵਾਲਿਆਂ ਦੀ ਕਾਲੀ ਕਰਤੂਤ, ਔਰਤ-ਬਾਜ਼ੀ ਕਰਨ ਵਾਲੇ ਬੰਦਿਆਂ ਦੀ ਸੰਭਾਵੀ ਹਾਲਤ, ਮਰਦਾਵਾਂ ਦ੍ਰਿਸ਼ਟੀਕੋਣ ਅਤੇ ਲੋਕ-ਸਚਾਈਆਂ ਵਰਗੀਆਂ ਪੰਕਤੀਆਂ ਵਿਚ ਉਲੀਕੀ ਸਮਾਜਿਕ ਸਮੱਸਿਆ ਵਿਚੋਂ ਵੀ ਸਿਰੇ ਦਾ ਰੁਮਾਂਸ ਸਿਰਜਣ ਦੀ ਅਨੋਖੀ ਘਾੜਤ ਹੈ। ਦੁਗਾਣਾ ਖੇਤਰ ਵਿਚ ਇਹ ਆਪਣੀ ਮਿਸਾਲ ਆਪ ਹੈ। ਪੇਸ਼ ਹੈ ਦੁਗਾਣਾ :

ਵੇਸਵਾ : *ਮੈਂ ਨਵੀਂ ਨਸ਼ੀਲੀ ਦਾਰੂ ਵੇ, ਮੈਂ ਸਭ ਨਸ਼ਿਆਂ 'ਤੇ ਭਾਰੂ ਵੇ*
ਰਹਿੰਦੀ ਹੈ ਮੇਰੇ ਆਸ਼ਕ ਨੂੰ, ਮੇਰੀ ਚੱਤੋ-ਪਹਿਰ ਸਰੂਰੀ
ਮੇਰਾ ਜੋਬਨ ਪੀਤਾ ਕਈਆਂ ਨੇ, ਪਰ ਮੈਂ ਪੂਰੀ ਦੀ ਪੂਰੀ...

ਮਰਦ : *ਜੋ ਪਿਆਰ ਤੇਰੇ ਨਾਲ ਕਰਦਾ ਨੀ, ਉਹ ਘਾਟ ਅਤੇ ਨਾ ਘਰ ਦਾ ਨੀ*
ਪਰ ਤਾਂ ਵੀ ਤੇਰੇ ਸੁਪਨੇ ਵਿਚ, ਕਦੇ ਉਹ ਚੋਬਰ ਤਾਂ ਆਇਆ ਹੋਊ
ਜਿਸ ਨੇ ਇਸ ਭਰੀ ਸੁਰਾਹੀ 'ਚੋਂ, ਪਹਿਲਾ ਪੈੱਗ ਭਰ ਕੇ ਲਾਇਆ ਹੋਊ...

ਏਥੇ ਹੀ ਬੱਸ ਨਹੀਂ ਵੇਸਵਾ ਦੀ ਜ਼ੁਬਾਨੀ ਉਸ ਦਾ ਭਵਿੱਖ, ਹਵਸ ਦੇ ਭੁੱਖੇ ਮਰਦਾਂ

ਦਾ ਉਸ ਪ੍ਰਤੀ ਸੰਭਾਵੀ ਵਿਵਹਾਰ ਤੇ ਵੇਸਵਾ ਦੀ ਮਾਨਸਿਕ ਹਾਲਤ ਨੂੰ ਸ਼ਬਦਾਂ ਦੀ ਜਾਦੂਗਰੀ ਨਾਲ ਪੇਸ਼ ਕਰਨਾ, ਦੁਗਾਣਾ ਖੇਤਰ ਵਿਚ ਇਹ ਪਹਿਲਾ ਤੇ ਸ਼ਾਇਦ ਆਖ਼ਰੀ ਕਦਮ ਹੈ। ਵੇਖੋ :

ਵੇਸਵਾ : *ਜਿਥੇ ਮੇਰੀ ਆਉਣੀ-ਜਾਣੀ ਆਂ, ਉਥੋਂ ਫਿਟਕਾਰੀ ਜਾਊਂਗੀ*
ਜਿਨ੍ਹਾਂ ਨੂੰ ਦੁਰਲੱਭ ਲੱਗਨੀ ਆਂ, ਉਥੋਂ ਦੁਰਕਾਰੀ ਜਾਊਂਗੀ
ਬਸ ਪੱਲੇ ਮੇਰੇ ਰਹਿਜੂਗੀ, ਮੇਰੇ ਐਬਾਂ ਦੀ ਮਸ਼ਹੂਰੀ
ਮੇਰਾ ਜੋਬਨ.....

ਮਰਦ : *ਬਦਨਾਮੀ ਤੇਰੀ ਕੱਲੀ ਦੀ, ਤੇਰੀ ਆਮਦਨ ਠੇਕੇਦਾਰਾਂ ਨੂੰ*
ਤੂੰ ਕਾਢ ਤਾਂ ਹੈ ਦਿਲਦਾਰਾਂ ਦੀ, ਪਰ ਮਿਲਦੀ ਸ਼ਾਹੂਕਾਰਾਂ ਨੂੰ
ਉਸ ਆਪਣਾ-ਆਪ ਭੁਲਾ ਕੇ ਤੇ, ਤੈਨੂੰ ਆਪਣਾ-ਆਪ
ਪਿਲਾਇਆ ਹੋਊ ਜਿਸ ਨੇ ਇਸ.....

"ਵਰਡਜ਼ਵਰਥ ਜਿਸ ਦਾ ਵਿਸ਼ੇ-ਵਸਤੂ ਸੀ : ਸੱਚ ਅਤੇ ਜੀਵਨ; ਨੇ ਮਨੁੱਖੀ ਜਜ਼ਬਾਤਾਂ, ਕਿਰਦਾਰਾਂ ਅਤੇ ਘਟਨਾਵਾਂ ਦੇ ਕੁਦਰਤੀ ਚਿੱਤਰ ਪੇਸ਼ ਕੀਤੇ। ਉਸ ਨੇ ਛੁੱਟੜ ਔਰਤਾਂ, ਦੁਖੀ ਬੁੱਢਿਆਂ, ਬੱਚਿਆਂ ਅਤੇ ਦੀਵਾਨੇ ਲੋਕਾਂ ਬਾਰੇ ਕਵਿਤਾਵਾਂ ਲਿਖੀਆਂ।"[17]

ਲੱਗਦਾ ਹੈ ਦੀਦਾਰ ਸੰਧੂ ਰੁਮਾਂਸਕਾਰੀ ਕਰਨ ਸਮੇਂ ਵਰਡਜ਼ਵਰਥ ਤੇ ਕਾਲਰਿਜ਼ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਿੰਗਮੰਡ ਫਰਾਈਡ ਦੀ ਤਰਜ਼ਮਾਨੀ ਕਰ ਰਿਹਾ ਹੋਵੇ ਪਰ ਇਹ ਸਭ ਅਚੇਤ ਹੀ ਹੈ। ਖ਼ੈਰ ! ਦੁਗਾਣੇ ਵਿਚ ਜਨਾਨੀ-ਬਾਜ਼ ਬੰਦੇ ਦੀ ਬਰਬਾਦੀ ਅਤੇ ਪਿੰਡ ਦੇ ਮੋਅਤਬਰ ਬੰਦੇ ਦੀ ਮਨੋਦਸ਼ਾ ਇਸ ਤਰ੍ਹਾਂ ਪੇਸ਼ ਹੋਈ ਹੈ :

ਵੇਸਵਾ : *ਚੰਗਾ ਨਹੀਂ ਚਸਕਾ ਚੁਸਕੀ ਦਾ, ਜਿਸ ਨੂੰ ਇਹ ਆਦਤ ਪੈ ਜਾਂਦੀ*
ਮੈਂ ਚੱਲੀ ਹਾਂ ਤੂੰ ਆਜਾ ਵੇ, ਉਸ ਨੂੰ ਬਰਬਾਦੀ ਕਹਿ ਜਾਂਦੀ
ਪਹਿਲਾਂ ਸੀ ਗਲਤੀ ਬਚਪਨ ਦੀ, ਪਰ ਹੁਣ ਬਣ ਗਈ ਮਜਬੂਰੀ
ਮੇਰਾ ਜੋਬਨ...

ਮਰਦ : *ਵੇਖਣ ਨੂੰ ਸੁਹਣੀ ਲੱਗਦੀ ਏਂ, ਤੈਨੂੰ ਪਿਆਰ ਕਰਨ ਨੂੰ ਜੀ ਕਰਦੈ*
ਪਰ ਕੁੰਦਨ ਵਰਗੇ ਆਖਣਗੇ, ਵੇਖੋ ਇਹ ਸੰਧੂ ਕੀ ਕਰਦੈ !
ਖੱਟੀ ਨੀ ਬਿਨ ਬਦਨਾਮੀ ਤੋਂ, ਉਸ ਨੇ ਵੀ ਕੁਝ ਗਵਾਇਆ ਹੋਊ
ਜਿਸ ਨੇ ਇਸ...

ਭਾਵੇਂ ਜ਼ਾਹਰਾ ਤੌਰ 'ਤੇ ਅਸੀਂ ਕਾਮ (ਸੈਕਸ) ਨੂੰ ਬੁਰਾ ਹੀ ਕਹਿੰਦੇ ਹਾਂ ਪਰ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਕੁਦਰਤੀ ਨਿਯਮਾਂ ਮੁਤਾਬਿਕ ਕਾਮ/ਸੈਕਸ ਪ੍ਰਤੀ ਹਰ ਇਨਸਾਨ ਆਕਰਸ਼ਤ ਹੁੰਦਾ ਹੈ। ਇਸ ਨੂੰ ਲੁਕਾਉਣਾ ਚਾਹੇ ਸਾਡੇ ਸਮਾਜ ਦਾ ਅੰਗ ਬਣ ਗਿਆ ਹੈ ਫਿਰ ਵੀ ਜੇਕਰ ਕੋਈ ਫ਼ਨਕਾਰ ਕਾਮੁਕ-ਭਾਵਾਂ ਨੂੰ ਪੇਸ਼

ਕਰਨਾ ਚਾਹੇ ਤਾਂ ਉਹ ਸ਼ਬਦਾਂ ਦਾ ਇਸਤੇਮਾਲ ਤਾਂ ਕਰੇਗਾ ਹੀ, ਮਹੱਤਵਪੂਰਣ ਤਾਂ ਇਹ ਗੱਲ ਹੁੰਦੀ ਹੈ ਕਿ ਉਸ ਨੇ ਵਿਸ਼ੇ ਨੂੰ ਅਤੇ ਸਬੰਧਿਤ ਵਸਤੂ ਨੂੰ ਕਿੰਨੇ ਵਧੀਆ ਤੇ ਵਿਲੱਖਣ ਢੰਗ ਨਾਲ ਪੇਸ਼ ਕੀਤਾ ਹੈ।

ਔਰਤ ਦੇ ਜਿਸਮ ਦੀ ਤਾਰੀਫ਼ ਕੁਝ ਪ੍ਰਸਿੱਧ ਕਵੀ/ਗੀਤਕਾਰਾਂ ਨੇ ਆਪੋ-ਆਪਣੇ ਢੰਗ ਨਾਲ ਕੀਤੀ ਹੈ। ਅਸੀਂ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋ ਸਕਦੇ ਕਿ ਸਾਡੇ ਮਹਾਨ ਤੇ ਕਹਿੰਦੇ-ਕਹਾਉਂਦੇ ਕਿੱਸਾਕਾਰਾਂ ਨੇ (ਜੇਕਰ ਕੁਝ ਆਲੋਚਕਾਂ ਦੇ ਢੰਗ ਨਾਲ ਦੇਖੀਏ ਤਾਂ ਚਟਖ਼ਾਰੇ ਲੈ-ਲੈ ਕੇ, ਨਹੀਂ ਤਾਂ ਸੁੱਤੇ-ਸਿੱਧ, ਮਨੁੱਖੀ ਸੁਭਾਅ ਦੇ ਮੁਤਾਬਿਕ) ਔਰਤ ਦੀ ਜਿਸਮਾਨੀ ਖ਼ੂਬਸੂਰਤੀ ਦਾ ਵਰਨਣ ਕੀਤਾ ਹੈ। ਇਨ੍ਹਾਂ ਗੱਲਾਂ ਨੂੰ ਮੱਦੇ-ਨਜ਼ਰ ਰੱਖਦਿਆਂ ਜੇਕਰ ਦੀਦਾਰ ਸੰਧੂ ਦੇ ਗੀਤਾਂ ਵਿਚ ਔਰਤ ਦੇ ਜਿਸਮਾਨੀ ਅੰਗਾਂ ਦੀ ਤਾਰੀਫ਼ ਦੇਖੀਏ ਤਾਂ ਅਸੀਂ ਉਸ ਦੇ ਤੁਲਨਾਤਮਿਕ ਢੰਗ ਵਾਲੇ ਸੁੰਦਰਤਾ-ਵਰਨਣ ਨੂੰ ਲਾਸਾਨੀ ਕਹਾਂਗੇ। ਔਰਤ ਦੇ ਭਰਵੇਂ ਤੇ ਭਖ਼ਵੇਂ ਜੋਬਨ ਦਾ ਦ੍ਰਿਸ਼-ਚਿਤਰਣ ਪਤੀ-ਪਤਨੀ ਦੇ ਸੰਵਾਦ ਵਿਚ ਇਉਂ ਪੇਸ਼ ਕੀਤਾ ਹੈ :

ਪਤੀ : *ਸੁੱਤੀ ਦੇ ਬੈਠ ਸਰਾਹਣੇ, ਤੇਰੇ ਸਾਹ ਗਿਣਦਾ ਰਹਿੰਨੈਂ*
ਸਿਖ਼ਰਾਂ ਤੇ ਗਈ ਜਵਾਨੀ ਨੂੰ, ਨਜ਼ਰਾਂ ਨਾਲ ਮਿਣਦਾ ਰਹਿੰਨੈਂ
ਜੋਬਨ ਰਸ ਭਰਿਆ-ਭਰਿਆ, ਸੀਨੇ ਤੇ ਢੇਰੀ ਕਰਿਆ
ਦੱਸ ਕਿੱਦਾਂ ਨਾ ਕਦਰ ਏਹਦੀ ਪਾਵਾਂ
ਤੂੰ ਕੂਲੀ ਜਿਵੇਂ ਨਾਗ ਦਾ ਬੱਚਾ, ਤੇਰੇ ਲੱਕ ਨੂੰ ਲਿਪਟਦਾ ਜਾਵਾਂ...

ਪਿਆਰ ਦਾ ਜਜ਼ਬਾ ਕੁਦਰਤੀ ਅਸੂਲਾਂ ਅਧੀਨ ਸਾਹ ਲੈਣ ਵਾਲੀ ਹਰ ਚੀਜ਼ ਵਿਚ ਮੌਜੂਦ ਹੈ, ਪ੍ਰਾਕ੍ਰਿਤੀ ਦੇ ਸੁਭਾਅ ਮੁਤਾਬਿਕ ਪਿਆਰ, ਸੈਕਸ ਵਿਚੋਂ ਉਪਜਦਾ ਹੈ ਇਸ ਲਈ ਪ੍ਰੇਰਤ ਹੋਇਆ ਸੈਕਸ ਗ੍ਰਹਿਸਤੀ ਜੀਵਨ ਧਾਰਦਾ ਹੈ। ਫਿਰ ਜੀਵਾਂ ਦੇ ਸੰਸਾਰ ਦੇ ਨਿਰੰਤਰ ਉਤਪਤੀ ਦਾ ਧੁਰਾ ਵੀ ਸੈਕਸ ਹੀ ਬਣਦਾ ਹੈ। ਪਸ਼ੂ ਤੇ ਪੰਛੀਆਂ ਵਿਚ ਵੀ ਇਹ ਜੀਵਨ ਦਾ ਧੁਰਾ ਹੈਰਾਨੀਜਨਕ ਪ੍ਰੇਰਣਾ ਸਰੋਤ ਉਪਜਾਉਂਦਾ ਹੈ। ਜਿਵੇਂ ਫੁੱਲਾਂ ਦੀ ਰੰਗੀਨੀ ਤਿਤਲੀਆਂ ਨੂੰ, ਸੁਗੰਧੀ ਭੰਵਰੇ ਨੂੰ, ਤਿੱਤਰ ਤੇ ਹੋਰ ਪੰਛੀਆਂ ਦੀ ਅਵਾਜ਼ ਮਿੱਤਰ ਪੰਛੀ (ਵਿਰੋਧੀ-ਲਿੰਗ) ਨੂੰ ਆਪਣੇ ਵੱਲ ਆਕਰਸ਼ਤ ਕਰਦੀ ਹੈ। ਇਹ ਵਿਗਿਆਨਕ ਸੱਚ ਹਨ।

ਪ੍ਰਕ੍ਰਿਤੀ-ਚਿਤਰਣ ਸਮੇਂ ਜਿਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦਾ ਮਹਿਬੂਬ ਮਹੀਨਾ ਚੇਤਰ ਹੈ ਉਸ ਤਰ੍ਹਾਂ ਹੀ ਦੀਦਾਰ ਸੰਧੂ ਦਾ ਮਨਪਸੰਦ ਮਹੀਨਾ ਸੌਣ (ਸਾਵਣ) ਹੈ। ਇਸ ਮਹੀਨੇ ਮੋਰਾਂ ਨੂੰ ਮਸਤੀ ਚੜ੍ਹ ਜਾਂਦੀ ਹੈ ਤੇ ਵਧੇਰੇ ਪੰਛੀਆਂ ਦਾ ਜਨਣ ਮੌਸਮ ਆ ਜਾਂਦਾ ਹੈ, ਪ੍ਰਾਕ੍ਰਿਤਕ ਵਾਤਾਵਰਣ, ਮਨੁੱਖੀ ਮਨ ਨੂੰ ਵੀ ਸਰੂਰ ਚੜ੍ਹਾ ਦਿੰਦਾ ਹੈ। ਮਾਲਵਾ ਖੇਤਰ ਵਿਚ ਲੜਕੀਆਂ ਦਾ, ਤੀਆਂ ਦਾ ਤਿਉਹਾਰ (ਗਿੱਧਾ) ਵੀ ਇਸੇ ਮਹੀਨੇ ਸ਼ੁਰੂ ਹੁੰਦਾ ਹੈ। ਸਾਵਣ ਦੇ ਮਹੀਨੇ ਪ੍ਰੀਤਮ ਦੀ ਦੂਰੀ ਬੜੀ ਚੁੱਭਦੀ ਹੈ। ਭੰਵਰੇ ਤੇ ਫੁੱਲਾਂ ਦਾ ਮਿਲਾਪ, ਕੋਇਲ ਦੀ ਸਰੀਲੀ ਤੇ ਦਰਦੀਲੀ ਹੂਕ ਪਿਆਰ ਦੇ ਅਹਿਸਾਸ ਨੂੰ ਹੋਰ ਡੂੰਘੇਰਾ ਕਰਦੇ ਹਨ। ਉਪਰ ਵਰਣਤ ਸਮੁੱਚੀ ਸਥਿਤੀ ਦਾ

ਵਾਤਾਵਰਣ ਸੁਹਜ ਅਤੇ ਸੁੰਦਰਤਾ ਨਾਲ ਕਰ ਕੇ ਦੀਦਾਰ ਸੰਧੂ, ਰੁਮਾਂਸ ਨੂੰ ਵਧੇਰੇ ਤੀਖਣ ਕਰਦਾ ਹੈ। ਆਉ ਵੇਖੀਏ :

ਔਰਤ : *ਜਦ ਸਾਲ ਸੋਲ੍ਹਵਾਂ ਚੜ੍ਹ ਜਾਂਦਾ, ਜੋਬਨ ਨਾਲ ਵਿਹੜਾ ਭਰ ਜਾਂਦਾ*
ਇਕ ਹਾਨਣ ਕਹਿੰਦੀ ਹਾਣੀ ਨੂੰ...ਵੱਟੀਲੂੰ !

ਪੰਛੀਆਂ (ਤਿੱਤਰਾਂ) ਦੀ ਬੋਲੀ ਵਿਚੋਂ ਰੁਮਾਂਟਿਕ ਭਾਵਾਂ ਨੂੰ ਰੂਪਮਾਨ ਕਰ ਕੇ, ਮਨੁੱਖੀ-ਮਨਾਂ ਉਪਰ ਪਏ ਪ੍ਰਕਿਰਤੀ ਦੇ ਪ੍ਰਭਾਵ ਅਤੇ ਚੜ੍ਹਦੀ ਜਵਾਨੀ ਦੀਆਂ ਭਾਵਨਾਵਾਂ ਦੇ ਸੁਮੇਲ ਦੀ ਸੁੰਦਰ ਕਲਾ ਦਾ ਨਮੂਨਾ, ਗੀਤ ਦੇ ਅਗਲੇ ਪਹਿਰਿਆਂ ਵਿਚ ਵੇਖੋ :

ਮਰਦ : *ਜਦ ਸਾਲ ਸੋਲ੍ਹਵਾਂ ਚੜ੍ਹ ਜਾਂਦਾ, ਜੋਬਨ ਨਾਲ ਵਿਹੜਾ ਭਰ ਜਾਂਦਾ*
ਇਕ ਹਾਨਣ ਕਹਿੰਦੀ ਹਾਣੀ ਨੂੰ...ਵੱਟੀਲੂੰ !

ਔਰਤ : *ਮੇਰਾ ਤੁਰਦੀ ਦਾ ਹਚਕੋਲਾ ਵੇ, ਕਈਆਂ ਤੇ ਜਾਦੂ ਮਾਰ ਗਿਆ*
ਜਿਵੇਂ ਨਿਕਲੇ ਗੋਭ ਬਰੂਟੇ 'ਚੋਂ, ਮੇਰਾ ਸੀਨਾ ਸ਼ਕਲ ਸਵਾਰ ਗਿਆ
ਜਦ ਟੁਟਦਾ ਮਾਣ ਜਵਾਨੀ ਦਾ, ਮੁੱਢ ਬੱਝਦਾ ਕਿਸੇ ਕਹਾਣੀ ਦਾ
ਇਕ ਹਾਨਣ...

ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਕਥਨ ਹੈ ਕਿ "ਇਸ਼ਕ ਦੀ ਬੁਨਿਆਦ ਲਿੰਗ ਹੈ। ਪਿਆਰ ਕੀ ਹੈ ? ਕੋਮਲ ਤੇ ਸੁਲਝਿਆ ਹੋਇਆ ਲਿੰਗ ਹੈ। ਮਨੁੱਖੀ ਸਾਂਝਾਂ ਦੇ ਵਿਸ਼ਾਲ ਤੇ ਅਸੀਮ ਤਾਣੇ-ਪੇਟੇ ਉੱਤੇ ਪਿਆਰ ਦਾ ਦੇਵਤਾ ਅਨੂਠੀ ਚਿੱਤਰਕਾਰੀ ਕਰੀ ਜਾ ਰਿਹਾ ਹੈ। ਇਹਦੀ ਕਾਰਜਸ਼ਾਲਾ ਮਨੁੱਖੀ ਸਾਂਝਾਂ ਹਨ। ਏਸ ਵੇਲੇ ਲਿੰਗ-ਤੜਪ ਦੀ ਜਿਹੜੀ ਸ਼ਕਾਇਤ ਅਸੀਂ ਹਰ ਪਾਸੇ ਸੁਣ ਰਹੇ ਹਾਂ, ਇਹ ਮਨੁੱਖੀ ਸਾਂਝਾਂ ਵਿਚ ਪਏ ਕੜਵੱਲ ਹਨ।"[18]

ਜੀ.ਐੱਸ. ਰਿਆਲ ਮੁਤਾਬਿਕ "ਇਸਤਰੀ ਅਤੇ ਪੁਰਸ਼ ਵਿਚਕਾਰ ਜਿਨਸੀ-ਸਬੰਧਾਂ ਦਾ ਹੋਣਾ ਕੁਦਰਤ ਦਾ ਇਕ ਮਹੱਤਵਪੂਰਣ ਨਿਯਮ ਹੈ। ਪਿਆਰ ਅਤੇ ਵਿਲਾਸ ਦੇ ਖੇਤਰ ਵਿਚ ਪੁਰਸ਼ਦਾ ਬੋਲਬਾਲਾ ਰਿਹਾ ਹੈ ਕਿਉਂ ਜੋ ਉਹ ਆਪਣੀਆਂ ਪਿਆਰ ਭਾਵਨਾਵਾਂ ਨੂੰ ਖੁੱਲ੍ਹ ਕੇ ਪ੍ਰਗਟ ਕਰ ਸਕਿਆ ਹੈ। ਇਸਤਰੀ ਲਾਜ ਦੀ ਮਾਰੀ ਜਾਂ ਮਰਦ ਤੋਂ ਝਿਜਕਦੀ, ਪ੍ਰੀਤਾਂ ਦੀ ਪਟਾਰੀ ਨੂੰ ਖੋਲ੍ਹਣ ਵਿਚ ਪੂਰੀ ਤਰ੍ਹਾਂ ਅਸਮਰੱਥ ਰਹੀ ਹੈ। ਸਿੱਟੇ ਵਜੋਂ ਸਾਡੀ ਭਾਸ਼ਾ ਵਿਚ ਅਜਿਹੇ ਸ਼ਬਦਾਂ ਦੀ ਭਰਮਾਰ ਹੈ, ਜਿਨ੍ਹਾਂ ਦਾ ਸਬੰਧ ਇਸਤਰੀ ਦੀ ਸਰੀਰਕ ਸੁੰਦਰਤਾ ਤੇ ਕੋਮਲਤਾ ਨਾਲ ਹੈ। ਜੀ.ਐੱਸ. ਰਿਆਲ ਨੇ ਸ਼ਬਦਾਂ ਦੇ ਸਬੰਧ ਵਿਚ ਸ਼ਬਦ ਕਾਮਨੀ, ਕਾਂਤਾ, ਮੁੰਧ, ਸੁੰਦਰੀ, ਗੋਰੀ, ਵਾਮਾ, ਰਮਨੀ, ਬਿਨਤਾ ਆਦਿ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਅਜਿਹੇ ਸ਼ਬਦ ਪੁਰਸ਼ ਦੀ ਕਾਮ-ਤ੍ਰਿਸ਼ਨਾ ਦੇ ਹੀ ਸੂਚਕ ਹਨ। ਇਥੇ ਹੀ ਬੱਸ ਨਹੀਂ, ਪੁਰਸ਼ ਨੇ ਕਵਿਤਾ ਵਿਚ ਇਸਤਰੀ ਦੀ ਸੁੰਦਰਤਾ ਅਤੇ ਅੰਗ-ਅੰਗ ਨੂੰ ਬੜੀ ਰੀਝ ਨਾਲ ਚਿਤਰਿਆ ਹੈ।...ਇੱਥੇ ਇਹ ਵੀ ਦੱਸਿਆ ਜਾ ਸਕਦਾ ਹੈ ਕਿ ਪਿਆਰ ਜਾਂ ਚਾਹਤ (ਜਿਸ ਵਿਚ ਜਿਨਸੀ ਪਿਆਰ ਵੀ ਸ਼ਾਮਿਲ ਹੈ) ਅਤੇ ਸੁੰਦਰਤਾ ਦੇ ਉਪਰੋਕਤ ਭਾਵ ਅੰਤਰ-ਸਬੰਧਿਤ ਹਨ।

ਸਾਡੇ ਸ਼ਬਦ ਕਾਮਨਾ, ਕਾਂਤਾ, ਕਾਮਨੀ, ਜਿਹੜੇ ਇਕ ਹੀ ਸਰੋਤ ਵਿਚੋਂ ਉਗਮੇਂ ਹਨ, ਇਸ ਤੱਥ ਦੀ ਗਵਾਹੀ ਭਰਦੇ ਹਨ।"[19]

ਉਪਰੋਕਤ ਵਿਦਵਾਨਾਂ ਦੇ ਕਥਨਾਂ ਨੂੰ ਅਧਾਰ ਬਣਾ ਕੇ ਜੇਕਰ ਅਸੀਂ ਦੀਦਾਰ ਸੰਧੂ ਦੇ ਗੀਤਾਂ ਨੂੰ ਲੱਚਰਤਾ ਦਾ ਦੋਸ਼ ਨਾ ਦੇਈਏ ਤਾਂ ਅਸੀਂ ਵੇਖ ਸਕਦੇ ਹਾਂ ਕਿ ਉਹ ਸ਼ਬਦਾਂ ਦਾ ਸਫਲ ਪ੍ਰਯੋਗ ਕਰ ਕੇ ਜਿਨਸੀ-ਮਿਲਣ ਦਾ ਵਰਨਣ ਅਜਿਹੇ ਢੰਗ ਨਾਲ ਕਰਦਾ ਹੈ ਕਿ ਇਕ ਵੀ ਸ਼ਬਦ ਲੱਚਰਤਾ ਵਾਲਾ ਨਹੀਂ ਅਤੇ ਸਰੋਤੇ/ਪਾਠਕ ਦੀਆਂ ਦੱਬੀਆਂ ਕਾਮੁਕ ਚਾਹਤਾਂ ਦਾ ਭਾਵ-ਵਿਰੇਚਨ, ਦੀਦਾਰ ਤੋਂ ਬਗ਼ੈਰ ਸ਼ਾਇਦ ਹੀ ਕੋਈ ਹੋਰ ਐਨੇ ਵਧੀਆ ਸ਼ਬਦਾਂ ਵਿਚ ਕਰ ਸਕੇ। ਸਾਗਰ, ਬੱਦਲਾਂ, ਬਗਲੇ, ਬਿਜਲੀ, ਲਿਸ਼ਕੋਰ, ਬਰਸਾਤ, ਧਰਤੀ ਅਤੇ ਆਕਾਸ਼ ਦੇ ਸੰਗਮ ਦੇ ਪ੍ਰੀਤਕਾਂ/ਬਿੰਬਾਂ ਰਾਹੀਂ ਗੀਤ ਦੇ ਬੋਲ ਪੇਸ਼ ਹਨ :

ਮਰਦ : *ਇਕ ਸਾਗਰ ਕਾਲੇ ਬੱਦਲਾਂ ਦਾ, ਵਿਚ ਬਗਲਾ ਚੁੱਭੀਆਂ ਮਾਰ ਰਿਹਾ*
ਇਕ ਤੇਰੇ ਵਰਗੀ ਬਿਜਲੀ ਦਾ, ਹੋ ਬੱਦਲਾਂ ਨਾਲ ਟਕਰਾਰ ਰਿਹਾ
ਲਿਸੋ-ਲਿਸ ਬੱਦਲ ਵਰ੍ਹ ਜਾਂਦਾ, ਜਦ ਧਰਤੀ ਦੀ ਕੁੱਖ ਭਰ ਜਾਂਦਾ
ਇਕ ਹਾਣੀ ਕਹਿੰਦਾ ਹਾਨਣ ਨੂੰ.....ਵੱਟੀਲੂੰ !

ਕਾਮ ਤੇ ਇਸ਼ਕ ਪਿਆਰ ਦੇ ਅੰਸ਼ ਹਨ ਜੋ ਕੁਦਰਤ ਦੀ ਦੇਣ ਹਨ। ਕਾਮ ਦੀ ਪੂਰਤੀ ਹਰ ਜੀਵ ਨੇ ਕਰਨੀ ਹੀ ਹੁੰਦੀ ਹੈ। ਭਾਵ-ਵਿਰੇਚਨੀ ਤੌਰ 'ਤੇ ਕਲਾ ਇਸ ਦੀ ਪੂਰਤੀ ਕਰਦੀ ਹੈ। ਕਾਮ ਮਨੁੱਖ ਦੀ ਜਮਾਂਦਰੂ (Insticnt) ਰੁਚੀ ਹੈ।

ਪੂਰਨ ਸਿੰਘ ਨੇ "ਇਕ ਵੇਰੀ ਅਚਨਚੇਤ"[20] ਕਵਿਤਾ ਵਿਚ ਇਕ ਇਸਤਰੀ ਪਾਤਰ ਨੂੰ ਅਚਾਨਕ ਆਪਣੇ ਆਸ਼ਕ ਦੀ ਬੁੱਕਲ ਵਿਚ ਡਿੱਗ ਪੈਣ, ਘੁੱਟਣ, ਧੜਕਦੇ, ਫੜਕਦੇ ਸੀਨੇ ਅਤੇ ਘੁੱਗੀ ਵਾਂਗ ਡਰ ਕੇ ਉਸ ਦੀ ਛਾਤੀ ਨਾਲ ਲੱਗਣ ਦੀ ਗੱਲ ਕੀਤੀ ਹੈ। ਇਸੇ ਨਾਲ ਮਿਲਦੀ-ਜੁਲਦੀ ਘਟਨਾ ਨੂੰ ਦੀਦਾਰ ਸੰਧੂ ਨੇ ਇਉਂ ਪੇਸ਼ ਕੀਤਾ ਹੈ :

ਔਰਤ : *ਕਿਤੇ ਜੇ ਨਾ ਵੇ ਤੂੰ ਆਉਂਦਾ, ਕਿਹੜਾ ਜਿੰਦ ਨੂੰ ਬਚਾਉਂਦਾ*
ਭਾਵੇਂ ਆਉਂਦੀ ਹੀ ਕਲਾਵੇ ਵਿਚ ਲੈ ਕੇ ਘੁੱਟ ਲਈ
ਵੇ ਤੂੰ ਟੀਸੀ ਉੱਤੇ ਲੱਗੇ ਬੇਰ ਵਾਂਗੂੰ ਬੁੱਚ ਲਈ...

ਰੁਮਾਂਸ ਵਿਚ ਨਾਟਕੀਅਤਾ ਦੀ ਵੰਨਗੀ ਵੇਖੋ :

ਮਰਦ : *ਤੈਨੂੰ ਪਤਾ ਵੀ ਨਾ ਲੱਗੇ, ਤੇਰੇ ਰਹੀਏ ਸੱਜ-ਖੱਬੇ*
ਤਾਹੀਉਂ ਨਿੱਤ ਦਾ ਥਕੇਵਾਂ ਸਾਡਾ, ਦੂਰ ਹੋ ਗਿਆ
ਸਾਨੂੰ ਲੰਡੂ ਪੈਗ ਲੱਗੇ ਜਿਹਾ ਸਰੂਰ ਹੋ ਗਿਆ...

ਇਕ ਹੋਰ ਕਵਿਤਾ "ਕੁੜੀਆਂ ਦਾ ਤ੍ਰਿੰਞਣ"[21] ਵਿਚ ਪੂਰਨ ਸਿੰਘ ਨੇ ਔਰਤਾਂ (ਕੁੜੀਆਂ) ਦੀਆਂ ਗਰਦਨਾਂ ਨੂੰ ਹੰਸ ਦੀ ਗਰਦਨ ਨਾਲ ਤੁਲਨਾ ਕੇ ਲੰਮੀਆਂ ਤੇ ਚਿੱਟੀਆਂ ਕਹਿ ਕੇ ਉਪਮਾ ਕੀਤੀ ਹੈ।

ਦੀਦਾਰ ਸੰਧੂ ਵੀ ਤੁਲਨਾ ਦਾ ਬਾਦਸ਼ਾਹ ਹੈ, ਉਸ ਨੇ ਔਰਤ ਦੀ ਗੁੰਦਵੀਂ ਤੇ ਲੰਬੀ ਗਰਦਨ ਜਿਸ ਵਿਚ ਵੱਟ ਪੈਂਦੇ ਹਨ, ਦੀ ਤੁਲਨਾਤਮਿਕ ਉਪਮਾ ਇਉਂ ਕੀਤੀ ਹੈ :

ਪਤਨੀ : *ਮੇਰੀ ਹਾਰ-ਹਮੇਲਾਂ ਵਾਲੀ ਗਰਦਨ, ਤੈਨੂੰ ਕੈਸੀ ਲਗਦੀ ਐ ?*
ਪਤੀ : *ਜਿਉਂ ਛਲਕਾਇਆਂ ਬੋਤਲ, ਉਸ ਦੇ ਗਲ ਵਿਚ ਕੰਗਣੀ ਬੱਝਦੀ ਐ !*

ਅਕਾਰਣ, ਕੁੜੀਆਂ ਦੇ ਪਿੱਛੇ-ਪਿੱਛੇ ਜਾਂਦੇ ਸਮੇਂ ਦਾ ਦ੍ਰਿਸ਼-ਚਿਤਰਣ ਕਰਦਾ ਹੋਇਆ ਪੂਰਨ ਸਿੰਘ ਆਖਦਾ ਹੈ :

"ਉਹ ਮੁੜ-ਮੁੜ ਤੱਕਣ, ਮੁੜ-ਮੁੜ ਹੱਸਣ,
ਉਨ੍ਹਾਂ ਦੀਆਂ ਹੰਸ-ਗਰਦਨਾਂ ਦੇ ਮੋੜ ਤੋੜ ਚੰਗੇ ਲਗਦੇ।"[22]

ਇਸ ਤਰ੍ਹਾਂ ਹੀ, ਸੌਣ ਦੇ ਮਹੀਨੇ ਵਿਚ ਆਸ਼ਕ ਵਲੋਂ ਆਪਣੀ ਮਹਿਬੂਬ ਨੂੰ ਤੇਜ਼-ਕਦਮੀ ਜਾਂਦੀ ਵੇਖਣ ਮਗਰੋਂ, ਦ੍ਰਿਸ਼-ਚਿਤਰਣ ਦੀ ਪੇਸ਼ਕਾਰੀ ਦੀਦਾਰ ਸੰਧੂ ਇਉਂ ਕਰਦਾ ਹੈ :

ਚੜ੍ਹ ਗਿਆ ਮਹੀਨਾ ਸੌਣ ਕੁੜੇ, ਸੀਨੇ ਵਿਚ ਵੱਜਕੇ ਪੌਣ ਕੁੜੇ
ਮੇਰੀ ਜਾਨ ਵਲੂੰਧਰ ਧਰ ਗਈ, ਤੂੰ ਗੋਰੀ-ਚਿੱਟੀ ਗਰਦਨ ਨੂੰ
ਜਦ ਮੋੜ ਗਲੀ ਵਿਚ ਵੜ ਗਈ...

ਔਰਤ ਦੇ ਹੁਸਨ ਦੀ ਤਾਰੀਫ਼, ਅੰਗਾਂ ਦਾ ਵਰਨਣ, ਮਹਿਬੂਬ ਦੀ ਯਾਦ ਦਾ ਪ੍ਰਭਾਵ, ਇਸ਼ਕ ਤੇ ਬਿਰਹਾ ਦੀ ਗੱਲ ਅਤੇ ਰੁੱਤਾਂ ਦਾ ਚਿਤਰਨ ਸਾਡੇ ਸਾਰੇ ਹੀ ਰੁਮਾਂਟਿਕ ਕਵੀ ਕਰਦੇ ਹਨ। ਅਸੀਂ ਵੇਖਣਾ ਇਹ ਹੁੰਦਾ ਹੈ ਕਿ ਕਿਹੜਾ ਕਵੀ ਅਜਿਹੇ ਚਿੱਤਰਾਂ ਤੇ ਭਾਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਰਾਹੀਂ, ਵਿਲੱਖਣਤਾ ਸਾਹਿਤ ਪੇਸ਼ ਕਰ ਸਕਦਾ ਹੈ। ਅੰਮ੍ਰਿਤਾ ਪ੍ਰੀਤਮ 'ਇਕ ਟੋਟਾ ਧੁੱਪ ਦਾ' ਕਵਿਤਾ ਵਿਚ ਮਹਿਬੂਬ ਦੀ ਯਾਦ ਨੂੰ ਸੰਸਾਰ ਰੂਪੀ ਹਨੇਰੇ ਵਿਚ ਇਕ ਧੁੱਪ ਦੇ ਟੋਟੇ ਵਾਂਗ ਤਸ਼ੱਵਰ ਕਰਦੀ ਹੈ। ਦੀਦਾਰ ਸੰਧੂ ਆਪਣੀ ਮਹਿਬੂਬਾ ਦੀ ਘੂਰ ਅਤੇ ਯਾਦ ਨੂੰ ਵਿਲੱਖਣ ਤਸ਼ਬੀਹਾਂ ਦੇ ਕੇ ਇਉਂ ਪੇਸ਼ ਕਰਦਾ ਹੈ :

ਤੇਰੀ ਯਾਦ ਨੀ ਹੱਡਾਂ ਨੂੰ, ਤੇਈਏ ਤਾਪ ਵਰਗੀ,
ਤੇਰੀ ਘੂਰ ਬਾਰਾਂ ਵਰ੍ਹੇ ਦੇ ਸਰਾਪ ਵਰਗੀ,
ਇਸ਼ਕ ਤੇਰੇ ਕੀ ਹੱਡੀਂ ਰਚਿਆ, ਨਾਗ ਵਾਂਗ ਵਲ ਖਾਂਦੀ
ਘਰ ਮੰਜੇ 'ਤੇ ਪਾਸਾ ਪਰਤੇਂ, ਹੌਕੇ ਲੈਣ ਗਵਾਂਢੀ
ਬਈ ਪਤਲੀ ਪਤੰਗ ਵਰਗੀ...

ਸੁੰਦਰਤਾ ਹਰ ਮਨੁੱਖ ਨੂੰ ਪ੍ਰਭਾਵਿਤ ਕਰਦੀ ਹੈ ਪਰ ਸੁੰਦਰਤਾ ਦਾ ਸੁਹਜ ਭਰੀ ਸ਼ਬਦਾਵਲੀ ਅਤੇ ਬਿੰਬਾਵਲੀ ਵਿਚ ਸਾਕਾਰ ਕਰਨਾ ਕਵੀ-ਲੋਕਾਂ ਦੇ ਹਿੱਸੇ ਆਉਂਦਾ ਹੈ। ਇਕ ਸੁਹਣੀ-ਸੁਹਲ ਕੁੜੀ ਦੇ ਮੁਖੜੇ ਨੂੰ ਪੂਰਨ ਸਿੰਘ ਨੇ "ਇਕ ਜੰਗਲੀ ਫੁੱਲ" ਕਵਿਤਾ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ :

'ਮੁੜ ਮੁੜੀ ਸੁਹਣੀ ਦੇ ਬਿਰਾਗੀ ਕੇਸਾਂ ਦੀ ਰਾਤ ਪੈਂਦੀ ਜਾਂਦੀ ਹੈ...'

ਦੀਦਾਰ ਸੰਧੂ ਦੀ ਇਸਤਰੀ ਪਾਤਰ ਇਨ੍ਹਾਂ ਭਾਵਾਂ ਨੂੰ ਇਉਂ ਪ੍ਰਗਟਾਉਂਦੀ ਹੈ :

ਕੁੜੀ : ਮੇਰੇ ਲੰਬੇ-ਕਾਲੇ ਕੇਸ, ਜਿਵੇਂ ਮੱਸਿਆ ਦੀ ਰਾਤ
ਵੱਜੇ ਧੌਣ ਦੇ ਹੁਲਾਰੇ ਨਾਲ ਹੋ ਜਾਏ ਪ੍ਰਭਾਤ
ਮੁੰਡਾ : ਚਿਹਰਾ ਚਮਕੇ ਜਿਉਂ ਚੜ੍ਹਿਆ ਏ, ਚੰਨ ਗੋਡੀ ਮਾਰ
ਵੇਖੀ ਨਹਿਰ ਦੇ ਕੰਢੇ 'ਤੇ ਖੜੀ ਇਕ ਮੁਟਿਆਰ...

ਉਪਰ ਵਰਣਤ ਕਵਿਤਾ ਵਿਚ ਮੁਟਿਆਰ ਦੇ ਡੁਲ੍ਹ-ਡੁਲ੍ਹ ਪੈਂਦੇ ਜੋਬਨ ਤੇ ਅੰਗਾਂ ਦੀ ਸਿਫ਼ਤ ਨੂੰ, ਲਟ-ਲਟ ਬਲਦੀ ਤੇਜ਼ ਮੂਰਤ, ਸੁਹੱਪਣ-ਸ਼ਹਿਜ਼ਾਦੀ, ਕੱਖਾਂ ਵਿਚ ਬਲਦੀ ਅੱਗ ਆਦਿਕ ਉਪਮਾ-ਮਈ ਬਿੰਬਾਵਲੀ ਵਿਚ ਪੇਸ਼ ਕੀਤਾ ਹੈ। ਪੂਰਨ ਸਿੰਘ ਦੀ ਲਿਖੀ ਇਹ ਖੁੱਲ੍ਹੀ ਤੇ ਲੰਬੀ ਨਜ਼ਮ ਹੈ। ਚੋਖੀ ਰਾਤ ਗਈ ਵਿਚ ਇਕ ਗੱਭਰੂ ਨਾਲ ਮਿਲਣ ਅਤੇ ਝੁੰਗੀ ਦੇ ਝੁੱਲਣ ਤੇ ਝੂਟਾ ਆਉਣ ਵਰਗੀ ਸ਼ਬਦਾਵਲੀ ਵਿਚੋਂ ਕਾਮੁਕ ਭਾਵਾਂ ਵੱਲ ਹੁੰਦੇ ਇਸ਼ਾਰੇ ਸਪੱਸ਼ਟ ਦਿਖਾਈ ਦੇ ਜਾਂਦੇ ਹਨ। ਹਰ ਕਵੀ ਦੀ ਆਪਣੀ ਸ਼ੈਲੀ, ਬਿੰਬਾਵਲੀ ਅਤੇ ਵਰਨਣ ਢੰਗ ਆਪੋ-ਆਪਣਾ ਹੁੰਦਾ ਹੈ। ਜਿਵੇਂ ਕਿ ਡਾ. ਰਤਨ ਸਿੰਘ ਜੱਗੀ ਆਖਦੇ ਹਨ "ਹਰੇਕ ਕਲਾ-ਕ੍ਰਿਤੀ ਦਾ ਆਪਣਾ ਸੱਚ ਹੁੰਦਾ ਹੈ ਤੇ ਲੋੜ ਹੈ ਉਹ ਸੱਚ ਨੂੰ ਪਛਾਣਨ ਦੀ, ਨਾ ਕਿ ਰੱਦਣ ਦੀ।"

ਦੀਦਾਰ ਸੰਧੂ ਨੇ ਵੀ ਹਨੇਰੇ ਵਿਚ ਆਉਂਦੀ ਪ੍ਰੇਮਿਕਾ ਦੀ ਤਸਵੀਰ ਖਿੱਚੀ ਹੈ। ਰਿਦਮ ਭਰਪੂਰ ਤੇ ਭਾਸ਼ਾਈ ਰਵਾਨਗੀ ਵਾਲੀ ਅਜਿਹੀ ਹੀ ਤਸਵੀਰਕਸ਼ੀ ਦੇ ਆਉ ਦਰਸ਼ਨ ਕਰੀਏ :

ਝੂਠ ਖਨੀਂ ਸੱਚ, ਕਹਿੰਦੇ ਤੇਰੇ ਵਾਂਗੂੰ ਹੁੰਦੇ ਚਿੱਟੇ
ਪਰੀਆਂ ਦੇ ਪਤਲੇ ਸਰੀਰ ਨੀਂ
ਕਾਲੀ-ਬੋਲੀ ਰਾਤ ਵਿਚ ਆਉਂਦੀ, ਇੰਜ ਲੱਗੇਂ
ਜਿਵੇਂ ਨੇਰ੍ਹਿਆਂ 'ਚ ਅੱਗ ਦੀ ਲਕੀਰ ਨੀਂ...

ਹੋਰ ਵੇਖੋ : ਤੇਰੀ ਮੂੰਹ ਨ੍ਹੇਰੇ ਵਿਚ ਤੁਰਦੀ ਦੀ, ਏਦਾਂ ਰੁਸ਼ਨਾਈ ਹੁੰਦੀ ਐ
ਜਿਵੇਂ ਕਿਸੇ ਨੇ ਆਲੇ ਦੇ ਵਿਚ ਜੋਤ ਜਗਾਈ ਹੁੰਦੀ ਐ...

"ਇਕ ਜੰਗਲੀ ਫੁੱਲ" ਕਵਿਤਾ ਵਿਚ ਵੀ ਔਰਤ ਦੇ ਬਦਨ ਵਿਚੋਂ ਆਉਂਦੀ ਮਹਿਕ ਬਾਰੇ ਜ਼ਿਕਰ ਕੀਤਾ ਹੈ। ਦੀਦਾਰ ਸੰਧੂ ਨੇ ਵੀ ਔਰਤ ਦੇ ਅੰਗਾਂ ਨੂੰ ਮੌਲਿਕ ਬਿੰਬਾਵਲੀ ਰਾਹੀਂ ਮਹਿਕਦੇ ਇੰਜ ਚਿਤਰਿਆ ਹੈ :

ਮੈਂ ਚਿੱਟੀ ਚਾਦਰ ਵਰਗੀ ਹਾਂ, ਕੋਈ ਮਿਹਰ ਖ਼ੁਦਾ ਦੀ ਹੋਈ ਐ
ਜਿੱਦਾਂ ਕੋਈ ਬਾਗ਼ ਮੁਸੱਮੀਆਂ ਦਾ, ਮੇਰੇ ਅੰਗਾਂ ਵਿਚ ਖ਼ੁਸ਼ਬੋਈ ਐ
ਦਿਲ ਮੇਰੇ ਵਿਚ ਸਧਰਾਂ ਦੇ ਕੋਈ ਬੀਜ਼ ਕੇਰ ਗਿਆ ਵੇ...

ਵਰਣਤ ਕਵਿਤਾ ਵਿਚ ਕਵੀ ਨੇ ਗੱਭਰੂ ਦੀਆਂ ਕੰਧਾਂ ਢਹਿ-ਢੇਰੀ ਹੋਣ, ਇਕ

ਦੂਜੇ ਵਿਚ ਘੁਲਣ, ਆਪੇ ਵਿਚ ਲੁਕਾਉਣ ਅਤੇ ਆਪਾ ਚਖਾਉਣ ਤੋਂ ਬਾਅਦ ਕਾਮੁਕਤਾ ਦਾ ਸਿਖ਼ਰ ਛੂਹਣ ਨੂੰ ਰੱਬ ਦਿਖਾਉਣ ਬਰਾਬਰ ਚਿਤਰ ਕੇ ਜਲ ਥਲ ਇਕ ਹੋ ਜਾਣ ਤੱਕ ਦਾ ਸਫ਼ਰ ਉਲੀਕਿਆ ਹੈ। ਜਿਨਸੀ ਵਰਨਣ ਕਰਨ ਵਾਲੇ ਰੁਮਾਂਟਿਕ ਕਵੀਆਂ ਵਿਚ ਵੈਸੇ ਤਾਂ ਵਰਿਸ਼ ਸ਼ਾਹ ਤੋਂ ਲੈ ਕੇ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪੂਰਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦਾ ਵੀ ਹਵਾਲਾ ਦਿੱਤਾ ਜਾ ਸਕਦਾ ਹੈ। ਵਿਸ਼ੇ ਦੇ ਵਿਸਥਾਰ ਤੋਂ ਬਚਣ ਲਈ ਇਕੱਲੇ ਸ਼ਿਵ ਕੁਮਾਰ ਦੀ ਕਵਿਤਾ ਵਾਚ ਲਈਏ :

"ਕੋਠੇ ਚੜ੍ਹ ਕੇ ਤੱਕਣ ਲੱਗੀ, ਆ ਪੂਣੀ ਨੂੰ ਅੱਗ ਪਈ
... ...
ਗੂੰਜ ਗਿਆ ਉਹਦੇ ਤਨ ਦਾ ਬੇਲਾ...
ਪੱਟਾਂ ਦੇ ਵਿਚ ਪੀਂਘਾਂ ਪਈਆਂ, ਹੁਸਨ ਜਵਾਨੀ ਰੱਜ ਗਈ...'[23]

ਜਿਸਮਾਨੀ ਸ਼ਬਦਾਵਲੀ ਕਿਸੇ ਨਾ ਕਿਸੇ ਰੂਪ ਵਿਚ ਉਪਰੋਕਤ ਸਾਰੇ ਕਵੀ ਵਰਤਦੇ ਰਹੇ ਹਨ। ਆਉ ਆਪਾਂ ਉਪਰ ਦਿੱਤੀ ਪੂਰਨ ਸਿੰਘ ਦੀ ਕਵਿਤਾ ਅਤੇ ਸਾਰੇ ਰੁਮਾਂਟਿਕ ਕਵੀਆਂ ਨੂੰ ਸਨਮੁੱਖ ਰੱਖਦੇ ਹੋਏ, ਦੀਦਾਰ ਸੰਧੂ ਦੇ ਗੀਤਾਂ ਵਿਚਲੇ ਜਿਸਮਾਨੀ ਪ੍ਰਤੀਕਾਂ ਨੂੰ ਵੇਖੀਏ :

ਆਸ਼ਕ : ਦਿਨੋਂ-ਦਿਨ ਪੂਣੀ ਵਾਂਗੂੰ ਬੱਗੀ ਹੁੰਦੀ ਜਾਵੇਂ
ਦਿਲ ਰੱਖ ਕੇ ਪਿਆਰ ਵੱਲੋਂ ਖ਼ਾਲੀ, ਨੀ
ਅੰਗ-ਸੰਗ ਰਹਿਣ ਮਗਰੋਂ, ਵੇਖੀਂ ਮੂੰਹ 'ਤੇ ਝਗੜਦੀ ਲਾਲੀ...

ਇਥੇ ਸਾਨੂੰ ਇਹ ਵਾਚਣ ਅਤੇ ਸਮਝਣ ਦੀ ਲੋੜ ਹੈ ਕਿ ਸਬੰਧਿਤ ਗੱਲ ਨੂੰ ਪ੍ਰਗਟਾਉਣ ਵਿਚ ਸ਼ਬਦਾਂ ਦੀ ਚੜ੍ਹਤਕਾਰੀ, ਭਾਵਾਂ ਦੀ ਸੂਖ਼ਮਤਾ ਜਾਂ ਗਹਿਰਾਈ ਕਿਸ ਹੱਦ ਤੱਕ ਹੈ। ਆਉ ਵੇਖੀਏ ਇਕ ਹੋਰ ਵੰਨਗੀ :

ਜੱਟ-ਜੱਫਾ ਸਾਨੂੰ, ਕੀ ਏ ਲੋੜ ਅਜਮਾਉਣ ਦੀ
ਓਦੋਂ ਨੀ ਦੀਦਾਰ ਹੋਣੀ, ਲੋੜ ਸ਼ਰਮਾਉਣ ਦੀ
ਕੂੰਗੂ ਵਾਂਗੂੰ ਤੂੰ ਵੀ ਜਦੋਂ, ਨਿੱਖਰੀ ਖੜੋਤੀ ਹੋਈ
ਅੱਖਾਂ ਵਿਚ ਸ਼ਰਮ ਸੰਭਾਲੀ, ਨੀ ਅੰਗ-ਸੰਗ...

ਉਪਰੋਕਤ ਕਵੀਆਂ ਨੇ ਔਰਤ ਦੇ ਜਿਸਮਾਨੀ ਵਰਨਣ ਤੋਂ ਬਗ਼ੈਰ ਮਰਦ-ਔਰਤ ਦੇ ਗਹਿਰੇ ਮੋਹ, ਬਿਰਹਾ ਦਾ ਦਰਦ, ਵਿਛੋੜੇ ਦੀ ਪੀੜ, ਪ੍ਰੇਮ-ਮਿਲਣ ਦੀਆਂ ਬੀਤੀਆਂ ਯਾਦਾਂ ਆਦਿ ਦੀ ਪੇਸ਼ਕਾਰੀ ਕੀਤੀ ਹੈ। ਜਿਵੇਂ ਪੂਰਨ ਸਿੰਘ ਦੀ ਕਵਿਤਾ "ਮੁੜ ਆ ਪਿਆਰੇ"[24] ਵਿਚ ਪਿਆਰੇ ਦੇ ਵਿਛੋੜੇ ਵਾਲੇ ਭਾਵਾਂ ਰਾਹੀਂ ਪੁਰਾਣੇ ਪ੍ਰੀਤ-ਅਨੁਭਵ ਦੀ ਯਾਦ ਨੂੰ ਤਾਜ਼ਾ ਕੀਤਾ ਹੈ। ਦੀਦਾਰ ਸੰਧੂ ਦੇ ਗੀਤਾਂ ਵਿਚ ਅਜਿਹੇ ਭਾਵ ਪ੍ਰਗਾੜ੍ਹ ਰੂਪ ਵਿਚ ਪ੍ਰਗਟ ਹੋਏ ਹਨ। ਵਿਛੋੜੇ ਵਿਚ ਪ੍ਰੇਮੀ-ਪ੍ਰੇਮਿਕਾ ਦਾ ਕੀ ਹਾਲ ਹੋਵੇਗਾ ? ਆਉ ਵੇਖੀਏ :

ਪ੍ਰੇਮਿਕਾ : *ਹੁਣ ਸਾਨੂੰ ਅੱਗੇ ਵਾਂਗੂੰ, ਸੌਣ ਦੇ ਛਰਾਟੇ, ਮਨ ਭਾਉਣਗੇ ਨਹੀਂ*
ਹੁਣ ਤੇਰੀ ਹਿੱਕ ਵਿਚ ਅੱਗੇ ਜਿੰਨੇ ਗੀਤ, ਰੌਲਾ ਪਾਉਣਗੇ ਨਹੀਂ...

ਭੂਤ ਲਈ ਵੈਰਾਗ ਤੇ ਭਵਿੱਖ ਦਾ ਸੰਭਾਵੀ ਦਰਦ ਪੇਸ਼ ਕਰਦਾ ਇਹ ਗੀਤ ਰੁਮਾਂਟਿਕਤਾ ਦੇ ਸਿਧਾਂਤ 'ਤੇ ਖਰਾ ਉਤਰਦਾ ਹੈ। ਪੁਰਾਣੀ ਸਾਂਝ ਦਾ ਜ਼ਿਕਰ ਕਰਦਾ ਇਕ ਹੋਰ ਗੀਤ ਵੇਖੋ :

ਮਰਦ : *ਨੀਂ ਚੱਲ ਉਸ ਥਾਂ, ਬਹਿ ਦੋ ਗੱਲਾਂ ਕਰੀਏ*
ਜਿਸ ਥਾਂ ਬਹਿ ਕੇ ਅਸੀਂ ਬਿਤਾਈਆਂ,
ਜੰਨਤ ਵਰਗੀਆਂ ਘੜੀਆਂ, ਸੌਣ ਦੀਆਂ ਝੜੀਆਂ...

ਹੋਰ ਵੇਖੋ :

ਔਰਤ : *ਰੱਬ ਬਖ਼ਸ਼ੇ ਨਾ ਬਖ਼ਸ਼ੇ ਪਰ ਤੂੰ, ਬਖ਼ਸ਼ ਲਈਂ ਦਿਲਦਾਰਾ*
ਜਿਉਂਦੇ-ਜੀਅ ਨਹੀਂ ਭੁੱਲਣ ਵਾਲਾ, ਤੇਰਾ ਤਖ਼ਤ-ਹਜ਼ਾਰਾ

ਮਰਦ : *ਦਿਲ ਵਿਚ ਨਕਸ਼ੇ ਪਏ ਉਲੀਕੇ, ਜਿਸ ਥਾਂ ਬੈਠ ਦੀਦਾਰ ਨੇ ਤੇਰੀਆਂ*
ਲੱਖ-ਲੱਖ ਮਿੰਨਤਾਂ ਕਰੀਆਂ, ਤੂੰ ਕੀਤੀਆਂ ਅੜੀਆਂ...

ਭੂਤ ਲਈ ਵੈਰਾਗ ਤੇ ਤੜਪ ਪੂਰਨ ਸਿੰਘ ਦੀ ਕਵਿਤਾ ਵਿਚ ਵੀ ਵੇਖੋ :

ਜਿਵੇਂ ਮੁੜ ਪ੍ਰਭਾਤ ਕਦੀ ਨਾ ਆਸੀ ਹੁਣ
ਬੱਸ ਰਾਤ ਉਪਰੀ ਨਾਵਾਕਫ਼ ਦਾ ਹਨੇਰਾ...

ਬੀਤੇ ਪਲਾਂ ਲਈ ਤਰਸੇਵਾਂ ਤੇ ਉਦਰੇਵਾਂ ਭੋਗਦਾ ਨਿਰਾਸ਼ ਹੋਇਆ, ਦੀਦਾਰ ਸੰਧੂ ਦੇ ਦੁਗਾਣੇ ਵਿਚਲਾ ਪ੍ਰੇਮੀ-ਪਾਤਰ ਜ਼ਿਹਨੀ ਕਸਕ ਦੀ ਹੂਕ (ਰਿਦਮ ਵਿਚ) ਇਉਂ ਅਲਾਪਦਾ ਹੈ :

ਪ੍ਰੇਮੀ/ਆਸ਼ਕ : *ਜ਼ਿੰਦਗੀ ਦੀ ਰੁੱਤ ਤਬਦੀਲ ਹੋਣ ਲੱਗੀ, ਵਿਚਕਾਰ ਆਣ ਕੇ*
ਉੱਡਦੇ ਪੰਖੇਰੂ ਵਾਂਗ ਹੱਥ ਧੋਈ ਬੈਠੇ ਆਂ, ਬਹਾਰ ਮਾਣ ਕੇ
ਪੱਤਝੱੜ ਪਿੱਛੋਂ ਦੱਸ ਕਿੱਥੋਂ ਹੁੰਦੀ ਛਾਂ, ਕਦੋਂ ਹੁੰਦੇ ਸੋਨ-ਸਵੇਰੇ
ਦੱਸ ਟੋਆ ਪੱਟ ਨੀਂ ਮੈਂਠ ਦੱਬਾਂ ਕਿਹੜੇ ਥਾਂ ?
ਦਿੱਤੇ ਹੋਏ ਦਿਲਾਸੇ ਤੇਰੇ...

ਰਾਂਝੇ, ਹੀਰਾਂ ਦੇ ਮੁਹੱਬਤ ਪਰੇ ਪ੍ਰਸੰਗ ਵਿਚੋਂ ਦ੍ਰਿਸ਼ਟਾਂਤ ਰਾਹੀਂ ਪਿਆਰ ਭਾਵਾਂ ਦੀ ਵਿਲੱਖਣ ਪੇਸ਼ਕਾਰੀ ਰੁੱਤਾਂ ਦੇ ਪ੍ਰਤੀਕ ਦੁਆਰਾ ਕੀਤੇ ਚਿਤਰਣ ਦੇ ਦਰਸ਼ਨ ਕਾਬਿਲੇ-ਗੌਰ ਹਨ :

ਮੈਂ ਰੁੱਤਾਂ ਵਾਂਗੂੰ ਬਦਲ ਗਈ, ਮੈਂ ਮਾਲਕ ਕਿਸੇ ਖ਼ਜ਼ਾਨੇ ਦੀ
ਮੈਂ ਮੰਗਾਂ ਖੈਰ ਮੁਹੱਬਤ ਦੀ, ਮੈਨੂੰ ਪੈਗੀ ਲੋੜ ਯਾਰਾਨੇ ਦੀ
ਸਭ ਰਾਂਝੇ ਤੇ ਸਭ ਹੀਰਾਂ ਦੀ, ਜਾਏ ਬਣਤਰ ਬਦਲ ਸਰੀਰਾਂ ਦੀ...

'ਪੱਛਮੀ ਰੁਮਾਂਸਵਾਦ ਦੀ ਭਾਰਤੀ ਰੁਮਾਂਸਵਾਦ ਨਾਲੋਂ ਵੱਖਰਤਾ ਹੋਣੀ ਸੁਭਾਵਿਕ

ਹੈ ਕਿਉਂਕਿ ਹਰ ਮਨੁੱਖ ਆਪਣੀ ਬੋਲ-ਚਾਲ ਵਿਚ ਹਰ ਰੋਜ਼ ਅਖਾਣ, ਮੁਹਾਵਰੇ, ਲੋਕੋਕਤੀਆਂ ਦਾ ਖੁੱਲ੍ਹਾ ਪ੍ਰਯੋਗ ਪ੍ਰਾਕ੍ਰਿਤਕ ਵਰਤਾਰਿਆਂ ਵਿਚੋਂ ਲੈ ਕੇ ਕਰਦਾ ਹੈ। ਭਾਰਤ ਦੇ ਖਿੱਤੇ ਪੰਜਾਬ ਦੇ ਵਾਤਾਵਰਣ (ਪ੍ਰਾਕ੍ਰਿਤੀ) ਵਿਚ ਪੱਛਮ ਨਾਲੋਂ ਵੱਖਰੇ ਵਰਤਾਰੇ ਅਤੇ ਵੱਖਰੀਆਂ ਰੁੱਤਾਂ ਹਨ। ਸੌਣ ਮਹੀਨੇ ਮੋਰਾਂ ਦਾ ਪੈਲਾਂ ਪਾਉਣਾ, ਤਿੱਤਰਾਂ ਦਾ ਪੁਰਾਰਨਾ, ਤਾਰਿਆਂ ਦਾ ਟਿਮਟਿਮਾਉਣਾ, ਕੋਇਲਾਂ ਦਾ ਗਾਉਣਾ ਵੀ ਸੁੰਦਰ ਅਤੇ ਸੰਗੀਤਕ ਮਾਹੌਲ ਪੈਦਾ ਕਰਦਾ ਹੈ ; ਯੂਰਪੀਨ ਮੁਲਕਾਂ ਵਾਲਿਆਂ ਨੂੰ ਇਨ੍ਹਾਂ ਸਿੰਬਲਾਂ ਦੀ ਸਮਝ ਨਹੀਂ ਆਵੇਗੀ ਕਿਉਂਕਿ ਉਥੇ ਨਾ ਕੋਇਲਾਂ ਹਨ, ਨਾ ਚੰਦ ਤਾਰੇ ਦਿਸਦੇ ਹਨ, ਨਾ ਬਾਰਿਸ਼, ਨਾ ਮੋਰਾਂ ਦੀ ਰੁਣ-ਝੁਣ ਹੈ, ਇਸੇ ਲਈ ਲਿਖਤਾਂ ਭਿੰਨ ਹਨ।'

ਦੀਦਾਰ ਸੰਧੂ ਨੇ ਆਪਣੇ ਨਿੱਜੀ ਅਨੁਭਵ ਵਿਚੋਂ ਪੰਜਾਬ ਦੀ ਪ੍ਰਾਕ੍ਰਿਤਕ ਤਸਵੀਰ ਅਲੰਕਾਰਾਂ ਅਤੇ ਪ੍ਰਤੀਕਾਂ/ਬਿੰਬਾਂ ਦਾ ਸੁੰਦਰ ਸੁਮੇਲ ਕਰ ਕੇ ਹੁਸਨ ਤੇ ਕੁਦਰਤ ਦਾ ਚਿਉਂਦਾ-ਜਾਗਦਾ ਚਿੱਤਰ ਖਿੱਚ ਦਿੱਤਾ ਹੈ। ਸੁੰਦਰ ਦ੍ਰਿਸ਼ਾਂ ਨੂੰ ਵੇਖਣ ਨਾਲ ਪਿਆਰ ਜਾਗ ਪੈਂਦਾ ਹੈ। ਕੁਦਰਤ ਦੇ ਸੁੰਦਰ, ਵਿਸ਼ਾਲ ਤੇ ਗੰਭੀਰ ਦ੍ਰਿਸ਼ਾਂ ਨਾਲ ਸ਼ਾਂਤੀ ਮਿਲਦੀ ਹੈ। ਦੀਦਾਰ ਨੇ, ਪ੍ਰਾਕ੍ਰਿਤਕ ਬਿੰਬਾਵਲੀ ਰਾਹੀਂ, ਪੰਜਾਬ ਦੇ ਪਿੰਡਾਂ, ਗਿੱਧੇ ਵਿਚਲੀਆਂ ਜੋਬਨ-ਮੱਤੀਆਂ ਮੁਟਿਆਰਾਂ ਦੇ ਹੁਸਨ, ਮੋਰਾਂ ਦੀ ਮਸਤੀ, ਇਸ਼ਕ, ਹੁਸਨ ਅਤੇ ਕਿਸਮਤ ਦੇ ਸੌਦੇ ਦੀਆਂ ਤਸ਼ਬੀਹਾਂ ਰਾਹੀਂ ਸੌਣ ਮਹੀਨੇ ਦਾ ਦ੍ਰਿਸ਼ ਚਿਤਰਣ ਇਉਂ ਕੀਤਾ ਹੈ :

ਮਰਦ : ਜਿਥੇ ਪਿੜ ਬੱਝਦਾ ਗਿੱਧਿਆਂ ਦਾ, ਇਕ ਬੋਹਲ ਹੁਸਨ ਦਾ ਲੱਗ ਜਾਂਦਾ
ਹੁੰਦੇ ਨੇ ਸੌਦੇ ਕਿਸਮਤ ਦੇ, ਇਕ ਹੁਸਨ ਇਸ਼ਕ ਨੂੰ ਠੱਗ ਜਾਂਦਾ
ਮੋਰਾਂ ਨੂੰ ਮਸਤੀ ਚੜ੍ਹ ਜਾਂਦੀ, ਹੜ੍ਹ ਵਾਂਗ ਜਵਾਨੀ ਹੜ੍ਹ ਜਾਂਦੀ
ਇਕ ਹਾਣੀ ਕਹਿੰਦਾ ਹਾਨਣ ਨੂੰ...ਵੱਟੀਲੂੰ !...

"ਵਰਡਜ਼ਵਰਥ ਬਿਲਕੁਲ ਸਾਫ਼ ਲਫ਼ਜ਼ਾਂ ਵਿਚ ਆਖਦਾ ਹੈ ਕਿ ਸੋਗਮਈ ਗੀਤ ਲਿਖਣ ਵਾਲਾ ਕਵੀ ਉਦੋਂ ਤੱਕ ਪੂਰੇ ਤੌਰ 'ਤੇ ਸੰਵੇਦਨਸ਼ੀਲ ਸੋਗ-ਗੀਤ ਨਹੀਂ ਲਿਖ ਸਕਦਾ, ਜਦੋਂ ਤੱਕ ਉਹ ਆਪ ਸੋਗ ਵਿਚ ਡੁੱਬ ਕੇ ਬਿਹਬਲ ਨਾ ਹੋਇਆ ਹੋਵੇ।"[25] ਇਸ ਧਾਰਣਾ ਨੂੰ ਆਧਾਰ ਬਣਾ ਕੇ ਦੀਦਾਰ ਸੰਧੂ ਦੇ ਵਿਯੋਗ ਵਾਲੇ ਗੀਤਾਂ ਨੂੰ ਵਾਚੀਏ ਤਾਂ ਸਾਨੂੰ ਸਪੱਸ਼ਟ ਹੁੰਦਾ ਹੈ ਕਿ ਉਸ (ਦੀਦਾਰ) ਦੇ ਸੀਨੇ ਅੰਦਰ ਕਿਸੇ ਵਿਯੋਗ ਦੀ ਕਸਕ ਪਰਤੱਖ ਰੜਕ ਰਹੀ ਹੈ। ਭਾਵੇਂ ਕਿ ਉਸ ਨੇ ਨਿੱਜੀ ਜ਼ਿੰਦਗੀ ਵਿਚ ਅਜਿਹਾ ਕੋਈ ਪ੍ਰਗਟਾਵਾ ਨਹੀਂ ਕੀਤਾ। ਸ਼ਿਵ ਕੁਮਾਰ ਵਾਂਗ ਉਹ ਵੀ ਵਧੇਰੇ ਸ਼ਰਾਬ ਪੀਣ ਕਰ ਕੇ ਬੇ-ਵਕਤ ਹੀ ਮੌਤ ਦੀ ਭੇਟ ਚੜ੍ਹ ਗਿਆ। ਸ਼ਰਾਬ, ਠੇਕਾ, ਸੁਰਾਹੀ, ਪੈੱਗ ਆਦਿ ਬਿੰਬਾਵਲੀ ਵੀ ਉਸ ਦੀ ਗੀਤਕਾਰੀ ਦਾ ਇਕ ਅੰਗ ਹੀ ਬਣ ਗਈ। ਬਿਰਹਾ ਵਰਨਣ ਵਿਚ ਵੀ ਉਹ ਇਸ ਬਿੰਬਾਵਲੀ ਦਾ ਖ਼ੂਬਸੂਰਤ ਇਸਤੇਮਾਲ ਕਰਦਾ ਹੈ।

"ਪਿਆਰ ਉੱਤੇ ਹਰ ਵੇਲੇ ਵਿਛੋੜੇ ਦਾ ਪਰਛਾਵਾਂ ਜਿਹਾ ਰਹਿੰਦਾ ਹੈ, ਜਿਹੜਾ ਗੂੜ੍ਹੀਆਂ ਮਿਲਣੀਆਂ ਵਿਚੋਂ ਵੀ ਸਦਾ ਝਾਕਦਾ ਰਹਿੰਦਾ ਹੈ। ਪਿਆਰੇ ਦੇ ਤੁਰ ਜਾਣ

ਜਾਂ ਖੁੱਸ ਜਾਣ ਦਾ ਡਰ ਹਰ ਵੇਲੇ ਹੁੰਦਾ ਹੈ। ਅਨੇਕ ਗੀਤਾਂ ਵਿਚ ਵਿਛੋੜੇ ਦੀ ਜਾਂ ਮਾਹੀ ਦੇ ਅੱਖੋਂ ਉਹਲੇ ਹੋ ਜਾਣ ਦੀ ਮੱਠੀ ਜਿਹੀ ਹੂਕ ਹੈ।"[26] ਉਹੀ ਭਾਵ, ਉਹੀ ਹੂਕ, ਆਉ ਦੀਦਾਰ ਸੰਧੂ ਦੇ ਇਕ ਦੁਗਾਣੇ ਵਿਚ ਵੇਖੀਏ :

ਕੁੜੀ : *ਚੜ੍ਹਦੀ ਜਵਾਨੀ ਬੂਝਾ ਮਾਰ ਗਈ ਵੇ ਹਾਣੀਆਂ*
ਆਜਾ, ਏਹਦੀ ਲੈ ਲਾ ਖ਼ੁਸ਼ਬੋਅ,
ਫੇਰ ਕਹੂੰਗਾ, ਠੇਕਾ ਗਿਆ ਚੱਕਿਆ ਸ਼ਰਾਬ ਦਾ
ਜਦ ਮੈਂ ਕਿਸੇ ਦੀ ਗਈ ਹੋ...

ਮੁੰਡਾ : *ਮੇਲੇ ਪਿੱਛੋਂ ਜਿਵੇਂ, ਖ਼ਾਲੀ ਉਡਦੇ ਲਿਫ਼ਾਫ਼ੇ, ਹੁੰਦੇ*
ਪੈਰਾਂ ਥੱਲੇ ਆ ਕੇ ਲੀਲੋ-ਲੀਰ
ਜ਼ਿੰਦਗੀ ਦੀ ਜੂਹ 'ਚ ਜਦੋਂ ਵਾ ਵਰੋਲਾ ਆਇਆ
ਉਦੋਂ ਅੰਨ੍ਹੀ ਹੋਜੂ ਮੇਰੀ ਤਕਦੀਰ...

"ਕੁਦਰਤ ਦਾ ਪਿਆਰ ਭੌਤਿਕ ਹੁੰਦਾ ਹੋਇਆ ਵੀ ਸੂਖ਼ਮ ਅਨੁਭਵ ਹੁੰਦਾ ਹੈ ਕਿਉਂ ਜੋ ਇਹ ਇਕ-ਪੱਖੀ ਹੈ ਅਤੇ ਇਸ ਵਿਚ ਭਾਵਕ ਸਾਂਝ ਨਹੀਂ ਹੁੰਦੀ। ਕਵੀ ਨੂੰ ਬੱਦਲ ਹੰਝੂ ਕੇਦਰਾ ਨਜ਼ਰ ਆਉਂਦਾ ਹੈ...'

ਪ੍ਰਾਕ੍ਰਿਤੀ ਦੀ ਤੀਬਰ ਅਨੁਭੂਤੀ ਨਾਲ ਕਵੀ ਨੂੰ ਚੰਨ ਦੀ ਚਾਨਣੀ ਵਿਚ, ਪਹੁਫਟਾਲੇ ਵੇਲੇ, ਸੂਰਜ ਦੀ ਲਾਲੀ ਵਿਚ, ਮਸਤ ਚਾਲ ਅਠਖੇਲੀਆਂ ਕਰਦੀ ਹੋਈ ਨਦੀ ਵਿਚ, ਕਿਸੇ ਰਹੱਸਮਈ ਸ਼ਖ਼ਸੀਅਤ ਦੀ ਹੋਂਦ ਮਹਿਸੂਸ ਹੁੰਦੀ ਹੈ। ਕਾਵਿ-ਰਚਨਾ ਵਿਚ ਪ੍ਰਾਕ੍ਰਿਤੀ ਦੀ ਨੇੜਤਾ ਅਤੇ ਉਸ ਦੇ ਸੌਂਦਰਯ ਭਰੇ ਮਾਹੌਲ ਦੀ ਅਹਿਮੀਅਤ ਤੋਂ ਵਰਡਜ਼ਵਰਥ ਚੰਗੀ ਤਰ੍ਹਾਂ ਜਾਣੂ ਸੀ, ਉਸ ਦੀ ਰਾਇ ਸੀ ਕਿ ਪ੍ਰਾਕ੍ਰਿਤੀ ਦਾ ਰਮਣੀਕ ਵਾਤਾਵਰਣ ਕਵੀ ਦੀਆਂ ਭਾਵਨਾਵਾਂ ਵਿਚ ਡੂੰਘਾਈ ਲਿਆਉਣ, ਉਸ ਦੀਆਂ ਵ੍ਰਿਤੀਆਂ ਵਿਚ ਤੀਬਰਤਾ ਲਿਆਉਣ ਅਤੇ ਉਸ ਦੇ ਮਨ ਨੂੰ ਮਸਤ ਕਰਨ ਵਿਚ ਸਹਾਇਕ ਹੁੰਦਾ ਹੈ।"[27]

ਪੱਛਮੀ ਰੁਮਾਂਸਵਾਦ ਨੇ ਦ੍ਰਿਸ਼ ਚਿਤਰਣ 'ਤੇ ਵਧੇਰੇ ਜ਼ੋਰ ਦਿੱਤਾ, ਇਸ ਲਈ ਉਨ੍ਹਾਂ ਕਵੀਆਂ ਨੂੰ ਕੁਦਰਤ ਦੇ ਕਵੀ ਕਿਹਾ ਗਿਆ ਹੈ। "ਪੂਰਨ ਸਿੰਘ ਨੇ ਕਿਹਾ ਕਵੀ-ਚਿੱਤ ਇਕ ਚਿੱਤਰ ਖਿੱਚਣ ਵਾਲੀ ਬੁੱਤਸ਼ਾਲਾ ਹੈ। ਉਸ ਅਨੁਸਾਰ ਜੋ ਅਕਸ ਕਵੀ-ਚਿੱਤ 'ਤੇ ਪੈਂਦੇ ਹਨ, ਉਹ ਜੀਂਦੇ ਚਿੱਤਰ ਹੋ ਨਿਬੜਦੇ ਹਨ।"[28]

ਦੀਦਾਰ ਸੰਧੂ ਨੇ ਭਾਵੇਂ ਨਿੱਜੀ ਪਿਆਰ ਦਾ ਕੋਈ ਇਜ਼ਹਾਰ ਨਹੀਂ ਕੀਤਾ ਪਰ ਉਸ ਦੇ ਕੁਝ ਗੀਤਾਂ ਵਿਚੋਂ ਵਿਛੜਨ ਵਾਲੇ ਪਰਮ-ਪਿਆਰੇ ਦੀ ਮਹਿਕ ਆਉਂਦੀ ਹੈ। ਕਿਸੇ ਵਿਯੋਗੀ ਮਨ ਦੀ ਤੜਪ, ਬਿਰਹਾ, ਕਸਕ ਅਤੇ ਮਿਲਣ-ਤਾਂਘ ਦਾ ਸਿਖ਼ਰ ਅਨੁਭਵ ਸਪੱਸ਼ਟ ਰੂਪਮਾਨ ਹੁੰਦਾ ਹੈ। ਪ੍ਰਾਕ੍ਰਿਤਕ ਬਿੰਬਾਂ ਰਾਹੀਂ ਉਹ ਬਿਰਹਾ ਦਾ ਵਰਨਣ ਸਿਖ਼ਰ ਦੇ ਦ੍ਰਿਸ਼-ਚਿੱਤਰਾਂ ਰਾਹੀਂ ਕਰਦਾ ਹੈ। ਵੰਨਗੀ ਪੇਸ਼ ਹੈ :

ਮੁੰਡਾ : *ਉਹ ਲਹਿੰਦੇ ਬੰਨੇ ਬੱਦਲ, ਸਣ-ਪਾਣੀ ਮੱਚੀ ਜਾਵਣ*
ਉਨ੍ਹਾਂ ਦਾ ਸੂਰਜ ਡੁੱਬਾ, ਮੇਰੇ ਹਾਣੀ ਮੱਚੀ ਜਾਵਣ
ਦੋਨਾਂ ਨੂੰ ਕੱਠੇ ਬਹਿ ਕੇ, ਧੀਰਜ ਬੰਨ੍ਹਣਾ ਪੈਣਾ ਇਆਂ
ਤੇਰਾ ਭਾਣਾ ਮਿੱਠਾ ਕਰ ਕੇ ਮੰਨਣਾ ਪੈਣਾ ਇਆਂ...

ਇਸ਼ਕ ਦੇ ਰਿਸ਼ਤੇ ਨੂੰ ਉਹ ਚਾਨਣ ਵਰਗਾ ਸਮਝਦਾ ਹੈ ਜੋ ਕਿਵੇਂ ਵੀ ਛੁਪਾਇਆ ਨਹੀਂ ਜਾ ਸਕਦਾ। ਪ੍ਰਾਕ੍ਰਿਤਕ ਚਿਤਰਣ ਰਾਹੀਂ ਇਸ਼ਕ ਦੇ ਰਿਸ਼ਤੇ ਨੂੰ ਦੀਦਾਰ ਨੇ ਇਉਂ ਪੇਸ਼ ਕੀਤਾ ਹੈ :

ਕੁੜੀ : *ਚੰਦ ਹੋ ਬਦਲੀ ਦੇ ਉਹਲੇ, ਕੰਨੀਆਂ ਨੂੰ ਇੰਜ ਰੁਸ਼ਨਾਵੇ*
ਕੋਈ ਗੋਟੇ ਵਾਲੀ ਚੁੰਨੀ, ਅੰਬਰ 'ਤੇ ਸੁੱਟ ਸੁਕਾਵੇ
ਇਹ ਚਾਨਣ ਵਰਗਾ ਰਿਸ਼ਤਾ, ਜੱਗ ਤੋਂ ਕਿਵੇਂ ਲੁਕੋਵੇਂਗਾ
ਜਦ ਮੈਂ ਡੋਲੀ ਚੜ੍ਹਗੀ, ਵੇ ਕੀਹਦੇ ਗਲ ਲਗ ਰੋਵੇਂਗਾ ?...

ਅਜਿਹੇ ਗੀਤ ਦਸਦੇ ਹਨ ਕਿ ਉਸ ਦੇ ਅੰਦਰ ਗਹਿਰਾ ਦਰਦ ਛੁਪਿਆ ਹੈ ਅਤੇ ਇਸ਼ਕ ਨੂੰ ਉਹ ਹੱਦ-ਦਰਜੇ ਤੱਕ ਅਨੁਭਵ ਕਰਦਾ ਹੈ। ਗੀਤ ਦੇ ਆਖ਼ਰੀ ਪਹਿਰੇ ਵਿਚ ਇਸ ਗੱਲ ਦਾ ਖੁਲਾਸਾ ਹੁੰਦਾ ਵੇਖੋ :

ਮੁੰਡਾ : *ਕਰ ਇਸ਼ਕ ਤੇਰੇ ਦੀ ਪੂਜਾ, ਅਸੀਂ ਤਾਂ ਆਸ਼ਕ ਅਖਵਾਏ*
ਆਸ਼ਕ ਵੀ ਪੂਜੇ ਜਾਂਦੇ, ਜੋ ਸੱਚ ਕਮਾਵਣ ਆਏ
ਤੇਰੀ ਰਹਿਮ-ਦਿਲੀ 'ਤੇ ਜੀਣਾ, ਨਹੀਂ ਤਾਂ ਚੱਲਣਾ ਪੈਣਾਇਆਂ
ਤੇਰਾ ਭਾਣਾ...

ਰੁਮਾਂਟਿਕ ਪ੍ਰਵਿਰਤੀ ਦੇ ਧਾਰਣੀ ਕਵੀ ਭੂਤ ਜਾਂ ਭਵਿੱਖ ਵੱਲ ਵਧੇਰੇ ਦਿਲਚਸਪੀ ਰੱਖਦੇ ਹਨ। ਉਹ ਭੂਤ ਲਈ ਵੈਰਾਗ ਅਤੇ ਭਵਿੱਖ ਲਈ ਤਾਂਘ ਦੇ ਵਧੇਰੇ ਅਭਿਲਾਸ਼ੀ ਸਨ।"[29] ਪ੍ਰੇਮੀ-ਜੋੜੇ ਵੀ ਇਸੇ ਤਰ੍ਹਾਂ ਕਲਪਨਾ ਸੰਸਾਰ ਵਿਚ ਜਿਉਂਦੇ ਹਨ। ਬੀਤੇ ਦੀਆਂ ਯਾਦਾਂ ਤੇ ਭਵਿੱਖ ਦੀਆਂ ਤਾਂਘਾਂ ਉਨ੍ਹਾਂ ਦੇ ਇਸ ਸੰਸਾਰ ਦਾ ਵਿਸ਼ੈ ਬਣਦੀਆਂ ਹਨ। "ਪਿਆਰ ਵਿਚ ਆਸ ਦਾ ਨਿਰੰਤਰ ਪ੍ਰਕਾਸ਼ ਰਹਿੰਦਾ ਹੈ। ਪ੍ਰੇਮੀ ਦਾ ਪ੍ਰੇਮ-ਪਾਤਰ ਵਿਚ ਅਖੰਡ ਵਿਸ਼ਵਾਸ ਹੁੰਦਾ ਹੈ ਭਾਵੇਂ ਕਿ ਬਿਰਹਾ ਦੀ ਤੀਬਰ ਵੇਦਨਾ ਅੰਧਕਾਰ ਦੇ ਰੂਪ ਵਿਚ ਇਸ ਆਸ਼ਾਮਈ ਪ੍ਰਕਾਸ਼ ਨੂੰ ਧੂਮਿਲ ਕਰਦੀ ਰਹਿੰਦੀ ਹੈ।"[30]

ਆਉ ਆਪਾਂ ਦੀਦਾਰ ਸੰਧੂ ਦੀ ਰਚਨਾ ਵਿਚ ਆਸ਼ਕਾਂ ਦੀ ਭਵਿੱਖ ਵਿਚਲੀ ਤਾਂਘ ਅਤੇ ਨਿਰੰਤਰ ਆਸ ਦੇ ਦਰਸ਼ਨ ਕਰੀਏ :

ਕੁੜੀ : *ਭੀੜ ਪਈ ਤੋਂ ਮਰਦ ਸਿਆਣੇ, ਸਿਰ 'ਤੇ ਲੈਂਦੇ ਜ਼ਰ ਵੇ*
ਮੇਰਾ ਉਡੇ ਡੋਰੀਆ, ਮਹਿਲਾਂ ਵਾਲੇ ਘਰ ਵੇ...

ਕੁੜੀ ਜਦੋਂ ਲੋਕ-ਸਚਾਈ ਪੇਸ਼ ਕਰਦੀ ਹੋਈ ਅਮੀਰ ਘਰ ਵਿਚ ਹੋਈ ਆਪਣੀ

ਸ਼ਾਦੀ ਦੀ ਗੱਲ ਕਰਦੀ ਹੈ ਤਾਂ ਮੁੰਡਾ ਵੀ ਲੋਕ-ਸਚਾਈ ਪੇਸ਼ ਕਰ ਕੇ ਭਵਿੱਖ ਵਿਚ ਮਿਲਣ-ਤਾਂਘ ਨੂੰ ਇਉਂ ਪ੍ਰਗਟ ਕਰਦਾ ਹੈ :

ਮੁੰਡਾ : ਪੀੜ ਪਰਾਹੁਣਾ ਰਹਿਣ ਸਤਾਉਂਦੇ, ਪਰ ਜੇ ਜਾਈਏ ਡਰ ਨੀ
ਕਿਤੇ ਮੇਲ ਹੋਣਗੇ, ਜੇ ਨਾ ਜਾਈਏ ਮਰ ਨੀ...

ਦੀਦਾਰ ਸੰਧੂ ਜਿਥੇ ਮਰਦ ਔਰਤ ਦੇ ਰੁਮਾਂਸ ਨੂੰ ਚਿਤਰਦਾ ਸਿਖ਼ਰ ਛੂਹ ਜਾਂਦਾ ਹੈ ਉਥੇ ਉਹ ਬਿਰਹਾ ਵਰਨਣ ਸਮੇਂ, ਵਿਛੋੜੇ ਦੀ ਤੜਪ ਪੇਸ਼ ਕਰਨ ਲੱਗਿਆਂ ਵੀ ਦਰਦ ਦੀ ਇੰਤਹਾ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਉਸ ਦੇ ਸੋਗਮਈ ਗੀਤਾਂ ਵਿਚੋਂ ਉਸ ਦੀ ਨਿੱਜੀ ਵੇਦਨਾ ਝਲਕਦੀ ਪ੍ਰਤੀਤ ਹੁੰਦੀ ਹੈ। ਆਉ ਇਕ ਹੋਰ ਵੰਨਗੀ ਵੇਖੀਏ :

ਮੁੰਡਾ : ਨੀ ਤੂੰ ਨਦੀ, ਮੈਂ ਕਿਨਾਰੇ ਤੇਰੇ, ਰੁੱਖ ਨੀ
ਮੈਨੂੰ ਤੇਰੀ ਹੀ ਪਿਆਸ, ਤੇਰੀ ਭੁੱਖ ਨੀ
ਤੇਰੀ ਜੋ ਲਪੇਟੇ ਵਿਚ, ਆ ਗਿਆ ਦੀਦਾਰ
ਹੋਜੂ ਸ਼ਾਹੂਕਾਰਾਂ ਵਰਗਾ ਫਕੀਰ...

ਇਕ ਝਲਕ ਹੋਰ ਵੇਖੋ :

ਕੁੜੀ : ਸੱਚੀਂ ਵੇ ਦੀਦਾਰ ਮੈਂ ਮਰੂੰਗੀ ਤੇਰੇ ਨਾਲ
ਵੇਖੀਂ ਤੋੜੀਂ ਨਾ ਮੁਲਾਹਜੇਦਾਰੀ
ਵੱਸਦਾ ਜਹਾਨ, ਮੈਨੂੰ ਤੇਰੇ ਉੱਤੇ ਮਾਣ
ਜਿਉਂਦੇ ਰਹੇ ਤਾਂ ਮਿਲਾਂਗੇ ਲੱਖ ਵਾਰੀ
ਹੰਝੂਆਂ ਦੇ ਹੜ੍ਹ ਤੇਰੇ, ਜਾਣ ਨਾ ਸਹਾਰੇ
ਆਜਾ ਗਲ ਲਗ ਤੈਨੂੰ ਮੈਂ ਵਰਾਵਾਂ ਮਿੱਤਰਾ
ਕਿਹੜੇ ਰਾਹ ਮੁਕਲਾਵੇ ਜਾਵਾਂ ਮਿੱਤਰਾ...

ਮੁਹੱਬਤ ਦੀ ਖਵਾਹਿਸ਼ ਅਤੇ ਵਿਛੋੜੇ ਦਾ ਦਰਦ ਦੀਦਾਰ ਸੰਧੂ ਦੇ ਗੀਤਾਂ ਵਿਚ ਮੂੰਹ-ਜ਼ੋਰ ਹੋ ਜਾਂਦੇ ਹਨ ਤੇ ਸਿਰ ਚੜ੍ਹ ਕੇ ਬੋਲਦੇ ਹਨ। ਜੇਕਰ ਉਸ ਦੀ ਔਰਤ ਪਾਤਰ ਮੋਹ ਦਾ ਪ੍ਰਗਟਾਵਾ ਤੇ ਬਿਰਹਾ ਦੀ ਪੀੜ ਪੇਸ਼ ਕਰਦੀ ਹੈ ਤਾਂ ਮਰਦ ਪਾਤਰ ਉਸ ਨੂੰ ਕੋਈ ਉਲਾਂਭਾ ਜਾਂ ਦੋਸ਼ ਨਹੀਂ ਦਿੰਦਾ, ਨਾ ਹੀ ਉਹ ਪ੍ਰੇਮਿਕਾ ਨੂੰ ਬੇਵਫ਼ਾ ਸਮਝਦਾ ਹੈ। ਸਮਾਜ ਦੀ ਪੂੰਜੀਵਾਦੀ ਵਿਵਸਥਾ ਤੋਂ ਜਾਣੂ ਉਹ, ਦੋਹਾਂ ਪ੍ਰੇਮੀਆਂ ਨਾਲ ਹੋਈ ਵਧੀਕੀ ਨੂੰ ਚਿਤਰਦਾ ਹੋਇਆ ਸਮਾਜਿਕ ਅਨਿਆਂ ਦੀ ਗੱਲ ਕਰਦਾ ਹੈ। ਅਮੀਰ/ਪੂੰਜੀਪਤੀ ਗੋਰੇ ਰੰਗ ਨੂੰ ਧਾੜਵੀ ਬਣ ਕੇ ਪੈ ਗਏ ਤਾਂ ਆਸ਼ਕ-ਮਾਸੂਕ ਦੋਨੋਂ ਹੀ ਇਸ ਸਮਾਜਿਕ ਬੇਇਨਸਾਫ਼ੀ ਦਾ ਸ਼ਿਕਾਰ ਹੁੰਦੇ ਹਨ। ਕਵੀ/ਗੀਤਕਾਰ ਨੇ ਦੋਹਾਂ ਦੇ ਭਾਵ ਇਉਂ ਚਿਤਰੇ ਹਨ :

ਆਸ਼ਕ : ਖੱਟੀ ਖੱਟ ਗਏ ਮੁਰੱਬਿਆਂ ਵਾਲੇ, ਅਸੀਂ ਰਹਿਗੇ ਭਾਅ ਪੁਛਦੇ
ਗੋਰੀਏ ! ਘਰ-ਬਾਰ ਲੈਗੇ ਲੁੱਟ ਕੇ ਸੁੱਚੇ-ਡੋਰੀਏ...

ਮਾਸੂਕ : ਗੋਰੇ ਰੰਗ ਨੂੰ ਧਾੜਵੀ ਪੈਗੇ, ਮੈਂ ਪਾਸੇ ਹੋ ਕੇ ਬਹਿ ਗਈ ਮਿੱਤਰਾ
ਡਰਦੀ ! ਕਿਸੇ ਨੇ ਮੇਰੀ ਇਕ ਨਾ ਸੁਣੀ, ਵੇ ਕੀ ਕਰਦੀ !...

ਹੀਰ-ਰਾਂਝਾ, ਸੱਸੀ-ਪੰਨੂੰ, ਸੋਹਣੀ-ਮਹੀਂਵਾਲ ਆਦਿ ਆਸ਼ਕਾਂ ਦੀ ਪ੍ਰੀਤ-ਗਾਥਾ ਨੂੰ ਸਾਡੇ ਲੇਖਕ/ਕਵੀ ਪ੍ਰਤੀਕ, ਦ੍ਰਿਸ਼ਟਾਂਤ ਜਾਂ ਕਿਸੇ ਹੋਰ ਰੂਪ ਵਿਚ ਜੋੜ ਕੇ ਆਪਣੇ ਪ੍ਰੇਮ-ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਇਸ ਤਰ੍ਹਾਂ ਇਸ਼ਕ ਦਾ ਰੰਗ ਵੀ ਗਾੜ੍ਹਾ ਹੋ ਜਾਂਦਾ ਹੈ। ਦੀਦਾਰ ਸੰਧੂ ਅਕਸਰ ਇਨ੍ਹਾਂ ਪ੍ਰੀਤ-ਗਾਥਾਵਾਂ ਵਿਚੋਂ ਹਵਾਲੇ, ਦ੍ਰਿਸ਼ਟਾਂਤ ਜਾਂ ਪ੍ਰਤੀਕਾਂ ਦੁਆਰਾ, ਵਿਛੋੜੇ ਅਤੇ ਮੁਹੱਬਤ ਦੇ ਅਹਿਸਾਸਾਂ ਵਾਲੇ ਗੀਤਾਂ ਨੂੰ ਜੋੜ ਕੇ ਆਪਣੀ ਸਾਹਿਤਕ-ਸੂਝ ਦਾ ਪ੍ਰਗਟਾਵਾ ਕਰਦਾ ਹੈ। ਵੰਨਗੀ ਦੇ ਤੌਰ 'ਤੇ ਗੀਤ ਪੇਸ਼ ਹੈ :

ਰਾਂਝੇ ਹੀਰ ਦੇ ਤਬੇਲੀਂ ਗੋਹਾ ਮਿੱਧਿਆ ਬਥੇਰਾ
ਤੇਰੇ ਪਿੱਛੇ ਲੱਗ, ਉਹਤੋਂ ਹਾਲ ਘੱਟ ਨਾ ਕੋਈ ਮੇਰਾ
ਮੰਗਾਂ ਰੱਬ ਕੋਲੋਂ ਸੁੱਖ, ਏਹਤੋਂ ਵੱਡਾ ਕਿਹੜਾ ਦੁੱਖ
ਫੋੜਾ ਹੱਥ ਦੀ ਹਥੇਲੀ ਉੱਤੇ ਪੱਕਿਆ ਫਿਰੇ...

ਗੀਤ ਦਾ ਨਾਇਕ ਆਪਣੇ ਆਪ ਨੂੰ ਰਾਂਝਾ ਅਤੇ ਮਾਸੂਕ ਨੂੰ ਹੀਰ ਦੇ ਰੂਪ ਵਿਚ ਦ੍ਰਿਸ਼ਟਾਂਤ ਦੀ ਜੁਗਤ ਰਾਹੀਂ ਪੇਸ਼ ਕਰਦਾ ਹੈ ਤਾਂ ਦੀਦਾਰ ਸੰਧੂ ਦੇ ਗੀਤਾਂ ਦੀ ਨਾਇਕਾ ਵੀ ਕਿਸੇ ਹੀਰ, ਸੱਸੀ ਜਾਂ ਸੋਹਣੀ ਤੋਂ ਘੱਟ ਨਹੀਂ, ਉਹ ਆਖਦੀ ਹੈ :

ਮੈਂ ਰਾਂਝੇ ਦੀ ਹੀਰ ਸਲੇਟੀ ਜਾਂ ਪੁੰਨੂੰ ਦੀ ਸੱਸੀ
ਮੌਤ ਮੇਰੀ ਦਾ ਇਸ਼ਕ ਬਹਾਨਾ, ਪੰਡਤ ਰੇਖਾ ਦੱਸੀ
ਜਾਂ ਜਲ ਵਿਚ ਵੇ, ਜਾਂ ਥਲ ਵਿਚ ਵੇ, ਮਰਾਂ
ਪਾ ਜੱਫੀਆਂ ਤੱਤੀਆਂ ਰੇਤਾਂ ਨੂੰ, ਕੋਈ ਨਾ ਜਾਣੇ
ਅਣਜਾਣ, ਦਿਲਾਂ ਦੇ ਭੇਤਾਂ ਨੂੰ...

ਪ੍ਰਾਕ੍ਰਿਤੀ ਚਿਤਰਣ ਸਾਰੇ ਸੰਸਾਰ-ਸਾਹਿਤ ਦਾ ਇਕ ਉੱਘਾ ਅੰਗ ਹੈ। ਅੰਗਰੇਜ਼ੀ ਦੇ ਰੁਮਾਂਟਿਕ ਕਵੀ ਵੀ ਕੁਦਰਤ ਨੂੰ ਪਿਆਰਦੇ ਤੇ ਚਿਤਾਰਦੇ ਹਨ। ਬਾਇਰਨ ਨੇ ਪ੍ਰਾਕ੍ਰਿਤੀ ਦੇ ਪ੍ਰਚੰਡ ਪੱਖਾਂ, ਤੂਫ਼ਾਨ, ਝੱਖੜ, ਅਣਗਰਜ ਬਿਜਲੀਆਂ ਤੇ ਤੂਫ਼ਾਨੀ ਲਹਿਰਾਂ ਆਦਿ ਦਾ ਚਿਤਰਣ ਖ਼ੂਬਸੂਰਤੀ ਨਾਲ ਕੀਤਾ। ਸ਼ੈਲੀ ਤੇ ਵਰਡਜ਼ਵਰਥ ਦਾ ਨਾਂ ਵੀ ਵਰਨਣ ਯੋਗ ਹੈ। ਪੰਜਾਬੀ ਦੇ ਆਧੁਨਿਕ ਕਵੀ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਆਦਿ ਨੇ ਵੀ ਪ੍ਰਾਕ੍ਰਿਤੀ ਚਿਤਰਣ ਚੋਖਾ ਕੀਤਾ ਹੈ। ਸੰਤ ਸਿੰਘ ਸੇਖੋਂ ਅਨੁਸਾਰ ਲੋਕ-ਕਵਿਤਾ ਤੇ ਲੋਕਾਂ ਦੇ ਨੇੜੇ ਦੇ ਪੱਧਰ ਵਾਲੇ ਕਵੀਆਂ ਦੀ ਕਵਿਤਾ ਵਿਚ ਪ੍ਰਾਕ੍ਰਿਤੀ ਚਿਤਰਣ ਸੰਖੇਪ ਮਾਤਰਾ ਵਿਚ ਹੁੰਦਾ ਹੈ। ਇਸ ਸਬੰਧੀ ਸੇਖੋਂ, ਭਗਵਾਨ ਸਿੰਘ ਤੇ ਵਾਰਿਸ਼ ਸ਼ਾਹ ਦਾ ਜ਼ਿਕਰ ਉਦਾਹਰਣ ਰੂਪ ਵਿਚ ਪੇਸ਼ ਕਰਦਾ ਹੈ। ਦੀਦਾਰ ਸੰਧੂ ਪ੍ਰਾਕ੍ਰਿਤੀ ਨੂੰ ਖ਼ੂਬ ਨਿਹਾਰਨ ਵਾਲਾ ਗੀਤਕਾਰ ਹੈ।

ਪ੍ਰਾਕ੍ਰਿਤੀ ਚਿਤਰਣ ਕਰਨ ਦੀ ਉਸ ਨੂੰ ਖ਼ਾਸ ਮੁਹਾਰਤ ਹੈ। ਪ੍ਰਾਕ੍ਰਿਤਕ ਬਿੰਬਾਂ ਨਾਲ ਸਰਾਬੋਰ ਉਸ ਦਾ ਇਕ ਗੀਤ ਪੜ੍ਹੀਏ :

ਮੁੰਡਾ : ਵੇਖੀ ਨਹਿਰ ਦੇ ਕੰਢੇ 'ਤੇ ਖੜ੍ਹੀ ਇਕ ਮੁਟਿਆਰ
ਜਿਵੇਂ ਪਰੀਆਂ ਦੀ ਰਾਣੀ, ਨਿਰਾ ਰੂਪ ਦਾ ਭੰਡਾਰ

ਕੁੜੀ : ਨੀਲੇ ਪਾਣੀਆਂ 'ਚ ਲੱਗਾਂ ਜਦੋਂ ਪਾਉਣ ਗੋਰੇ ਪੈਰ
ਕੰਢੇ ਚੜ੍ਹਦੀ ਜਵਾਨੀ ਦੀ ਮਨਾਉਣ ਲੱਗੇ ਖੈਰ
ਜਿਵੇਂ ਤਰਨ ਲਈ ਝਨਾਂ, ਸੋਹਣੀ ਹੋਈ ਕੋਈ ਤਿਆਰ...

ਕੁਦਰਤੀ ਨਜ਼ਾਰਿਆਂ ਦਾ ਮਾਨਵੀਕਰਨ ਕਰਦੇ ਹੋਏ ਸੁੰਦਰ ਤਸ਼ਬੀਹਾਂ ਸਮੇਤ ਅਗਲੀਆਂ ਪੰਕਤੀਆਂ ਮਾਨਣਯੋਗ ਹਨ :

ਕੁੜੀ : ਮੈਨੂੰ ਤੁਰੀ ਜਾਂਦੀ ਛੱਲ ਕੋਈ, ਹਾਕ ਮਾਰ ਜਾਵੇ
ਪਾਣੀ ਲੰਘਿਆ ਜੋ ਅੱਗੇ, ਪਿੱਛੇ ਮੁੜਨਾ ਉਹ ਚਾਹਵੇ
ਮੁੰਡਾ : ਤੇਜ ਚਲਦੇ ਪੁਰੇ ਦੀ, ਮੱਠੀ ਪੈਗੀ ਰਫ਼ਤਾਰ...

ਅੱਗੇ ਵੇਖੋ :

ਕੁੜੀ : ਮੇਰੇ ਲੰਬੇ-ਕਾਲੇ ਕੇਸ, ਜਿਵੇਂ ਮੱਸਿਆ ਦੀ ਰਾਤ
ਵੱਜੇ ਪੌਣ ਦੇ ਹੁਲਾਰੇ ਨਾਲ, ਹੋ ਜਾਏ ਪ੍ਰਭਾਤ
ਮੁੰਡਾ : ਚਿਹਰਾ ਚਮਕੇ ਜਿਉਂ ਚੜ੍ਹਿਆ ਏ, ਚੰਨ ਗੋਡੀ ਮਾਰ...

ਗੀਤ ਦਾ ਨਾਟਕੀ ਅੰਤ ਵੇਖੇ ਬਗੈਰ ਗੀਤ ਦੀ ਸੰਪੂਰਨ ਮਹਿਮਾਂ ਦਾ ਅਹਿਸਾਸ ਅਧੂਰਾ ਹੀ ਰਹਿ ਜਾਵੇਗਾ। ਆਉ ਨਾਟਕੀ ਅੰਤ ਦਾ ਪ੍ਰਭਾਵ ਵੇਖੀਏ :

ਕੁੜੀ : ਝੱਟ ਸੋਚਾਂ ਵਿਚ ਡੁੱਬੀ, ਅੱਗੇ-ਪਿੱਛੇ ਝਾਤੀ ਮਾਰ
ਚੋਰੀ ਲਈ ਅੰਗੜਾਈ ਵੇ ਮੈਂ, ਅੱਜ ਪਹਿਲੀ ਵਾਰ
ਮੁੰਡਾ : ਤੂੰ ਕੀ ਜਾਣੇ, ਜਾਨੀ ਚੋਰ, ਓਹਲੇ ਖੜ੍ਹਾ ਸੀ ਦੀਦਾਰ !
ਵੇਖੀ ਨਹਿਰ ਦੇ...

ਅਜਿਹੇ ਦ੍ਰਿਸ਼-ਚਿੱਤਰਾਂ ਨੂੰ ਰੁਮਾਂਸਵਾਦੀ ਕਵੀ ਵਿਸ਼ੇਸ਼ ਗੁਣ ਮੰਨਦੇ ਹਨ। ਸੰਤ ਸਿੰਘ ਸੇਖੋਂ, ਮੋਹਨ ਸਿੰਘ ਬਾਰੇ ਲਿਖਦੇ ਹਨ ਕਿ ਉਹ 'ਪ੍ਰੀਤ ਦੀ ਕਵਿਤਾ ਵਿਚ ਪ੍ਰੀਤਮ ਜਾਂ ਪ੍ਰੀਤ-ਭਾਵ ਦੀ ਸੁੰਦਰਤਾ ਨੂੰ ਵਧਾਉਣ ਲਈ ਸੁਹਣੇ ਪ੍ਰਾਕ੍ਰਿਤਕ ਚਿੱਤਰ ਬਣਾਉਂਦਾ ਹੈ।' ਦੀਦਾਰ ਸੰਧੂ ਵੀ ਖ਼ੂਬਸੂਰਤ ਚਿੱਤਰ ਖਿੱਚਣ ਵਾਲਾ ਬਿਹਤਰੀਨ ਗੀਤਕਾਰ ਹੈ। ਸਾਕਾਰ-ਬਿੰਬ ਸਿਰਜਣ ਵਾਲਾ ਬੁਲੰਦ ਨਗ਼ਮਾ-ਨਿਗਾਰ ਹੈ। ਪੇਸ਼ ਹੈ ਉਸ ਦੁਆਰ ਦ੍ਰਿਸ਼-ਚਿੱਤਰਣ ਦਾ ਨਮੂਨਾ :

ਕਾਲੀ-ਕਾਲੀ ਚੁੰਨੀ, ਗੋਰੇ ਰੰਗ 'ਤੇ ਤਾਣਕੇ,
ਚੰਦ ਬੱਦਲੀ ਦੇ ਓਹਲੇ ਕਰਿਆ ਜਾਣਕੇ,

ਗੁੱਤ ਨੇ ਵਲਾਵਾਂ ਪਾਇਆ ਹਿੱਕ 'ਤੇ ਆਣਕੇ
ਗੋਰੇ-ਗੋਰੇ ਅੰਗ, ਉੱਤੇ ਲੋਹੜਿਆਂ ਦੀ ਸੰਗ
ਕੰਮ ਸੋਨੇ 'ਤੇ ਸੁਹਾਗੇ ਵਾਲਾ ਕਰ ਗਈ ਓਏ
ਹਾਲ ਓਏ ਰੱਬਾ ! ਕੁੜੀ ਝੱਗ ਦੇ ਬੁਲਬੁਲੇ ਵਰਗੀ ਓਏ...

ਥੋੜ੍ਹੇ ਸ਼ਬਦਾਂ ਵਿਚ ਪ੍ਰਾਕ੍ਰਿਤੀ ਅਤੇ ਸਥਿਤੀ ਦਾ ਮਾਨਵੀਕਰਨ ਕਰ ਕੇ ਉਹ ਦ੍ਰਿਸ਼ ਚਿਤਰਣ ਦੀ ਪੂਰਨ ਸਮਰੱਥਾ ਰੱਖਦਾ ਹੈ।

ਅਖ਼ੀਰ ਵਿਚ ਇਕ ਉਦਾਹਰਣ ਪੇਸ਼ ਹੈ :
ਉਠ ਵੇਖ, ਰਾਤ ਲੈਣ ਲੱਗੀ ਅੰਗੜਾਈ
ਚਿੜੀ ਚੂਕਦੀ ਗਲੀ 'ਚ ਕੁੱਤਾ ਭੌਂਕਦਾ ਨੀਂ
ਮੁੱਲ ਮੋੜੂੰਗਾ ਰੁਕਾਨੇ ਤੇਰੇ ਸ਼ੌਕ ਦਾ ਨੀਂ...

ਹਵਾਲੇ ਤੇ ਟਿੱਪਣੀਆਂ

1. ਸੁਰਜੀਤ ਭੱਟੀ, ਵਾਦ ਚਿੰਤਨ, ਪੰਨਾ-30.
2. (ਉਹੀ) ਪੰਨਾ-35.
3. ਬ੍ਰਹਮਜਗਦੀਸ਼ ਸਿੰਘ, ਸਮਾਲੋਚਨਾ ਤੇ ਪੰਜਾਬੀ ਸਮਾਲੋਚਨਾ, ਪੰਨਾ-79.
4. (ਉਹੀ) ਪੰਨਾ-79-80.
5. ਸੁਰਜੀਤ ਸਿੰਘ ਭੱਟੀ, ਵਾਦ ਚਿੰਤਨ, ਪੰਨਾ-30.
6. (ਉਹੀ) ਪੰਨਾ-32.
7. (ਉਹੀ) ਪੰਨਾ-38.
8. ਡਾ. ਗੁਰਦੇਵ ਸਿੰਘ, ਖੁਲ੍ਹੇ ਮੈਦਾਨ ਆਲੋਚਨਾਤਮਿਕ ਅਧਿਐਨ, ਪੰਨਾ-34.
9. (ਉਹੀ) ਪੰਨਾ-44-45.
10. ਡਾ. ਸਾਹਿਬ ਸਿੰਘ ਅਰਸ਼ੀ, ਤੇ ਡਾ. ਰਮੇਸ਼ ਕੁਮਾਰ, (ਸੰਪਾ.) ਪੰਜਾਬੀ ਗਾਈਡ ਬੀ.ਏ. ਭਾਗ-1, ਪੰਨਾ-50-51.
11. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ-ਸ਼ਾਸ਼ਤ੍ਰ, ਪੰਨਾ-168-169.
12. ਡਾ. ਪ੍ਰੀਤਮ ਸੈਣੀ, ਕਾਗਜ਼ ਤੇ ਕੈਨਵਸ ਆਲੋਚਨਾ ਤੇ ਵਿਆਖਿਆ, ਪੰਨਾ-80-81.
13. ਡਾ. ਰ.ਲ. ਅਹੂਜਾ, ਪੱਛਮੀ ਕਾਵਿ-ਸ਼ਾਸ਼ਤ੍ਰ, ਪੰਨਾ-149.
14. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ-ਸ਼ਾਸ਼ਤ੍ਰ, ਪੰਨਾ-149.
15. ਡਾ. ਰ.ਲ. ਅਹੂਜਾ, ਗੁਰਬਖ਼ਸ਼ ਸਿੰਘ ਦਾ ਪਿਆਰ ਫ਼ਲਸਫ਼ਾ (ਅਜੀਤ ਸਿੰਘ ਕੱਕੜ ਸੰਪਾ.), ਪੰਨਾ-11.
16. ਡਾ. ਪ੍ਰੀਤਮ ਸੈਣੀ, ਕਾਗਜ਼ ਤੇ ਕੈਨਵਸ ਆਲੋਚਨਾ ਤੇ ਵਿਆਖਿਆ, ਪੰਨਾ-78-79.
17. ਬ੍ਰਹਮਜਗਦੀਸ਼ ਸਿੰਘ ਸਮਾਚੋਲਨਾ ਤੇ ਪੰਜਾਬੀ ਸਮਾਲੋਚਨਾ, ਪੰਨਾ-187.
18. ਗੁਰਬਖ਼ਸ਼ ਸਿੰਘ, ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ, ਪੰਨਾ-13.
19. ਜੀ.ਐੱਸ. ਰਿਆਲ, ਸ਼ਬਦਾਂ ਦੀਆਂ ਲਿਖਤਾਂ, ਪੰਨਾ-93.

20. ਖੁਲ੍ਹੇ ਮੈਦਾਨ, ਪ੍ਰੋ. ਪੂਰਨ ਸਿੰਘ, ਪੰਨਾ-115.
21. (ਉਹੀ) ਪੰਨਾ-119.
22. (ਉਹੀ) ਪੰਨਾ-127.
23. ਸ਼ਿਵ ਕੁਮਾਰ, ਸੰਪੂਰਨ ਕਾਵਿ-ਸੰਗ੍ਰਹਿ (ਸੰਪਾਦਿਤ), ਪੰਨਾ-578.
24. ਖੁਲ੍ਹੇ ਮੈਦਾਨ, ਪ੍ਰੋ. ਪੂਰਨ ਸਿੰਘ, ਪੰਨਾ-124.
25. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ-ਸ਼ਾਸ਼ਤ੍ਰ, ਪੰਨਾ-152.
26. ਡਾ. ਰ.ਲ. ਅਹੂਜਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ (ਸੰਪਾ.), ਪੰਨਾ-19.
27. ਗੁਰਚਰਨ ਸਿੰਘ ਅਰਸ਼ੀ, ਪੱਛਮੀ ਕਾਵਿ-ਸ਼ਾਸ਼ਤ੍ਰ, ਪੰਨਾ-151.
28. ਡਾ. ਗੁਰਦੇਵ ਸਿੰਘ, ਖੁਲ੍ਹੇ ਮੈਦਾਨ ਆਲੋਚਨਾਤਮਿਕ ਅਧਿਐਨ, ਪੰਨਾ-38.
29. ਸੁਰਜੀਤ ਸਿੰਘ ਭੱਟੀ, ਵਾਦ-ਚਿੰਤਨ, ਪੰਨਾ-37.
30. ਢੋਲਾ ਮਾਰੂ ਰਾ ਦੂਹਾ, ਰਾਮ ਸਿੰਘ, ਸੂਰਯਕਰਨ ਪਾਰੀਕ, ਨਰੋਤਮਦਾਸ ਸਵਾਮੀ (ਸੰਪਾ.), ਪੰਨਾ-65.

—◆—

ਦੀਦਾਰ ਸੰਧੂ ਦੇ ਗੀਤਾਂ ਦਾ ਕਲਾ-ਪੱਖ

"ਕਲਾ ਹੀ ਜ਼ਿੰਦਗੀ ਅਤੇ ਜ਼ਿੰਦਗੀ ਲਈ ਕਲਾ ਹੁੰਦੀ ਹੈ ਜਿਸ ਵਿਚੋਂ ਜ਼ਿੰਦਗੀ ਦੀ ਖ਼ੁਸ਼ਹਾਲੀ, ਉੱਨਤੀ ਤੇ ਜਿੱਤ ਦਾ ਸਬਕ ਮਿਲੇ ਉਹ ਕਲਾ ਸਾਰਥਕ ਹੁੰਦੀ ਹੈ। ਕਲਾ ਹੀ ਜ਼ਿੰਦਗੀ ਦੀ ਬਿਹਤਰੀ ਦਾ ਸਬੱਬ ਬਣਦੀ ਹੈ। ਜ਼ਿੰਦਗੀ ਤੋਂ ਟੁੱਟੀ ਹੋਈ ਸਵਾਰਥੀ ਭਾਵਨਾ ਵਾਲੀ ਕਲਾ ਦੀ ਉਮਰ ਲੰਬੀ ਨਹੀਂ ਹੁੰਦੀ।"[1]

"ਪ੍ਰਿੰਸੀਪਲ ਸੰਤ ਸਿੰਘ ਸੇਖੋਂ ਮੁਤਾਬਿਕ ਪੁਰਾਤਨ ਯੂਨਾਨੀ ਬੁੱਧੀਮਾਨਾਂ ਨੇ ਪੰਜ ਸੂਖ਼ਮ ਕਲਾਵਾਂ ਮੰਨੀਆਂ ਹਨ, ਜਿਨ੍ਹਾਂ ਵਿਚ ਕਵਿਤਾ ਦਾ ਸਥਾਨ ਪ੍ਰਮੁੱਖ ਹੈ। ਕਵਿਤਾ ਤੋਂ ਛੁੱਟ ਰਾਗ, ਚਿੱਤਰ, ਮੂਰਤੀ ਤੇ ਮੰਦਰਕਲਾ ਹਨ ਪਰੰਤੂ ਕਵਿਤਾ ਨੂੰ ਸਭ ਤੋਂ ਵਧੇਰੇ ਸੂਖ਼ਮ ਕਲਾ ਮੰਨਿਆ ਗਿਆ। ਜਿਸ ਵਿਚ ਕੋਈ ਵੀ ਸਥੂਲ ਅੰਸ਼ ਨਹੀਂ ਹੁੰਦਾ। ਸੇਖੋਂ ਨੇ ਸੰਗੀਤ, ਕਵਿਤਾ ਤੇ ਨਾਚ ਨੂੰ ਪੁਰਾਤਨ ਕਲਾਵਾਂ ਮੰਨਿਆ ਹੈ।"[2]

ਪੰਜਾਬੀ ਦਾ ਮੌਲਿਕ ਕਾਵਿ-ਰੂਪ 'ਗੀਤ' ਮੂੰਹ-ਜ਼ੋਰ, ਅਲ੍ਹੜ ਜਜ਼ਬਿਆਂ, ਖ਼ਾਸ ਕਰ ਕੇ ਪਿਆਰ ਮੁਹੱਬਤ ਦੇ ਜਜ਼ਬਾਤਾਂ ਦਾ ਤੀਬਰ ਪ੍ਰਗਟਾਅ ਹੁੰਦਾ ਹੈ। ਗੀਤ ਮਨੁੱਖੀ ਦਿਲ ਦੀ ਅਤਿ ਸੂਖ਼ਮ ਸਥਿਤੀ ਦਾ ਪ੍ਰਗਟਾਵਾ ਹੁੰਦੇ ਹਨ। ਗੀਤਾਂ ਵਿਚ ਜਜ਼ਬਾ, ਵਲਵਲਾ ਅਤੇ ਭਾਵ ਪ੍ਰਧਾਨ ਹੁੰਦਾ ਹੈ। ਪ੍ਰਗੀਤਕਤਾ ਇਸ ਦਾ ਮੁੱਖ ਲੱਛਣ ਹੁੰਦਾ ਹੈ।

ਪ੍ਰਗੀਤ ਸ਼ੁਧ ਅਤੇ ਇਕਾਗਰ ਭਾਵ ਦੀ ਇਕਾਲਕ ਪੇਸ਼ਕਾਰੀ ਮੰਨੀ ਜਾਂਦੀ ਹੈ। ਇਸ ਸਾਹਿਤ ਰੂਪ ਵਿਚ ਕਲਾਕਾਰ ਅਜਿਹੇ ਬਿੰਬ ਦੀ ਰਚਨਾ ਕਰਦਾ ਹੈ ਜੋ ਉਸ ਨਾਲ ਸਿੱਧਾ ਸਬੰਧਿਤ ਹੁੰਦਾ ਹੈ। "ਪ੍ਰਗੀਤ ਨੂੰ ਲੈਵਿਸ ਨੇ ਸ਼ੁਧ ਅਤੇ ਸਰਲ ਕਵਿਤਾ ਕਿਹਾ ਹੈ।"[3] ਹਰ ਕਾਵਿ ਰਚਨਾ ਵਿਚ ਪ੍ਰਗੀਤਕ ਅੰਸ਼ ਪਾਏ ਜਾਂਦੇ ਹਨ। ਪੰਜਾਬੀ ਦੇ ਮੌਲਿਕ ਕਾਵਿ-ਰੂਪ ਸਬੰਧੀ ਕਿਹਾ ਜਾਂਦਾ ਹੈ ਕਿ ਹਰੇਕ ਜ਼ਾਤੀ ਦੇ ਸ਼ੁਰੂਆਤੀ ਇਤਿਹਾਸ ਵਿਚ ਗੀਤ-ਕਾਵਿ ਲੋਕ-ਪ੍ਰਿਅ ਮੰਨਿਆ ਜਾਂਦਾ ਹੈ। ਗੀਤ ਵਿਚ ਕੁਦਰਤੀ ਸਹਿਜਤਾ, ਸਰਲਤਾ ਤੇ ਰਸ, ਪ੍ਰਵਾਹਿਕ ਸ਼ਕਤੀ ਦੇ ਰੂਪ ਵਿਚ ਹੁੰਦੇ ਹਨ। ਗੀਤਾਂ ਵਿਚ ਮੁੱਢ-ਕਦੀਮੀ ਸਰਲਤਾ, ਸਾਦਗੀ, ਨਿਰਛਲਤਾ ਤੇ ਮਾਨਵ ਜੀਵਨ ਦੇ ਆਦਿਮ

ਭਾਵਾਂ ਤੇ ਮਨੋਵ੍ਰਿਤੀਆਂ ਦਾ ਦਿੱਗ ਦਰਸ਼ਨ ਹੁੰਦਾ ਹੈ। ਕਿਸੇ ਵੀ ਜ਼ਾਤੀ ਵਿਸ਼ੇਸ਼ ਦੇ ਸਭਿਆਚਾਰ ਦੇ ਨਿਰਮਾਣ ਵਿਚ ਗੀਤ-ਕਾਵਿ ਦਾ ਵੱਡਾ ਹੱਥ ਰਿਹਾ ਹੈ।

"ਸਾਮਵੇਦ ਗਾਉਣ ਦੇ ਖ਼ਾਸ ਰੂਪ ਵਿਚ ਪ੍ਰਗਟ ਹੋਇਆ।"[4] ਮਨੁੱਖੀ ਮਨ ਦੇ ਮੂੰਹ-ਜ਼ੋਰ ਅਲ੍ਹੜ ਜਜ਼ਬਿਆਂ ਦਾ ਤੀਬਰ ਪ੍ਰਗਟਾਅ ਕਰਨ ਵਾਲੇ ਗੀਤ-ਕਾਵਿ ਰੂਪ ਵਿਚ ਮਨੁੱਖੀ ਦਿਲ ਦੀ ਅਤਿ ਸੂਖ਼ਮ ਸਥਿਤੀ ਦਾ ਪ੍ਰਗਟਾਵਾ ਹੁੰਦਾ ਹੈ। ਗੀਤ ਮਨੁੱਖ ਨਾਲ ਜੁੜਿਆ ਹੋਇਆ ਹੈ। ਇਸ ਗੱਲ ਦੀ ਗਵਾਹੀ ਸਾਡੇ ਲੋਕ-ਗੀਤ ਵੀ ਭਰਦੇ ਹਨ। "ਗੀਤ-ਸੰਗੀਤ ਨਾਲ ਮਨੁੱਖੀ ਰਿਸ਼ਤਾ ਉਸ ਸਮੇਂ ਤੋਂ ਹੈ ਜਦੋਂ ਜ਼ਿੰਦਗੀ ਸਹਿਜ ਹੁੰਦੀ ਸੀ। ਅਜੋਕੇ ਨੱਠ-ਭੱਜ ਦੇ ਸਮੇਂ ਤੋਂ ਪਹਿਲਾਂ ਜਦੋਂ ਮਨੁੱਖ ਵਿਚ ਸਦਾਚਾਰਕ ਗੁਣ ਵਧੇਰੇ ਹੁੰਦੇ ਸਨ।"[5]

ਗੀਤਾਂ ਵਿਚ ਸੰਗੀਤਕਤਾ ਇਸ ਤਰ੍ਹਾਂ ਸਮਾਈ ਹੁੰਦੀ ਹੈ ਜਿਵੇਂ ਸਰੀਰ ਵਿਚ ਲਹੂ ! ਸੰਗੀਤ ਆਤਮਾ ਦਾ ਰਸ ਹੈ। ਰੂਹ ਦੀ ਖ਼ੁਰਾਕ ! ਸੰਗੀਤ ਨੂੰ ਮਨ ਇਕਾਗਰ ਕਰਨ ਦੀ ਸਰਬੋਤਮ ਵਿਧੀ ਵੀ ਸਮਝਿਆ ਜਾਂਦਾ ਹੈ। ਗਾਇਨ ਯੋਗਤਾ ਗੀਤਾਂ ਦਾ ਪ੍ਰਮੁੱਖ ਗੁਣ ਹੈ। ਡਾ. ਰਾਜਿੰਦਰਪਾਲ ਆਖਦੇ ਹਨ "ਮੱਧਕਾਲੀ ਪਰੰਪਰਾ ਹੀ ਆਧੁਨਿਕ ਸਟੇਜੀ ਕਾਵਿ ਦੀ ਜਨਮਦਾਤੀ ਹੈ ਕਿਉਂਕਿ ਇਹ ਸਾਰੀ ਕਵਿਤਾ ਆਮ ਜਨਸਮੂਹ ਲਈ ਰਚੀ ਜਾਂਦੀ ਸੀ ਅਤੇ ਸਰੋਤਾਮੁੱਖ ਸੀ ਤੇ ਅਕਸਰ ਲੋਕ ਇਕੱਠਾਂ ਵਿਚ ਪੜ੍ਹੀ ਜਾਂ ਸੁਣਾਈ ਜਾਂਦੀ ਸੀ।"[6] ਆਖਿਆ ਜਾ ਸਕਦਾ ਹੈ ਕਿ ਸਟੇਜੀ-ਕਾਵਿ ਤੋਂ ਹੀ ਅੱਗੇ ਚੱਲ ਕੇ ਖੁੱਲ੍ਹੇ ਅਖਾੜਿਆਂ ਦੇ ਰੂਪ ਵਿਚ ਦੁਗਾਣਾ ਗਾਇਕੀ ਪ੍ਰਫੁੱਲਤ ਹੋਈ ਤੇ ਆਮ ਲੋਕ ਸਮੂਹ ਵਿਚ ਪ੍ਰਵਾਨ ਚੜ੍ਹੀ। ਗਾਇਨਯੋਗਤਾ ਦੇ ਨਾਲ-ਨਾਲ ਇਸ ਵਿਚ ਛੰਦ-ਬੱਧਤਾ ਵੀ ਮੌਜੂਦ ਹੁੰਦੀ ਹੈ। ਪ੍ਰਗੀਤਕ ਅੰਸ਼ਾਂ ਨਾਲ ਭਰਪੂਰ ਦੁਗਾਣਾ-ਗਾਇਕੀ ਨੇ ਆਮ ਲੋਕਾਂ ਵਿਚ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰ ਲਈ।

"ਸਟੇਜੀ ਕਵੀ ਦਰਬਾਰਾਂ ਦੀ ਜ਼ਿੰਦ-ਜਾਨ ਕਹੇ ਜਾਂਦੇ ਨੰਦ ਲਾਲ ਨੂਰਪੁਰੀ (1906-1966) ਦੇ ਗੀਤ 'ਚੰਨ ਵੇ ਕਿ ਸੌਂਕਣ ਮੇਲੇ ਦੀ' ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਆਵਾਜ਼ ਵਿਚ ਰਿਕਾਰਡ ਹੋਇਆ।"[7] ਗੁਰਦੇਵ ਸਿੰਘ ਮਾਨ ਨੂੰ ਸਟੇਜ ਦਾ ਧਨੀ ਹੋਣ ਦੇ ਨਾਲ-ਨਾਲ ਇਕ ਉੱਚ-ਪਾਏ ਦਾ ਗੀਤਕਾਰ ਵੀ ਮੰਨਿਆ ਜਾਂਦਾ ਹੈ ਜਿਸ ਦੇ ਲਿਖੇ ਦੁਗਾਣੇ ਸਮੇਂ ਦੇ ਸਮਰੱਥ ਗਾਇਕ-ਗਾਇਕਾਵਾਂ ਨੇ ਗਾਏ। "ਦੀਪਕ ਜੈਤੋਈ ਦਾ ਗੀਤ 'ਅਸਾਂ ਨੀ ਕਨੌੜ ਝਲਣੀ' ਤੇ 'ਆਹ ਲੈ ਮਾਏ ਸਾਂਭ ਕੁੰਜੀਆਂ' ਮਕਬੂਲ ਹੋਏ।"[8]

ਇਸ ਪਰੰਪਰਾ ਵਿਚੋਂ ਹੀ ਹਰਦੇਵ ਸਿੰਘ ਦਿਲਗੀਰ, ਜੱਗਾ, ਗੁਰਮੁਖ ਗਿੱਲ, ਸੁਰੇਸ਼ ਬਾਂਸਲ, ਹਰਚਰਨ ਗਰੇਵਾਲ, ਮੁਹਮੰਦ ਸਦੀਕ ਰਾਮਪੁਰੀ ਅਤੇ ਦੀਦਾਰ ਸੰਧੂ ਦੁਗਾਣਾ ਗਾਇਕੀ ਦੇ ਪਿੜ ਵਿਚ ਮੰਨੇ-ਪ੍ਰਮੰਨੇ ਗਾਇਕ/ਗੀਤਕਾਰ ਹਨ।

ਦੀਦਾਰ ਸੰਧੂ ਦੇ ਗੀਤਾਂ ਦੀ ਬਗੈਰ ਸੰਗੀਤ ਤੋਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸੰਗੀਤਕਤਾ ਅਤੇ ਪ੍ਰਗੀਤਕਤਾ ਉਸ ਦੇ ਗੀਤਾਂ ਦੀ ਵੱਡੀ ਪਹਿਚਾਣ ਹਨ।

ਦੀਦਾਰ ਸੰਧੂ ਦੇ ਵਧੇਰੇ ਨਜ਼ਦੀਕ ਰਹਿਣ ਵਾਲੇ ਪਰਗਟ ਸਿੰਘ ਗਰੇਵਾਲ ਅਤੇ ਕੁਲਵੰਤ ਸਿੰਘ ਲਹਿਰੀ ਦਸਦੇ ਹਨ ਕਿ ਦੀਦਾਰ ਸੰਧੂ ਦੇ ਲਿਖੇ ਜਿਹੜੇ ਗੀਤ ਹੋਰ ਕਲਾਕਾਰਾਂ ਜਿਵੇਂ ਮੁਹੰਮਦ ਸਦੀਕ ਨੇ, ਗਾਏ ਸਨ ; ਉਹ ਗੀਤ ਦੀਦਾਰ ਨੇ ਖ਼ੁਦ ਕਦੇ ਵੀ ਸਟੇਜ ਉੱਤੇ ਨਹੀਂ ਗਾਏ। ਇਹ ਉਸ ਦੀ ਵੱਡੀ ਵਿਸ਼ੇਸ਼ਤਾ ਹੈ।

"ਪਰਗਟ ਸਿੰਘ ਗਰੇਵਾਲ ਅਤੇ ਲਹਿਰੀ ਮੁਤਾਬਿਕ ਜਿਹੜੇ ਗੀਤ ਦੀਦਾਰ ਨੇ ਆਪ ਗਾਏ ਸਨ ਜੇਕਰ ਕੋਈ ਹੋਰ ਕਲਾਕਾਰ ਗਾਉਂਦਾ ਤਾਂ ਉਨ੍ਹਾਂ ਵਿਚ ਓਨੀ ਜੀਵੰਤਤਾ, ਸਰਲਤਾ ਤੇ ਮੌਲਿਕਤਾ ਬਿਲਕੁਲ ਨਾ ਹੁੰਦੀ। ਇਹ ਪੇਸ਼ਕਾਰੀ ਸਿਰਫ਼ ਦੀਦਾਰ ਸੰਧੂ ਹੀ ਕਰ ਸਕਦਾ ਸੀ।"[9]

ਇਹ ਗੱਲ ਵੀ ਸੱਚ ਹੈ। ਉਸ ਦੇ ਗਾਏ/ਲਿਖੇ ਗੀਤ ਜਿੰਨੀ ਸਹਿਜਤਾ ਨਾਲ ਉਹ ਆਪ ਗਾ ਜਾਂਦਾ ਹੈ, ਕੋਈ ਹੋਰ ਕਲਾਕਾਰ ਨਹੀਂ ਗਾ ਸਕਦਾ। ਮਿਸਾਲ ਵਜੋਂ ਦੀਦਾਰ ਸੰਧੂ ਦਾ ਦੁਗਾਣਾ 'ਮੇਰਾ ਕੱਲ੍ਹ ਦਾ ਕਾਲਜਾ ਦੁਖਦਾ...' ਦੀਦਾਰ ਦੀ ਆਵਾਜ਼ ਵਿਚ ਬੇਹੱਦ ਮਕਬੂਲ ਹੋਇਆ। ਅੱਜ-ਕੱਲ੍ਹ ਉਸੇ ਗੀਤ ਨੂੰ ਮੁਹੰਮਦ ਸਦੀਕ ਨੇ ਰਿਕਾਰਡ ਕਰਵਾਇਆ ਹੈ ਪਰੰਤੂ ਇਹ ਦੀਦਾਰ ਸੰਧੂ ਦੇ ਖ਼ੁਦ ਗਾਏ ਜਿੰਨਾਂ ਨਾ ਤਾਂ ਹਰਮਨ-ਪਿਆਰਾ ਬਣ ਸਕਿਆ ਅਤੇ ਨਾ ਹੀ ਦੀਦਾਰ ਜਿੰਨੀ ਸਰਲਤਾ ਅਤੇ ਕਲਾਤਮਿਕਤਾ ਨਾਲ ਗਾਇਆ ਜਾ ਸਕਿਆ।

ਦੂਜੇ ਪਾਸੇ ਗੌਲਣ ਵਾਲੀ ਗੱਲ ਇਹ ਹੈ ਕਿ ਪਹਿਲੋਂ ਦੀਦਾਰ ਸੰਧੂ ਦੇ ਲਿਖੇ ਤੇ ਮੁਹੰਮਦ ਸਦੀਕ ਦੇ ਗਾਏ ਦੁਗਾਣੇ ਤੇ ਸ਼ੋਲੋ ਗੀਤ ਬਹੁਤ ਹੀ ਪਾਪੂਲਰ ਹੋਏ, ਜਿਵੇਂ ਕਿ 'ਸੁਰਮਾਂ ਪੰਜ ਰੱਤੀਆਂ, ਕੁੜਤੀ ਮਲਮਲ ਦੀ, ਮੇਰੀ ਐਸੀ ਝਾਂਜਰ...' ਆਦਿ। ਹਰੇ ਇਨਕਲਾਬ ਦੀ ਆਮਦ ਨਾਲ ਪੰਜਾਬੀ ਸਭਿਆਚਾਰ ਦਾ ਸਾਹਿਤਕ ਪੱਖ ਅਖਾੜਿਆਂ ਨੇ ਮੱਲ ਲਿਆ। ਇਨ੍ਹਾਂ ਅਖਾੜਿਆਂ ਵਿਚ ਗਾਉਣ ਵਾਲੇ ਕਲਾਕਾਰਾਂ ਵਿਚੋਂ ਸਮਰੱਥ, ਵਿਲੱਖਣ ਤੇ ਕਾਵਿ-ਗੁਣਾਂ ਨਾਲ ਭਰਪੂਰ ਗੀਤਕਾਰਾਂ ਵਿਚੋਂ ਦੀਦਾਰ ਸੰਧੂ ਦਾ ਨਾਮ ਪਹਿਲੇ ਨੰਬਰ 'ਤੇ ਆਉਂਦਾ ਹੈ। ਸਾਹਿਤਕ ਗੁਣਾਂ ਨਾਲ ਲਬਰੇਜ਼ ਉਸ ਦੇ ਦੁਗਾਣੇ ਲਾਊਡ-ਸਪੀਕਰਾਂ ਰਾਹੀਂ ਪੰਜਾਬ ਦੇ ਹਰ ਪਿੰਡ ਵਿਚ ਵੱਜਦੇ ਰਹੇ ਹਨ। ਪੇਂਡੂ ਜੀਵਨ ਦਾ ਸਫ਼ਲ ਚਿਤੇਰਾ ਇਕੋ-ਇਕ ਗਾਇਕ/ਲੇਖਕ ਦੀਦਾਰ ਸੰਧੂ ਇਕ ਨਿਪੁੰਨ ਕਲਾਕਾਰ/ਗੀਤਕਾਰ ਤੇ ਸਮਰੱਥ ਕਵੀ ਸੀ। ਦੁਗਾਣਾ ਖੇਤਰ ਦੇ ਕਲਾਤਮਿਕ ਸਿਰਜਣਾ ਕਰਨ ਵਾਲੇ ਗੀਤਕਾਰ ਦੇ ਤੌਰ 'ਤੇ, ਉਸ ਦਾ ਕੋਈ ਸਾਨੀ ਨਹੀਂ।

ਉਸ ਦੇ ਸਮਕਾਲੀ ਕਲਾਕਾਰਾਂ ਵਿਚੋਂ ਪੇਂਡੂ ਮਾਹੌਲ ਦਾ ਚਿਤਰਣ ਉਸ ਤੋਂ ਵੱਧ ਕੇ ਕੋਈ ਨਾ ਕਰ ਸਕਿਆ। ਰਿਸ਼ਤਿਆਂ ਦੀ ਵੰਨ-ਸੁਵੰਨਤਾ ਸਮਾਜਿਕ ਜੀਵਨ ਦੀ ਨੁਹਾਰ ਅਤੇ ਲੋਕ-ਭਾਵਨਾ ਦੀ ਪੇਸ਼ਕਾਰੀ ਕਰਨ ਵਾਲਾ ਉਹ ਵਿਲੱਖਣ ਗਾਇਕ/ਕਲਾਕਾਰ ਹੈ। ਬਿੰਬਾਵਲੀ, ਅਲੰਕਾਰਾਂ, ਉਪਮਾਵਾਂ ਤੇ ਵਿਸ਼ੇ ਪੱਖੋਂ ਵੀ ਉਹ ਸਿਖ਼ਰ 'ਤੇ ਜਾ ਖੜ੍ਹਦਾ ਹੈ। ਇਸ ਗੱਲ ਦੀ ਪ੍ਰੋੜ੍ਹਤਾ ਰਾਜਿੰਦਰ ਰਾਹੀ ਦੁਆਰਾ (ਕਰਤਾ, ਜਿਥੇ ਪਾਸ਼ ਰਹਿੰਦਾ ਹੈ।) ਪਾਸ਼ ਦੇ ਸਬੰਧ ਵਿਚ ਕਹੇ ਬੋਲ ਕਰਦੇ ਹਨ। ਉਹ ਆਖਦਾ ਹੈ

"ਦੀਦਾਰ ਸੰਧੂ ਦੇ ਗੀਤ ਉਸ (ਅਵਤਾਰ ਸਿੰਘ ਪਾਸ਼) ਨੂੰ ਅਤਿ ਪਿਆਰੇ ਸਨ। ਉਨ੍ਹਾਂ ਵਿਚਲੇ ਬਿੰਬ, ਅਲੰਕਾਰ, ਉਪਮਾਵਾਂ ਤੇ ਸੱਜਰੇ ਵਿਸ਼ੇ ਪਾਸ਼ ਨੂੰ ਅਤਿ ਪਿਆਰੇ ਲਗਦੇ ਸਨ।

ਪਾਸ਼ ਵਰਗੇ ਇਨਕਲਾਬੀ ਕਵੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਦੀਦਾਰ ਸੰਧੂ ਦੇ ਗੀਤਾਂ ਵਿਚਲੀ ਕਲਾਤਮਿਕਤਾ ਸਾਹਿਤਕ ਪੱਖ ਤੋਂ ਵੀ ਉੱਚ ਪਾਏ ਦੀ ਹੈ। ਫ਼ਿਰੋਜ਼ਦੀਨ ਸ਼ਰਫ਼, ਨੰਦ ਲਾਲ ਨੂਰਪੁਰੀ ਆਦਿ ਤੋਂ ਲੈ ਕੇ ਗੁਰਦੇਵ ਸਿੰਘ ਮਾਨ ਅਤੇ ਇੰਦਰਜੀਤ ਹਸਨਪੁਰੀ ਤੱਕ ਦੇ ਸਾਰੇ ਸਟੇਜੀ ਕਵੀ ਗਾਹੇ-ਬਗਾਹੇ ਫ਼ਿਲਮਾਂ ਤੇ ਟੈਲੀਵਿਜ਼ਨ ਲਈ ਵੀ ਲਿਖਦੇ ਰਹੇ ਹਨ। ਇਨ੍ਹਾਂ ਮਿਆਰੀ ਗੀਤਕਾਰਾਂ ਵਿਚੋਂ ਗੁਰਦੇਵ ਸਿੰਘ ਮਾਨ ਅਤੇ ਇੰਦਰਜੀਤ ਸਿੰਘ ਹਸਨਪੁਰੀ ਦੇ ਦੁਗਾਣੇ ਆਪਣੇ ਸਮੇਂ ਵਿਚ ਬੇਹੱਦ ਮਕਬੂਲ ਹੋਏ ਜੋ ਕਿ ਅੱਜ ਵੀ ਸਦਾ-ਬਹਾਰ ਗੀਤਾਂ ਵਾਂਗ ਸੁਣੇ ਜਾਂਦੇ ਹਨ। ਇਸ ਪਰੰਪਰਾ ਨੂੰ ਜੇਕਰ ਕਾਵਿਕ ਕਲਾਤਮਿਕਤਾ ਸਾਹਿਤ ਕਿਸੇ ਗੀਤਕਾਰ/ਗਾਇਕ ਨੇ ਅੱਗੇ ਤੋਰਿਆ ਤਾਂ ਉਹ ਦੀਦਾਰ ਸੰਧੂ ਹੀ ਹੈ।

ਰਚਨਾਮਿਕਤਾ ਅਤੇ ਕਲਾਤਮਿਕਤਾ ਦੇ ਪੱਖੋਂ ਉਸ ਦੀ ਦ੍ਰਿਸ਼ਟੀ ਮੌਲਿਕ ਤੇ ਵਿਸ਼ਾਲ ਹੈ। ਉਸ ਦੇ ਗੀਤਾਂ ਵਿਚ ਲੋਕ-ਭਾਵਨਾ, ਸਾਂਝੇ ਪਰਿਵਾਰਾਂ ਦੀ ਪ੍ਰੌੜ੍ਹਤਾ, ਸਮਾਜਿਕ ਗਿਰਾਵਟ, ਲੋਕ-ਵਿਸ਼ਵਾਸਾਂ, ਮੌਲਿਕ ਬਿੰਬਾਵਲੀ, ਮੁਹਾਵਰੇ ਤੇ ਅਖਾਣਾਂ ਦੀ ਭਰਮਾਰ ਹੈ। ਬੁਨਿਆਦੀ ਤੌਰ 'ਤੇ ਦੀਦਾਰ ਸੰਧੂ ਇਕ ਕਿਸਾਨੀ ਪੇਂਡੂ ਮਾਹੌਲ ਨੂੰ ਸਿਰਜਣ ਦੀ ਰੁਚੀ ਦਾ ਮਾਲਕ ਹੈ। ਉਸ ਦੇ ਗੀਤਾਂ ਵਿਚ ਧਨੀਰਾਮ ਚਾਤ੍ਰਿਕ ਵਾਂਗ ਛੰਦ-ਬੱਧਤਾ, ਪੇਂਡੂ ਮਾਹੌਲ ਤੇ ਪੇਂਡੂ ਬੋਲੀ/ਭਾਸ਼ਾ ਦਾ ਸਾਫ਼ ਝਲਕਾਰਾ ਮਿਲਦਾ ਹੈ। ਉਪਮਾ ਤੇ ਤੁਲਨਾ ਕਰਨ ਵੇਲੇ ਉਹ ਵਾਰਿਸ਼ ਸ਼ਾਹ ਦੇ ਬਰਾਬਰ ਜਾ ਖੜ੍ਹਦਾ ਹੈ। ਆਮ ਲੋਕਾਂ ਦੇ ਦੁੱਖਾਂ ਨੂੰ ਉਹ ਮੌਲਿਕ ਮੁਹਾਵਰੇ ਵਿਚ ਪ੍ਰਗਟ ਕਰਨ ਵਾਲਾ ਵਿਲੱਖਣ ਗੀਤਕਾਰ ਹੈ। ਉਸ ਦੇ ਗੀਤਾਂ ਵਿਚ ਸਾਹਿਤਕ ਤੱਤਾਂ ਦੀ ਭਰਮਾਰ ਹੈ। ਦੁਗਾਣੇ ਨੂੰ ਉਸ ਨੇ ਅਜੋਕੇ ਕਵੀਆਂ ਵਾਂਗ ਕਾਵਿਕ ਗੁਣਾਂ ਨਾਲ ਪਹਿਲੀ ਵਾਰ ਭਰਪੂਰ ਕੀਤਾ। ਜਜ਼ਬਾਤਾਂ ਦੀ ਤਰਲਤਾ ਅਤੇ ਗਹਿਰਾਈ ਦੁਗਾਣੇ ਵਿਚ ਉਹ ਪਹਿਲੀ ਵਾਰ ਪੇਸ਼ ਕਰਦਾ ਹੈ। ਮੱਧਕਾਲੀ ਕਿੱਸਾ-ਕਾਵਿ ਵਿਚੋਂ ਦ੍ਰਿਸ਼ਟਾਂਤ ਲੈ ਕੇ, ਤੁਲਨਾਤਮਿਕਤਾ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕਰਨਾ ਵੀ ਦੁਗਾਣਾ-ਖੇਤਰ ਵਿਚ ਦੀਦਾਰ ਸੰਧੂ ਦੇ ਹਿੱਸੇ ਹੀ ਆਉਂਦਾ ਹੈ (ਜੋ ਆਪਣੀ ਰਚਨਾ ਨੂੰ ਖ਼ੁਦ ਗਾਉਂਦਾ ਹੈ) ਵਾਕਾਂ ਦੀ ਸੰਜਮਤਾ ਅਤੇ ਮੌਲਿਕ ਮੁਹਾਵਰਾ ਸਿਰਜਣਾ, ਉਸ ਨੂੰ ਇਕ ਸਫ਼ਲ ਗੀਤਕਾਰ ਤੇ ਸਾਹਿਤਕਾਰ ਸਿੱਧ ਕਰਦੀ ਹੈ :

ਜ਼ਖ਼ਮ ਸਿਉਣਾ ਔਖਾ ਤੇ, ਤਲਵਾਰ ਚਲਾਉਣੀ ਸੌਖੀ ਐ
ਇਸ਼ਕ ਝਨਾਂ ਵਿਚ ਡੁਬਦੀ ਬੇੜੀ, ਪਾਰ ਲੰਘਾਉਣੀ ਔਖੀ ਐ
ਟੁੱਟਗੀ ਯਾਰੀ ਤੋਂ ਜ਼ਿੰਦੜੀ, ਦਿਨ ਚਾਰ ਬਚਾਉਣੀ ਔਖੀ ਐ...

ਉਪਰੋਕਤ ਪੰਕਤੀਆਂ ਵਿਚੋਂ ਅਟੱਲ ਸਚਾਈਆਂ ਵਰਗੇ ਸੰਕੇਤ ਮਿਲਦੇ ਹਨ ਜੋ ਕਿ ਦੀਦਾਰ ਸੰਧੂ ਦੀ ਮੌਲਿਕ ਘਾੜਤ ਹਨ।

"ਲੋਕ-ਕਲਾ ਦਾ ਇਕ ਵਡਮੁੱਲਾ ਅੰਸ਼ ਲੋਕ-ਸਚਾਈਆਂ ਹਨ। ਲੋਕ-ਕਲਾ

ਜੀਵਨ ਦੀ ਸਹਿਜ ਚਾਲ ਵਿਚੋਂ ਅਤੇ ਜੀਵਨ ਦੀਆਂ ਲੋੜਾਂ ਵਿਚੋਂ ਆਪ-ਮੁਹਾਰੇ ਉਪਜੀ ਹੁੰਦੀ ਹੈ। ਪੀੜ੍ਹੀਆਂ ਦਾ ਅਨੁਭਵ ਲੋਕ-ਕਲਾ ਦੇ ਕਣ-ਕਣ ਵਿਚ ਰਚਿਆ ਹੁੰਦਾ ਹੈ। ਲੋਕ ਅਨੁਭਵ ਖੁਰ-ਖੁਰ ਕੇ ਇਸ ਕਲਾ ਨੂੰ ਨਿਖ਼ਾਰਦਾ ਹੈ ਤੇ ਇਸ ਦਾ ਰੂਪ ਸੰਵਾਰਦਾ ਹੈ।"[10] ਦੀਦਾਰ ਸੰਧੂ ਦੇ ਗੀਤਾਂ ਵਿਚ ਲੋਕ-ਸਚਾਈਆਂ ਮੋਤੀਆਂ ਵਾਂਗ ਪਰੋਈਆਂ ਪਈਆਂ ਹਨ। ਜਿਵੇਂ ਉਹ ਲੋਕ-ਸਿਆਣਪਾਂ ਤੇ ਅਟਲ ਸਚਾਈਆਂ ਦਾ ਭਰਪੂਰ ਇਸਤੇਮਾਲ ਕਰਦਾ ਹੈ ਉਸੇ ਤਰ੍ਹਾਂ ਉਹ ਲੋਕ-ਸਚਾਈਆਂ ਨੂੰ ਆਪਣੇ ਮੌਲਿਕ ਅਨੁਭਵ ਰਾਹੀਂ ਨਿਖ਼ਾਰ-ਨਿਖ਼ਾਰ ਕੇ ਪੇਸ਼ ਕਰਦਾ ਹੈ। ਨਿੱਜੀ ਭਾਵਨਾਵਾਂ ਦੀ ਪ੍ਰੋੜ੍ਹਤਾ ਕਰਨ ਲਈ ਵਰਤੀਆਂ ਲੋਕ-ਸਚਾਈਆ ਸਰੋਤੇ/ਪਾਠਕ ਦੇ ਮਨ 'ਤੇ ਜਾਦੂਈ ਅਸਰ ਕਰਦੀਆਂ ਹਨ। ਮਹਿਬੂਬ ਦੀ ਗ਼ੈਰ-ਹਾਜ਼ਰੀ ਦੇ ਦਰਦ ਨੂੰ ਇਕ ਲੋਕ-ਸਚਾਈ ਰਾਹੀਂ ਇਉਂ ਪੇਸ਼ ਕੀਤਾ ਹੈ :

ਬਾਗਾਂ 'ਚੋਂ ਉੱਡ ਜਾਣ ਬਹਾਰਾਂ
ਜੇ ਨਾ ਹੋਵਣ ਮਾਲੀ

ਦਿਲਜਾਨੀ ਬਗ਼ੈਰ ਬਸ਼ਰ ਕੀਤੀ ਜਵਾਨੀ ਨੂੰ ਅਤੇ ਮਨ ਦੇ ਮਹਿਰਮ ਤੋਂ ਬਗ਼ੈਰ ਹੰਢਾਏ ਜੋਬਨ ਦੀ ਹੋਣੀ ਨੂੰ ਇਸ ਤਰ੍ਹਾਂ ਬਿਆਨਿਆਂ ਹੈ :

1. ਭੰਗ ਦੇ ਭਾੜੇ ਜਾਏ ਜਵਾਨੀ
ਜੇ ਨਾ ਰੂਪ ਹੰਢਾਈਏ...
2. ਮਨ-ਭਾਉਂਦੇ ਮਾਹੀ ਬਿਨ, ਸਮਝੋ
ਨਿੱਜ ਜਵਾਨੀ ਭੋਗੀ...

ਵੇਲੇ ਸਿਰ ਨਾ ਮਾਣੀ ਜਵਾਨੀ ਦੇ ਦਰਦੀਲੇ ਭਾਵਾਂ ਦੀ ਅਗਾਊਂ ਚੇਤਨਾ ਦਾ ਪ੍ਰਗਟਾਵਾ ਵੇਖੋ :

1. ਮਹਿਕਾਂ ਦੇਣ ਫੁੱਲ ਨਾ ਹਰੇਕ ਰੁੱਤ ਨੂੰ
ਵੇਖੀਂ ! ਲਾਰਾ ਲਾ ਦਈਂ ਨਾ ਬਿਗਾਨੇ ਪੁੱਤ ਨੂੰ...
2. ਜਾਗ ਲੱਗੇ ਤੋਂ ਬਿਨਾਂ, ਨਹੀਂ ਦਹੀਂ ਜੰਮਦੇ
ਕਦੇ ਹੁੰਦੇ ਨਾ ਕਰੁੱਤੇ ਮੇਵੇ ਕੰਮ ਦੇ...

ਅਟੱਲ ਸਚਾਈਆਂ ਵਰਗੀ ਲੋਕ-ਸਚਾਈ ਦੀ ਘਾੜਤ ਵੇਖੋ :

1. ਪੰਛੀ ਤੇ ਦਰਵੇਸ਼ ਸੁਣੀਂਦੇ
ਰਿਜ਼ਕ ਨਾ ਬੰਨ੍ਹਦੇ ਪੱਲੇ ਨੀਂ...
2. ਇਹ ਇਕ ਦਿਨ ਮਿੱਟੀ ਹੋ ਜਾਣੀ
ਜਿਹੜੀ ਹੁਣ ਦਿਸਦੀ ਚਾਂਦੀ ਐ...
3. ਜਿਹੜੀ ਦੇਹ ਦੁਰਮਟ ਹੁੰਦੀ, ਗੁੱਗੇ ਦੀ ਮਾੜੀ ਵਰਗੀ
ਰੰਨਾਂ ਕਰ ਦੇਣ ਸੁਕੀਨਾਂ, ਕੱਲਰ ਵਿਚ ਝਾੜੀ ਵਰਗੀ...

ਇਸੇ ਢੰਗ ਦੀ ਕਲਾਤਮਿਕ ਖ਼ੂਬੀ ਨਾਲ ਦੀਦਾਰ ਸੰਧੂ ਲੋਕ-ਸਿਆਣਪਾਂ ਵਰਗੀ ਵੰਨਗੀ ਇਉਂ ਸਿਰਜਦਾ ਹੈ :

1. *ਭੀੜ ਪਈ ਤੋਂ ਮਰਦ ਸਿਆਣੇ*
ਸਿਰ 'ਤੇ ਲੈਂਦੇ ਜ਼ਰ ਵੇ...
2. *ਪੀੜ ਪਰਾਹੁਣਾ ਰਹਿਣ ਸਤਾਉਂਦੇ*
ਪਰ ਜੇ ਜਾਈਏ ਡਰ ਨੀਂ...
3. *ਚੰਦ ਦੇ ਗਵਾਢ ਤਾਰਿਆਂ ਦਾ ਜ਼ੋਰ ਕੀ !...*

ਪ੍ਰੀਤਗਾਥਾਵਾਂ, ਮਿਥਿਹਾਸ ਅਤੇ ਕਿੱਸਿਆਂ ਵਿਚੋਂ ਦ੍ਰਿਸ਼ਟਾਂਤ ਸਿਰਜ ਕੇ ਤੁਲਨਾਤਮਿਕ ਵਰਨਣ ਕਰਨਾ ਉਸ ਦੀ ਕਲਾਤਮਿਕ ਪੱਖ ਤੋਂ ਵਿਲੱਖਣ ਪ੍ਰਾਪਤੀ ਹੈ। ਕਿੱਸਾਕਾਰੀ, ਮਿਥਿਹਾਸ ਤੇ ਪ੍ਰੀਤਗਾਥਾਵਾਂ ਪ੍ਰਤੀ, ਉਸ ਦੇ ਨਿੱਜੀ ਬੋਧ ਸਬੰਧੀ ਵੀ ਗੀਤਾਂ ਵਿਚੋਂ ਬਾਖ਼ੂਬੀ ਜਾਣਿਆ ਜਾ ਸਕਦਾ ਹੈ। ਜਾਨੀ ਚੋਰ ਦੇ ਕਿੱਸੇ ਵਿਚੋਂ ਉਹ ਕਿੱਸੇ ਦੀ ਗਹਿਰੀ ਸੂਝ ਰੱਖਣ ਦਾ ਪ੍ਰਮਾਣ ਇਕ ਗੀਤ ਦੇ ਨਾਟਕੀ ਅੰਤ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ :

ਝੱਟ ਸੋਚਾਂ ਵਿਚ ਡੁੱਬੀ, ਅੱਗੇ-ਪਿੱਛੇ ਝਾਤੀ ਮਾਰ
ਚੋਰੀ ਲਈ ਅੰਗੜਾਈ, ਵੇ ਮੈਂ ਅੱਜ ਪਹਿਲੀ ਵਾਰ
ਤੂੰ ਕੀ ਜਾਣੇ ! ਜਾਨੀ ਚੋਰ, ਉਹਲੇ ਖੜ੍ਹਾ ਸੀ ਦੀਦਾਰ !...

ਹੀਰ-ਰਾਂਝਾ, ਸੱਸੀ-ਪੁਨੂੰ ਅਤੇ ਸੋਹਣੀ-ਮਹੀਂਵਾਲ ਦੇ ਕਿੱਸੇ ਵਿਚਲੀ ਪ੍ਰੀਤਗਾਥਾ ਨੂੰ ਭਾਵਾਂ ਦੀ ਅਭਿਵਿਅਕਤੀ ਦਾ ਮਾਧਿਅਮ ਦੀਦਾਰ ਨੇ ਇਉਂ ਬਣਾਇਆ ਹੈ :

ਮੈਂ ਰਾਂਝੇ ਦੀ ਹੀਰ ਸਲੇਟੀ, ਜਾਂ ਪੁਨੂੰ ਦੀ ਸੱਸੀ
ਮੌਤ ਮੇਰੀ ਦਾ ਇਸ਼ਕ ਬਹਾਨਾਂ, ਪੰਡਤ ਰੇਖਾ ਦੱਸੀ
ਜਾਂ ਜਲ ਵਿਚ ਵੇ ਜਾਂ ਥਲ ਵਿਚ ਵੇ,
ਮਰਾਂ ਪਾ ਜੱਫੀਆਂ ਤੱਤੀਆਂ ਰੇਤਾਂ ਨੂੰ...

ਨਾਇਕ ਵਲੋਂ ਰਾਂਝੇ ਦੀ ਤ੍ਰਾਸਦੀ ਨਾਲ ਆਪਣੀ ਤੁਲਨਾ ਕਰਨ ਦੀ ਕਲਾ ਦਾ ਨਮੂਨਾ ਪੇਸ਼ ਹੈ :

1. *ਰਾਂਝੇ ਹੀਰ ਦੇ ਤਬੇਲੀਂ, ਗੋਹਾ ਮਿੱਧਿਆ ਬਥੇਰਾ*
ਤੇਰੇ ਪਿੱਛੇ ਲਗ, ਉਹਤੋਂ ਹਾਲ ਘੱਟ ਨਾ ਕੋਈ ਮੇਰਾ
2. *ਬਾਰਾਂ ਵਰ੍ਹੇ ਰਿਹਾ ਰਾਂਝਾ, ਮੱਝਾਂ ਚਾਰਦਾ*
ਏਹੋ ਹਾਲ ਹੋਇਆ, ਵੇਖ ਲੈ ਦੀਦਾਰ ਦਾ...

ਦੀਦਾਰ ਸੰਧੂ ਇਕ ਕਵੀ ਮਨ ਵਾਲੀ ਸਖ਼ਸ਼ੀਅਤ ਹੈ। ਕੁਝ ਖ਼ਾਸ ਸ਼ਬਦਾਂ ਨਾਲ ਉਸ ਨੂੰ ਖ਼ਾਸਾ ਲਗਾਉ ਹੈ, ਜਿਵੇਂ ਸੌਣ ਮਹੀਨਾ, ਦਾਰੂ, ਠੇਕਾ ਅਤੇ ਸੰਧੂਰੀ ਰੰਗ ਆਦਿ। ਇਥੇ ਆਪਾਂ ਸਿਰਫ਼ ਸੰਧੂਰੀ ਰੰਗ ਸ਼ਬਦ ਦੀ ਕਲਾਤਮਿਕ ਵਰਤੋਂ ਵੇਖਦੇ ਹਾਂ :

ਮੁੰਡਾ ਲੱਭ ਕੇ ਸੰਧੂਰੀ ਅੰਬ ਵਰਗਾ,
ਤੁਰੂ ਨਾ ਕਿਵੇਂ ਹਿੱਕ ਤਣ ਕੇ...

ਲੋਕ ਵੰਨਗੀ ਮਾਹੀਆ ਦੀ ਤਰਜ਼ 'ਤੇ :
ਰੰਗ ਸੁਹਣਾ ਵੇ ਸੰਧੂਰੀ ਪੱਗ ਦਾ, ਯਾਰ ਬਿਮਾਰ ਪਿਆ
ਮੇਰਾ ਤੀਆਂ 'ਚ ਨਹੀਂ ਜੀ ਲੱਗਦਾ...

ਆਸ਼ਕ ਜੋੜੇ ਦੀ ਮਿਲਣੀ ਸਮੇਂ :

ਯਾਰਾ ਵੇ, ਹੋ ਚੱਲਿਐਂ ਤੂੰ ਆਪ ਮੁਹਾਰਾ ਵੇ
ਤੁਰ ਚੱਲਿਐ ਪੈਂਦ 'ਤੇ ਬਹਿ ਕੇ
ਬਹਿ ਕੇ ਨੀਂ, ਤੈਨੂੰ ਚੰਨੀਏਂ, ਸੰਧੂਰੀ ਅੰਬ ਕਹਿ ਕੇ ਨੀਂ ਖ਼ੁਸ਼ ਕਰਦੂੰ...

ਲੋਕ-ਬੋਲੀ ਦੀ ਤਰਜ਼ 'ਤੇ :

ਬਾਰੀ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦਾ ਦਾਣਾਂ
ਉੱਤੇ ਲੈ ਕੇ ਅੰਬ-ਰਸੀਆ, ਕਿਹੜੇ ਪਿੰਡ ਮੁਕਲਾਵੇ ਜਾਣਾਂ

ਰੁਮਾਂਟਿਕ ਭਾਵਾਂ ਵਿਚ :

ਸੰਧੂਰੀ ਮੇਰੇ ਰੰਗ 'ਤੇ ਤੂੰ ਹੋ ਗਿਆ ਮੁਲੰਗ
ਵੇ ਮੈਂ ਅੰਬ ਦੀ ਸੀ ਫਾੜੀ, ਤੋਤਿਆ ਤੂੰ ਟੁੱਕ ਲਈ...
ਰੁਮਾਂਟਿਕ ਮਾਹੌਲ ਸਿਰਜਣ ਵੇਲੇ :
ਬੰਨ੍ਹ ਸੰਧੂਰੀ ਸਾਫ਼ਾ, ਆ ਕੇ ਬਹਿ ਗਿਆ ਕਜੀਆ ਪਾ ਕੇ
ਮਨ ਦਾ ਮਹਿਰਮ...

ਹੋਰ ਵੇਖੋ :

ਲੰਬ ਵਰਗਾ, ਸੰਧੂਰੀ ਅੰਬ ਵਰਗਾ
ਮੁੰਡਾ ਹਿੱਕ 'ਤੇ ਦਰਦ ਬਣ ਬਹਿ ਗਿਆ
ਹਾਲ ਓਏ ਰੱਬਾ !...

"ਪੰਜਾਬੀ ਅਖਾਣ ਅਤੇ ਮੁਹਾਵਰੇ ਪੰਜਾਬੀ ਲੋਕ-ਜੀਵਨ ਦਾ ਅਨਿੱਖੜ ਅਤੇ ਅਟੁੱਟ ਅੰਗ ਹਨ। ਪੰਜਾਬੀ ਬੋਲੀ ਦੀ ਇਹ ਜ਼ਿੰਦ-ਜਾਨ ਹਨ। ਅਖਾਣ-ਮੁਹਾਵਰੇ ਸ਼ਬਦ ਭਾਵੇਂ ਇਕੱਠਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਦੋਵਾਂ ਵਿਚ ਬੁਨਿਆਦੀ ਅੰਤਰ ਹੈ। ਅਖਾਣ ਬਾਰੇ ਕਿਹਾ ਜਾਂਦਾ ਹੈ ਕਿ ਇਹ ਇਕ ਅਜਿਹਾ ਛੋਟਾ ਪੂਰਾ ਵਾਕ ਹੁੰਦਾ ਹੈ, ਜਿਸ ਵਿਚ ਕੋਈ ਸਾਬਤ ਹੋ ਚੁੱਕੀ ਸਚਾਈ ਪੇਸ਼ ਹੁੰਦੀ ਹੈ। ਜਦੋਂ ਕਿ ਮੁਹਾਵਰਾ ਲਫ਼ਜ਼ਾਂ ਦਾ ਅਜਿਹਾ ਜੋੜ ਹੁੰਦਾ ਹੈ, ਜਿਸ ਦੇ ਅਰਥ ਕਿਸੇ ਵਿਸ਼ੇਸ਼ ਕਿਸਮ ਦੇ ਸਮਾਜਿਕ ਵਰਤਾਰੇ ਵੱਲ ਸੰਕੇਤ ਕਰਦੇ ਹਨ। ਅਖਾਣ ਲਈ ਅਖਾਉਤ, ਲੋਕੋਕਤੀ ਤੇ ਕਹਾਵਤ ਸ਼ਬਦ ਪ੍ਰਯੋਗ ਕੀਤੇ ਜਾਂਦੇ ਹਨ। ਅਖਾਣ ਲੰਬੇ ਜੀਵਨ ਤਜਰਬੇ ਦੀ ਘਾਲਣਾ ਵਿਚੋਂ ਪੈਦਾ ਹੁੰਦੇ ਹਨ ਤੇ ਜੀਵਨ ਦੀ ਦਾਨਸ਼ਵਰੀ ਕਿਸੇ ਵੀ ਅਖਾਣ ਦੀ ਰੂਹ ਜਾਨ ਹੁੰਦੀ ਹੈ। ਅਖਾਣ ਅੰਦਰ ਹਮੇਸ਼ਾ ਹੀ ਸੱਜਰੇਪਣ ਦਾ ਅਹਿਸਾਸ ਬਣਿਆ ਰਹਿੰਦਾ ਹੈ।

ਮੁਹਾਵਰਾ ਆਮ ਬੋਲ-ਚਾਲ ਦੀ ਚੀਜ਼ ਹੁੰਦਾ ਹੈ। ਮੁਹਾਵਰੇ ਆਮ ਬੋਲ-ਚਾਲ ਵਿਚ ਇਸ ਲਈ ਵੀ ਪ੍ਰਯੋਗ ਹੁੰਦੇ ਹਨ ਕਿ ਇਨ੍ਹਾਂ ਦੇ ਪ੍ਰਯੋਗ ਬਿਨਾਂ ਹੋਰ ਕੋਈ ਇਕੱਲਾ ਕਾਰਾ ਸ਼ਬਦ ਉਸ ਭਾਵਨਾ ਨੂੰ ਪ੍ਰਗਟ ਨਹੀਂ ਕਰ ਸਕਦਾ। ਮੁਹਾਵਰਾ ਜ਼ੋਰਦਾਰ ਢੰਗ ਨਾਲ ਭਾਸ਼ਾ ਨੂੰ ਬਲ ਪ੍ਰਦਾਨ ਕਰਦਾ ਹੈ। ਪਰ ਅਖਾਣਾਂ ਦਾ ਸਬੰਧ ਸਮਾਜ ਦੀ ਪ੍ਰਵਾਨਿਤ ਅਤੇ ਪ੍ਰਮਾਣਿਕ ਸਚਾਈ ਨੂੰ ਪ੍ਰਗਟ ਕਰਨਾ ਹੁੰਦਾ ਹੈ।

ਮੁਹਾਵਰੇ ਦੀ ਉੱਤਪਤੀ ਅਖਾਣ ਨਾਲੋਂ ਵਧੇਰੇ ਸਹਿਜਤਾ ਨਾਲ ਹੋ ਜਾਂਦੀ ਹੈ। ਮੁਹਾਵਰੇ ਨੂੰ ਅਖਾਣ ਵਾਂਗ ਲੰਬੀ ਚੌੜੀ ਪਰੰਪਰਾ ਦੀ ਕਸਵੱਟੀ ਵਿਚੋਂ ਨਹੀਂ ਲੰਘਣਾ ਪੈਂਦਾ। ਕਈ ਵਾਰ ਮੁਹਾਵਰੇ, ਸਹਿਜੇ-ਸਹਿਜੇ ਜੀਵਨ ਚਾਲ ਵਿਚੋਂ ਲੋਕ ਖ਼ੁਦ ਤਰਾਸ਼ ਲੈਂਦੇ ਹਨ। ਮੁਹਾਵਰੇ ਦੇ ਵਿਪਰੀਤ ਅਖਾਣ ਦਾ ਅਰਥ-ਖੇਤਰ ਵਧੇਰੇ ਵਿਸ਼ਾਲ ਹੁੰਦਾ ਹੈ। ਅਖਾਣ ਕਿਸੇ ਨਿਸਚਿਤ ਵਰਤਾਰੇ ਅੰਦਰਲੀ ਪ੍ਰਮੁੱਖ ਤੇ ਠੋਸ ਸਚਾਈ ਨੂੰ ਪੇਸ਼ ਕਰਦੇ ਹਨ। ਇਹ ਸੱਚ ਲੰਬੇ ਤਜਰਬੇ ਵਿਚੋਂ ਲੰਘਿਆ ਤੇ ਲੋਕਾਂ ਦੁਆਰਾ ਪ੍ਰਵਾਨਿਤ ਸੱਚ ਹੁੰਦਾ ਹੈ। ਸਮਾਜਿਕ ਤਬਦੀਲੀ ਨਾਲ ਇਹ ਬਦਲ ਵੀ ਸਕਦਾ ਹੈ।"[11]

"ਅਖਾਣ ਤੇ ਮੁਹਾਵਰੇ ਲੋਕਾਂ ਦੇ ਸਦੀਆਂ ਤੋਂ ਕਮਾਏ ਹੋਏ ਤਜਰਬੇ ਅਤੇ ਜੀਵਨ ਦੀਆਂ ਅਟੱਲ ਸਚਾਈਆਂ ਨੂੰ ਲੋਕਾਂ ਅੱਗੇ ਉਘਾੜ ਕੇ ਪੇਸ਼ ਕਰਦੇ ਹਨ। ਇਹ ਬੇਸ਼ਕੀਮਤੀ ਹੀਰੇ ਮੋਤੀਆਂ ਦੀਆਂ ਲੜੀਆਂ ਹਨ, ਜਿਨ੍ਹਾਂ ਵਿਚ ਜੀਵਨ ਤੱਤ ਪਰੋਏ ਹੋਏ ਹਨ। ਹਰ ਮਨੁੱਖ ਆਪਣੀ ਬੋਲ-ਚਾਲ ਵਿਚ ਹਰ ਰੋਜ਼ ਅਖਾਣ, ਮੁਹਾਵਰੇ ਤੇ ਲੋਕ-ਸਿਆਣਪਾਂ ਦਾ ਇਸਤੇਮਾਲ ਕਰਦਾ ਹੈ। ਇਹ ਉਸ ਦੇ ਵਿਚਾਰਾਂ ਅਤੇ ਉਸ ਦੀ ਸਿਆਣਪ ਦੀ ਪ੍ਰੌੜ੍ਹਦਾ ਕਰਦੇ ਪ੍ਰਤੀਤ ਹੁੰਦੇ ਹਨ।"[12]

ਜਿਥੇ ਦੀਦਾਰ ਸੰਧੂ ਪੰਜਾਬੀ ਲੋਕ-ਧਾਰਾ ਦੇ ਹੋਰ ਤੱਤਾਂ ਦੀ ਭਰਪੂਰ ਜਾਣਕਾਰੀ ਰੱਖਦਾ ਹੈ, ਉਥੇ ਉਹ ਪੰਜਾਬੀ ਸਾਹਿਤ ਦੀ ਸਿਆਣਪਾਂ ਨਾਲ ਭਰੀ ਕਲਾ ਦੀ ਪਟਾਰੀ ਵਿਚੋਂ ਅਖਾਣ ਅਤੇ ਮੁਹਾਵਰੇ ਚੁਣ ਕੇ ਆਪਣੇ ਗੀਤਾਂ ਨੂੰ ਸੂਖ਼ਮ ਅਤੇ ਸੁੰਦਰ ਬਣਾਉਂਦਾ ਹੈ। ਭਾਵਾਂ ਦੀ ਗਹਿਰਾਈ ਨੂੰ ਤੀਖਣ ਕਰਨ ਲਈ, ਵਿਚਾਰਾਂ ਦੀ ਮੌਲਿਕਤਾ ਨੂੰ ਪ੍ਰਮਾਣ ਬਣਾ ਕੇ ਪੇਸ਼ ਕਰਨ ਲਈ, ਆਮ ਜੀਵਨ ਵਿਚੋਂ ਉਹ ਮੌਲਿਕ ਮੁਹਾਵਰੇ ਪੜ੍ਹਨ ਦੀ ਅਥਾਹ ਸਮਰੱਥਾ ਰੱਖਦਾ ਹੈ। ਬਾਕੀ ਗੀਤਕਾਰਾਂ ਨਾਲੋਂ ਦੀਦਾਰ ਸੰਧੂ ਦੀ ਕਲਾਤਮਿਕ ਖ਼ੂਬੀ ਇਹ ਹੈ ਕਿ ਅਧੂਰਾ ਅਖਾਣ ਵਰਤ ਕੇ ਉਹ, ਪੂਰੇ ਅਖਾਣ ਦਾ ਸੰਪੂਰਨ ਅਰਥ-ਸੰਚਾਰ ਬੜੇ ਹੀ ਕਲਾਮਈ ਢੰਗ ਨਾਲ ਕਰ ਸਕਦਾ ਹੈ। ਅਸ਼ੋਭਨੀਯ ਸ਼ਬਦਾਂ ਨੂੰ ਅਬੋਲ (ਚੁੱਪ) ਰੱਖ ਕੇ ਸ਼ੋਭਨੀਕ ਭਾਵਾਂ ਦਾ ਸੰਚਾਰ ਕਰਨਾ ਵੀ ਉਹਦੀ ਮੌਲਿਕਤਾ ਦਾ ਪ੍ਰਮਾਣ ਹੈ।

ਆਖਦੇ ਹਨ, ਅਖਾਣਾਂ ਵਿਚ ਭਾਵ ਨੂੰ ਕਿਸੇ ਕਲਾਮਈ ਵਿਉਂਤ ਨਾਲ, ਸੁਹਜ ਭਰੇ, ਘੱਟ ਤੋਂ ਘੱਟ ਸ਼ਬਦਾਂ ਵਿਚ, ਕਿਸੇ ਗੱਲ ਨੂੰ ਅਜਿਹੇ ਸੰਜਮ ਵਿਚ ਬੰਨ੍ਹਿਆਂ ਜਾਂਦਾ ਹੈ ਕਿ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਸਮਝ ਆ ਜਾਵੇ ਤੇ ਸੁਹਜ ਵੀ ਕਾਇਮ ਰਹੇ। ਦੀਦਾਰ ਸੰਧੂ ਸਥਿਤੀ ਦੀ ਵਿਲੱਖਣਤਾ ਨੂੰ ਰੂਪਮਾਨ ਕਰਦੇ ਹੋਏ ਅਖਾਣ ਦੀ ਵਰਤੋਂ ਇਉਂ ਕਰਦਾ ਹੈ :

ਵਿਆਹ ਮੁਕਲਾਵੇ ਲੱਖਾਂ ਵੇਖੇ, ਪਰ ਨਾ ਹੱਥੋਂ-ਪਾਈ
ਜਿਵੇਂ ਦੀਦਾਰ ਕੋਈ ਸੱਤ ਬਿਗਾਨਾ, ਬਹਿਗੀ ਛੇੜ ਲੜਾਈ...

'ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ' ਅਖਾਣ ਨੂੰ ਉਸ ਨੇ ਆਪਣੀ ਕਲਮ ਦੀ ਕਲਾਤਮਿਕ ਛੋਹ ਦੇ ਕੇ ਅਧੂਰੇ ਅਖਾਣ ਦੀ ਵਰਤੋਂ ਰਾਹੀਂ ਪੂਰੇ ਅਖਾਣ ਦੇ ਅਰਥ ਨੂੰ ਇਉਂ ਸੰਚਾਰਿਆ ਹੈ :

ਜੋ ਪਿਆਰ ਤੇਰੇ ਨਾਲ ਕਰਦਾ ਨੀ
ਉਹ ਘਾਟ ਅਤੇ ਨਾ ਘਰ ਦਾ ਨੀ...

'ਕਿਥੇ ਰਾਜਾ ਭੋਜ, ਕਿਥੇ ਗੰਗੂ ਤੇਲੀ' ਅਖਾਣ ਦੀ ਵਰਤੋਂ ਉਹ ਅਖਾਣ ਦੀ ਸੂਖ਼ਮਤਾ ਬਰਕਰਾਰ ਰੱਖਦੇ ਹੋਏ ਕਰਦਾ ਹੈ :

ਕਿਥੇ ਰਾਜਾ ਭੋਜ, ਕਿਥੇ ਗੰਗੂ, ਤੇਲੀ ਜ਼ਾਤ ਦਾ
ਪੈ ਗਿਆ ਫਰਕ ਬਿਲੋਂ, ਦਿਨ ਅਤੇ ਰਾਤ ਦਾ
ਤੇਰਾ ਨਾਂ ਲੈ ਦੀਦਾਰ ਹੌਕੇ ਭਰਦਾ...

ਲੋਕ-ਵਿਸ਼ਵਾਸ ਅਧੀਨ ਪੰਜਾਬੀ ਜਨ-ਜੀਵਨ ਵਿਚ ਅਨੇਕਾਂ ਕਹਾਵਤਾਂ ਪ੍ਰਚੱਲਿਤ ਹਨ। ਜਿਥੇ ਅਣਜੋੜ ਜਾਂ ਬੇਮੇਲ ਪਤੀ-ਪਤਨੀ ਦੇ ਜੋੜੇ ਲਈ 'ਜੋੜੀਆਂ ਜੱਗ ਥੋੜ੍ਹੀਆਂ...' ਅਖਾਣ ਰਾਹੀਂ ਬਿਆਨ ਕੀਤਾ ਜਾਂਦਾ ਹੈ ਉਥੇ ਸੁਜੋੜ ਜਾਂ ਪਤੀ-ਪਤਨੀ ਦੇ ਵਧੀਆ ਜੋੜੇ ਲਈ ਕਿਹਾ ਜਾਂਦਾ ਹੈ ਕਿ 'ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ।' ਦੀਦਾਰ ਸੰਧੂ ਦੇ ਦੁਗਾਣੇ ਦਾ ਨਾਇਕ ਵਧੀਆ ਤੇ ਸੁਘੜ ਪਤਨੀ ਨਾਲ ਜੋੜ ਹੋਣ ਉੱਤੇ ਇਸੇ ਅਖਾਣ ਰਾਹੀਂ ਮਾਣ ਕਰਦਾ ਹੋਇਆ ਆਖਦਾ ਹੈ :

ਚਿੱਟੇ ਚੌਲ ਜੀਹਦੇ ਪੱਲੇ ਪਾਏ ਜੱਟ ਨੇ
ਕੋਲ ਬਹਿ ਕੇ ਲੇਖ ਲਿਖਵਾਏ ਜੱਟ ਨੇ...

ਇਹ ਵੀ ਦੀਦਾਰ ਸੰਧੂ ਦੇ ਕਲਾ-ਪੱਖ ਦੀ ਅਹਿਮੀਅਤ ਹੈ ਕਿ ਉਹ ਸਥਾਪਿਤ ਮੁਹਾਵਰਿਆਂ/ਅਖਾਣਾ ਦੇ ਸੰਭਾਵੀ ਅਤੇ ਸਮ-ਵਿੱਥ ਮੁਹਾਵਰੇ/ਅਖਾਣ ਘੜ੍ਹ ਲੈਂਦਾ ਹੈ। ਪ੍ਰਚੱਲਿਤ ਅਖਾਣ ਹੈ 'ਅਮੀਰ ਦੀ ਮਰਗੀ ਕੁੱਤੀ, ਉਹ ਹਰ ਕਿਸੇ ਪੁੱਛੀ, ਗ਼ਰੀਬ ਦੀ ਮਰਗੀ ਮਾਂ, ਉਹਦਾ ਕਿਸੇ ਨਾ ਲਿਆ ਨਾਂ' ਇਸ ਦੇ ਬਰਾਬਰ ਰੱਖ ਕੇ ਦੀਦਾਰ ਸੰਧੂ ਦੇ ਦੁਗਾਣੇ ਵਿਚਲਾ ਅਖਾਣ ਵੇਖੀਏ :

ਮਰ ਜਾਏ ਕਤੂਰਾ ਲੁੱਚੇ ਦਾ, ਸਾਰਾ ਪਿੰਡ ਸੋਗ ਮਨਾਉਂਦਾ ਹੈ
ਪਰ ਜਿਸ ਦਿਨ ਲੁੱਚਾ ਮਰ ਜਾਂਦਾ, ਕੋਈ ਘਰ ਵਿਚ ਪੈਰ ਨਾ ਪਾਉਂਦਾ ਹੈ।

ਇਸ ਤਰ੍ਹਾਂ 'ਹੱਸਦਿਆਂ ਦੇ ਘਰ ਵਸਦੇ' ਅਖਾਣ ਦੇ ਸਮ-ਵਿੱਥ ਉਸ ਦਾ ਇਹ ਅਖਾਣ ਵੇਖੋ :

ਦਿਲ ਪਰਚਾਉਣ, ਖ਼ੁਸ਼ ਰਹਿਣ ਨਾਲੋਂ, ਸੁਣਿਆ ਮੈਂ
ਚੰਗੀਆਂ ਨਾ ਹੋਰ ਕੋਈ ਖ਼ੁਰਾਕਾਂ...

ਇਕ ਹੋਰ ਵੰਨਗੀ ਪੇਸ਼ ਹੈ 'ਕੀੜੀ ਦੀ ਮੌਤ ਆਉਂਦੀ ਹੈ ਤਾਂ ਉਸ ਨੂੰ ਖੰਭ ਨਿਕਲ ਆਉਂਦੇ ਹਨ' ਦੇ ਸਮ-ਵਿੱਥ ਇਹ ਬੋਲ :

ਸੌਣ ਦੇ ਮਹੀਨੇ ਹੁੰਦੀ ਮਾਰ ਬੱਲੀਏ
ਸੁੱਤਾ ਪਿਆ ਜਾਗਦਾ ਪਿਆਰ ਬੱਲੀਏ
ਕੀੜਿਆਂ ਨੂੰ ਖੰਭ ਲੱਗ ਜਾਂਦੇ, ਸੜ ਜਾਂਦੇ
ਝੱਟ ਮਾਰ ਕੇ ਸ਼ਮ੍ਹਾਂ ਦੇ ਵਿਚ ਛਾਲ...

ਸਮਾਜ ਵਿਚ ਅਮੀਰ-ਗ਼ਰੀਬ ਦੇ ਪਾੜੇ ਨੂੰ ਸੰਕੇਤਕ ਢੰਗ ਨਾਲ ਅਖਾਣ ਰਾਹੀਂ ਦਰਸਾਉਣਾ ਸੂਝਵਾਨ ਤੇ ਹੰਢੇ ਹੋਏ ਬਜ਼ੁਰਗਾਂ ਦੀ ਅਨਮੋਲ ਦੇਣ ਹੈ। ਅਖਾਣ ਹੈ 'ਗਰੀਬ ਦੀ ਜ਼ੋਰੂ, ਜਣੇ-ਖਣੇ ਦੀ ਭਾਬੀ'।

ਦੀਦਾਰ ਲਿਖਦਾ ਹੈ :

ਸਭ ਫਿਰਦੇ ਲੋਕ ਸ਼ਰਾਬੀ ਵੇ, ਤਕੜੇ ਦੀ ਵਹੁਟੀ ਬੀਬੀ ਜੀ,
ਮਾੜੇ ਦੀ, ਸਭ ਦੀ ਭਾਬੀ ਵੇ...

ਜਦੋਂ ਕਿਸੇ ਇਕ ਧਿਰ ਨੂੰ ਕਸੂਰਵਾਰ ਠਹਿਰਾਇਆ ਜਾਵੇ ਤਾਂ ਸਹੀ ਇਨਸਾਫ਼ ਕਰਨ ਲਈ ਅਖਾਣ ਰਾਹੀਂ ਇਹ ਸੰਕੇਤ ਹੁੰਦਾ ਹੈ ਕਿ 'ਤਾੜੀ ਦੋਹੀਂ ਹੱਥੀਂ ਵੱਜਦੀ ਹੈ'। ਬਜ਼ੁਰਗਾਂ ਵਾਂਗ ਆਪਣੀ ਗੱਲ ਸੰਕੇਤਕ ਅਤੇ ਤੁਲਨਾਤਮਿਕ ਢੰਗ ਨਾਲ ਕਰਨ ਵਾਲਾ ਗੀਤਕਾਰ ਦੀਦਾਰ ਸੰਧੂ ਲਿਖਦਾ ਹੈ :

ਕਹਿੰਦੇ ਜੋ ਲੋਕ ਸਿਆਣੇ, ਉਨ੍ਹਾਂ ਦੀਆਂ ਕਿਹੜਾ ਜਾਣੇ !
ਭਾਵੇਂ ਵੱਜਦੀ ਦੁਹੱਥੜੀਂ ਤਾੜੀ, ਦੋਸ਼ ਦਿੰਦੇ ਮੁੰਡਿਆਂ ਨੂੰ
ਯਾਰੀ ਪਿੰਡ ਦੀ ਕੁੜੀ ਦੇ ਨਾਲ ਮਾੜੀ...

ਲੋਕ-ਅਖਾਣ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਦਰਸਾਉਂਦੇ ਹਨ। ਪੇਂਡੂ ਕਿਸਾਨਾਂ ਦੇ ਮੌਸਮ, ਖੇਤੀ, ਪਸ਼ੂਆਂ, ਫਸਲਾਂ ਆਦਿ ਬਾਰੇ ਜ਼ਿੰਦਗੀ ਵਿਚ ਸਹਿਜ-ਸੁਭਾ ਵੀ ਅਖਾਣ ਉਪਜਦੇ ਰਹਿੰਦੇ ਹਨ। ਜਦੋਂ ਪੰਜਾਬ ਅਤੇ ਇਸ ਦੇ ਨਾਲ ਲਗਦੇ ਖੇਤਰ ਵਿਚ ਅਮਰੀਕਨ ਗਾਂਈਆਂ (ਗਾਵਾਂ) ਨੂੰ ਵਧੇਰੇ ਕਰ ਕੇ ਟੀਕਿਆਂ ਰਾਹੀਂ ਗਰਭ-ਧਾਰਣ ਕਰਵਾਇਆ ਜਾਣ ਲੱਗ ਪਿਆ ਤਾਂ ਸਥਾਨਕ ਲੋਕਾਂ ਦੇ ਲੋਕ-ਮਨ ਨੇ ਇਕ ਅਖਾਣ ਘੜਿਆ 'ਅਮਰੀਕਨ ਗਾਵਾਂ ਦੇ ਟੀਕਲ ਵੱਛੇ'। ਲੰਬੇ ਤਜਰਬੇ ਦੀ ਸਹਿਜ ਉਪਜ ਵਿਚੋਂ ਨਿਕਲੇ ਅਖਾਣ ਜਿਥੇ ਸਹਿਜ ਜੀਵਨ ਦੇ ਹੋਰ ਪੱਖਾਂ ਨਾਲ ਸਬੰਧਿਤ ਹੁੰਦੇ ਹਨ, ਉਥੇ ਮੁਹੱਬਤ ਤੇ ਪ੍ਰੇਮੀ-ਪ੍ਰੇਮਿਕਾ ਦੇ ਇਸ਼ਕ ਸਬੰਧੀ ਵੀ ਸੂਖ਼ਮ ਸੰਵੇਦਨਾ ਰਾਹੀਂ ਪੇਸ਼ ਹੁੰਦੇ ਹਨ। ਲੋਕ-ਅਖਾਣ ਹੈ 'ਮਨ ਦਾ ਮਹਿਰਮ ਕੋਈ ਨਾ ਮਿਲਿਆ ਜੋ ਮਿਲਿਆ ਸੋ ਗਰਜ਼ੀ'। ਦੀਦਾਰ ਸੰਧੂ ਨੇ ਇਨ੍ਹਾਂ ਹੀ ਭਾਵਾਂ ਵਾਲਾ ਅਖਾਣ ਇਸ ਤਰ੍ਹਾਂ ਸਿਰਜਿਆ ਹੈ :

ਚੋਰ ਹੁਸਨ ਦੇ ਫਿਰਨ ਬਥੇਰੇ, ਪਰ ਮੇਰੇ ਮਨ ਦੇ ਮਹਿਰਮ ਬਾਝੋਂ
ਕੌਣ ਦੇਵੇ ਦਿਲਬਰੀਆਂ, ਕਿਸਮਤਾਂ ਸੜੀਆਂ...

ਇਸ ਤੋਂ ਇਲਾਵਾ ਦੀਦਾਰ ਸੰਧੂ ਨੇ ਕੁਝ ਅਖਾਣਾ ਨੂੰ ਤਕਰੀਬਨ ਮੂਲ-ਰੂਪ ਵਾਂਗ ਹੀ ਇਸਤੇਮਾਲ ਕੀਤਾ ਹੈ। ਜਿਵੇਂ ਅਖਾਣ 'ਕਲ੍ਹਾ-ਕਲੰਦਰ ਵੱਸੇ, ਤੇ ਘੜਿਉਂ ਪਾਣੀ ਨੱਸੇ' ਨੂੰ ਉਹ ਆਪਣੇ ਦੁਗਾਣੇ ਦਾ ਸ਼ਿੰਗਾਰ ਬਣਾਉਂਦਾ ਹੈ :

ਘਰ ਕਲ੍ਹਾ-ਕਲੰਦਰ ਵੱਸੇ ਨੀ, ਫਿਰ ਘੜਿਉਂ ਪਾਣੀ ਨੱਸੇ ਨੀ...
ਇਸੇ ਤਰ੍ਹਾਂ 'ਸੱਪ ਵੀ ਮਰਜੇ, ਸੋਟੀ ਵੀ ਨਾ ਟੁੱਟੇ' ਦੀ ਵਰਤੋਂ ਵੇਖੋ :
ਸੱਪ ਮਰ ਜਾਏ ਲਾਠੀ ਨਾ ਟੁੱਟੇ
ਕੋਈ ਐਸੀ ਜੁਗਤ ਬਣਾ ਅੜਿਆ...

"ਲੋਕ-ਸਿਆਣਪਾਂ ਅਖਾਣ ਅਤੇ ਮੁਹਾਵਰੇ" ਪੁਸਤਕ ਦੇ ਕਰਤਾ ਸੁਖਦੇਵ ਮਾਦਪੁਰੀ ਮੁਤਾਬਿਕ 'ਲੱਭੀ ਚੀਜ਼ ਖ਼ੁਦਾ ਦੀ, ਨਾ ਧੇਲੇ ਨਾ ਪਾ ਦੀ' ਲੋਕ ਅਖਾਣ ਵਿਚ ਜਦੋਂ ਬੱਚਿਆਂ ਨੂੰ ਕਿਧਰੇ ਪਈ ਕੋਈ ਚੀਜ਼ ਲੱਭ ਜਾਏ ਤਾਂ ਉਸ 'ਤੇ ਆਪਣਾ ਹੱਕ ਦੱਸਣ ਲਈ ਇਹ ਆਖਦੇ ਹਨ ਕਿ ਇਹ ਤਾਂ ਰੱਬ ਨੇ ਘੱਲੀ ਹੈ। ਇਸ ਕਰ ਕੇ ਉਸ ਦੀ ਹੈ।"[13] ਇਸੇ ਅਖਾਣ ਨੂੰ ਇਨ੍ਹਾਂ ਹੀ ਭਾਵਾਂ ਲਈ ਵਰਤ ਕੇ ਦੀਦਾਰ ਸੰਧੂ ਦਿਉਰ-ਭਾਬੀ ਦਾ ਸੰਵਾਦ ਪੇਸ਼ ਕਰਦਾ ਹੈ :

ਦਿਉਰ :

ਲੱਭੀ ਚੀਜ਼ ਖ਼ੁਦਾ ਦੀ, ਨਾ ਧੇਲੇ ਦੀ ਨਾ ਪਾ ਦੀ
ਮੁੰਦੀ ਤੇਰੀ ਮੋੜ ਦਿਆਂ, ਜੇ ਗੱਲ ਕਰੇ ਤੂੰ ਰਾਹ ਦੀ...
ਇਸੇ ਪਹਿਰੇ ਵਿਚ ਦੂਜਾ ਅਖਾਣ ਇੰਜ ਫਿਟ ਕੀਤਾ ਹੈ
ਸੌ ਹੱਥ ਰੱਸਾ ਗੰਢ ਸਿਰੇ 'ਤੇ, ਗੱਲ 'ਚ ਨਾ ਵਲ ਪੇਚ ਨੀ
ਮੁੰਦੀ ਨਾ ਤੇਰੀ ਮੋੜਨੀ, ਆਗੀ ਸਾਡੇ ਮੇਚ ਨੀ...

'ਚੋਰੀ ਦਾ ਗੁੜ ਮਿੱਠਾ...' ਵਾਲੇ ਅਖਾਣ ਰਾਹੀਂ ਚੋਰੀ ਇਸ਼ਕ ਲੜਾਉਣ ਦੇ ਸਬੰਧ ਵਿਚ ਗੀਤਕਾਰ ਨੇ ਮਹਿਬੂਬ ਦੇ ਮੂੰਹੋਂ ਇਹ ਅਖਵਾਇਆ ਹੈ :

ਕੀ ਫਾਇਦਾ ਸ਼ੱਕਰ ਭੋਰੀ ਦਾ, ਗੁੜ ਮਿੱਠਾ ਹੁੰਦਾ ਚੋਰੀ ਦਾ
ਤੂੰ ਚੋਰਾਂ ਵਾਂਗੂੰ ਭੋਰ-ਭੋਰ ਕੇ, ਖਾ ਲਿਆ ਕਰ ਮੈਨੂੰ...

ਗੱਲ ਨੂੰ ਸਮਝਣ ਸਮਝਾਉਣ ਤੋਂ ਇਲਾਵਾ ਅਖਾਣ, ਕਿਸੇ ਘਟਨਾ, ਸਥਿਤੀ ਜਾਂ ਵਰਤਾਰੇ ਕਾਰਣ ਵਾਪਰੀ ਤ੍ਰਾਸਦੀ ਸਬੰਧੀ ਮਨ ਸਮਝਾਉਣ ਦਾ ਵਸੀਲਾ ਵੀ ਬਣਦੇ ਹਨ। ਆਸ਼ਕ-ਮਾਸੂਕ ਵਿਛੋੜੇ ਤੋਂ ਬਾਅਦ ਇਹ ਕਹਿ ਕੇ ਮਨ ਨੂੰ ਤਸੱਲੀ ਦਿੰਦੇ ਹਨ :

ਚੱਲ, ਜਿੰਨੀ ਨ੍ਹਾਤੀ ਓਨਾਂ ਹੀ ਪੁੰਨ, ਕਹਿ ਕੇ ਡੰਗ ਟਪਾ ਲਈਏ
ਪਤੀ ਹੁੰਦੈ ਪਰਮੇਸ਼ਰ, ਉਸ ਦੇ ਸਾਹਾਂ ਦੇ ਵਿਚ ਸਾਹ ਲਈਏ...

ਪੰਜਾਬੀ ਜੀਵਨ ਵਿਚ ਸਾਕਾਚਾਰੀ ਅਤੇ ਭਾਈਚਾਰੇ ਦਾ ਖ਼ਾਸ ਮਹੱਤਵ ਹੈ। ਇਸ ਲਈ ਪੰਜਾਬੀ ਬੰਦਾ ਆਪਣਿਆਂ ਹੱਥੋਂ ਮਰ ਜਾਣ ਨੂੰ, ਬਿਗਾਨੇ ਹੱਥੋਂ ਮਰਨ ਨਾਲੋਂ ਠੀਕ ਸਮਝਦਾ ਹੈ। ਜਦੋਂ ਅਜਿਹੀ ਸਥਿਤੀ ਬਣਦੀ ਹੈ ਤਾਂ ਉਹ ਆਖਦਾ ਹੈ,

'ਆਪਣਾ ਮਾਰੂ ਤਾਂ ਛਾਵੇਂ ਸਿੱਟੂ'। ਸਾਂਝੇ-ਪਰਿਵਾਰ ਦੀ ਪ੍ਰੌੜ੍ਹਤਾ ਕਰਦਾ ਦੀਦਾਰ ਸੰਧੂ ਇਸ ਅਖਾਣ ਦੀ ਵਰਤੋਂ ਇਸ ਤਰ੍ਹਾਂ ਕਰਦਾ ਹੈ :

ਪਤੀ, ਪਤਨੀ ਨੂੰ :

ਜਿਹੜਾ ਆਪਣਾ ਹੋਊ, ਆਪਣੇ ਨੂੰ ਹਾਂ ਕਰ ਜਾਊ
ਕਿਤੇ ਮਾਰ ਕੇ ਵੀ ਸਿੱਟੂ ਤਾਂ ਵੀ, ਛਾਂ ਕਰ ਜਾਊ
ਉਹਨੂੰ ਪੇਕਿਆਂ ਦੀ ਹੋਣੀ, ਚੱਕ-ਥੱਲ ਬੱਲੀਏ
ਬੋਲੇ ਜੇਠਤਾਂ ਹਮੇਸ਼ਾ...

ਮੁੱਲਵਾਨ ਚੀਜ਼ ਨੂੰ ਸੰਭਾਲ ਕੇ ਰੱਖਣ ਦੀ ਤਾਕੀਦ ਕਰਦਾ ਪੰਜਾਬੀ ਬਜ਼ੁਰਗ ਸੰਕੇਤ ਦਿੰਦਾ ਹੈ, 'ਜਿਹੜਾ ਸਾਈਆਂ ਨੂੰ ਪਿਆਰਾ, ਓਹੀ ਚੋਰਾਂ ਨੂੰ'। ਪ੍ਰੇਮੀ ਆਪਣੀ ਪ੍ਰੇਮਿਕਾ ਦੀ ਖ਼ੂਬਸੂਰਤੀ ਦੀ ਤਾਰੀਫ਼ ਕਰਦਾ ਉਸ ਨੂੰ ਇਸੇ ਪ੍ਰਕਾਰ ਦਾ ਸੰਕੇਤ ਇਉਂ ਦਿੰਦਾ ਹੈ :

ਪੈਰੀਂ ਝਾਂਜਰਾਂ, ਵੀਣੀ 'ਚ ਗੋਲ ਗਜ਼ਰੇ,
ਨੀ ਆਉਂਦੀ-ਜਾਂਦੀ ਲੰਘੇ ਨੱਚ ਕੇ
ਜਿਹੜਾ ਸਾਈਆਂ ਨੂੰ ਪਿਆਰਾ,
ਉਹੀਓ ਚੋਰਾਂ ਨੂੰ, ਨਜ਼ਰਾਂ ਤੋਂ ਰਹੀਏ ਬੱਚ ਕੇ...

ਦੋਚਿੱਤੀ ਦੀ ਅਵਸਥਾ ਨੂੰ ਪ੍ਰਗਟਾਉਂਦਾ ਅਖਾਣ ਹੈ 'ਸੱਪ ਦੇ ਮੂੰਹ 'ਚ ਕਿਰਲੀ, ਛੱਡੇ ਤਾਂ ਕਲੰਕੀ, ਖਾਵੇ ਤਾਂ ਕੋਹੜੀ'। ਸਮਾਜਿਕ ਬੰਧਨਾ ਤੋਂ ਖੌਫ਼ ਖਾਂਦੀ ਮਾਸ਼ੂਕ ਆਪਣੇ ਆਸ਼ਕ ਕੋਲ ਆਪਣੀ ਬੇਵਸੀ ਜ਼ਾਹਿਰ ਕਰਦੀ ਆਖਦੀ ਹੈ :

ਉਮਰ ਨਿਆਣੀ ਵਿਚ ਮੈਂ ਰਸ ਗਈ ਵੇ ਚੰਨਾਂ
ਦਿਨਾਂ ਵਿਚ ਹੋਗੀ ਮੁਟਿਆਰ
ਛੱਡਾਂ ਤੇ ਕਲੰਕੀ, ਜੇ ਮੈਂ ਖਾਵਾਂ ਕੋਹੜੀ ਹੋਵਾਂ
ਜਿੰਦ ਸੱਪ ਵਾਂਗੂੰ ਫਸੀ ਵਿਚਕਾਰ...

ਉਪਰੋਕਤ ਅਖਾਣਾ ਤੋਂ ਇਲਾਵਾ ਦੀਦਾਰ ਸੰਧੂ ਮੌਲਿਕ ਅਖਾਣ ਘੜ੍ਹਨ ਦੀ ਸਮਰੱਥਾ ਵਾਲਾ ਗੀਤਕਾਰ ਹੈ। ਉਸ ਦੀਆਂ ਕਈ ਕਾਵਿ-ਪੰਕਤੀਆਂ ਅਖਾਣ ਅਖਵਾਉਣ ਦੀ ਸ਼ਕਤੀ ਰੱਖਦੀਆਂ ਹਨ। ਆਉ ਵੇਖੀਏ ਉਸ ਦੀ ਕਲਾਤਮਿਕ ਖ਼ੂਬੀ :

1. *ਬਾਗਾਂ 'ਚੋਂ ਉੱਡ ਜਾਣ ਬਹਾਰਾਂ, ਜੇ ਨਾ ਹੋਵਣ ਮਾਲੀ...*
2. *ਜਾਂਦੇ ਨੇ ਤਿੜਕ ਅਨਾਰ ਜਦੋਂ, ਟਾਹਣੀ ਫਿਰ ਝਲਦੀ ਭਾਰ ਕਦੋਂ !*
3. *ਕਲੀਆਂ ਦੀ ਜਦ ਮਹਿਕ ਖਿੰਡੇ, ਤਾਂ ਨਾਗ ਮਸਤ ਹੋ ਜਾਂਦੇ*
   ਜਾਂ ਉਹ ਕੀਲ ਪਟਾਰੀ ਪੈਂਦੇ, ਜਾਂ ਜੋਗੀ ਕੁਰਲਾਂਦੇ...
4. *ਹਰ ਕੋਈ ਦਿਨ-ਪੁਰ-ਰਾਤ ਸਫ਼ਰ ਕਰ, ਸੰਗਮ ਵੱਲ ਨੂੰ ਜਾਵੇ...*
5. *ਲੜ ਲਗੀ ਨੂੰ ਅਖ਼ੀਰ ਗਲ ਲਾਈਦਾ ਵੇ...*
6. *ਜਾਗ ਲੱਗੇ ਤੋਂ ਬਿਨਾ ਨਾ ਦਹੀਂ ਜੰਮਦੇ, ਕਦੇ ਹੁੰਦੇ ਨਾ ਕਰੁੱਤੇ ਮੇਵੇ ਕੰਮਦੇ*

ਸਿੱਧੇ ਤੌਰ 'ਤੇ ਲੋਕ-ਮਨ ਵਿਚਲੇ ਜਜ਼ਬਾਤਾਂ ਨੂੰ ਟੁੰਬਣ ਦੀ ਕਲਾਤਮਿਕ ਪੂਰਤੀ ਲੋਕ-ਬੋਲੀ ਅਤੇ ਲੋਕ-ਮੁਹਾਵਰੇ ਰਾਹੀਂ ਹੀ ਹੋ ਸਕਦੀ ਹੈ। ਦੀਦਾਰ ਸੰਧੂ ਨੇ ਪਿੰਡਾਂ ਦੇ ਪਰ੍ਹਿਆਂ ਤੇ ਸੱਥਾਂ ਨੂੰ ਬਚਪਨ ਤੋਂ ਮਾਣਿਆ ਤੇ ਜੀਵਿਆ। ਬਜ਼ੁਰਗਾਂ ਕੋਲੋਂ ਸੁਣੇ ਅਖਾਣ ਅਤੇ ਮੁਹਾਵਰੇ ਉਸ ਦੇ ਗੀਤਾਂ ਦਾਂ ਸ਼ਿੰਗਾਰ ਬਣੇ। ਅਖਾਣ ਅਤੇ ਮੁਹਾਵਰੇ ਉਸ ਦੇ ਗੀਤਾਂ ਦੀ ਜਿੰਦ-ਜਾਨ ਹਨ। ਮੁਹਾਵਰਿਆਂ ਦੀ ਵਰਤੋਂ ਤਾਂ ਉਹ ਬੇ-ਸ਼ੁਮਾਰ ਕਰਦਾ ਹੈ। ਇਕ ਤੋਂ ਲੈ ਕੇ 9-10 ਤੱਕ ਵੀ ਮੁਹਾਵਰੇ ਇਕੋ ਹੀ ਗੀਤ ਵਿਚ ਫਿਟ ਕਰਨਾ ਉਸ ਨੂੰ ਇਕ ਸੁਘੜ ਗੀਤਕਾਰ ਸਿੱਧ ਕਰਦਾ ਹੈ। 'ਆ ਕੇ ਬਹਿ ਗਿਉਂ ਸਿਰਹਾਣੇ' ਇਕ ਗੀਤ ਵਿਚਲੇ ਮੁਹਾਵਰੇ ਪੇਸ਼ੇ-ਨਜ਼ਰ ਹਨ :

1. *ਉਚੇ ਥਾਵਾਂ 'ਤੇ ਪਾਣੀ ਚਾੜ੍ਹਨਾ*
2. *ਕਿਨਾਰੇ ਲਾਉਣਾ*
3. *ਪੱਥਾਂ ਹੇਠ ਹੱਥ ਦੇਣਾ*
4. *ਚੰਨ ਤੋਂ ਦਾਗ ਝਾੜਨਾ*
5. *ਨਸੀਬ ਜਾਗਣਾ*
6. *ਕੰਨੀਂ ਦੇ ਕਿਨਾਰੇ ਵਾਂਗ ਸੁੱਕਾ ਰਹਿ ਜਾਣਾ*
7. *ਅੜਬਾਂ ਦੇ ਵੱਸ ਪੈਣਾ*
8. *ਸੂਲੀ ਟੰਗਣਾ*
9. *ਗੁਣ ਜਾਨਣਾ*
10. *ਤੁਹਮਤ ਲਾਉਣਾ*
11. *ਬੁੱਕ-ਬੁੱਕ ਰੋਣਾ।*

ਲੋਕ-ਮਨਾਂ ਵਿਚੋਂ ਸਹਿਜ-ਭਾਵ ਨਿਕਲੇ ਮੁਹਾਵਰਿਆਂ ਵਿਚ ਸ਼ਬਦ ਅਜਿਹੇ ਵੀ ਮਿਲਦੇ ਹਨ ਜਿਨ੍ਹਾਂ ਨੂੰ ਅਜੋਕੇ ਪੜ੍ਹੇ-ਲਿਖੇ ਲੋਕਾਂ ਵੱਲੋਂ ਓਪਰੀ ਨਜ਼ਰੇ ਵੇਖਿਆ ਜਾਂਦਾ ਹੈ। ਅੱਜ ਅਸ਼ੋਭਨੀਯ ਸਮਝੇ ਜਾਣ ਵਾਲੇ ਇਹ ਸ਼ਬਦ ਭੋਲੇ-ਭਾਲੇ, ਅਨਪੜ੍ਹ ਪਰੰਤੂ ਸਮਝਦਾਰ ਲੋਕਾਂ ਨੇ ਸਹਿਜ-ਸੁਭਾਅ ਹੀ ਉਚਾਰੇ ਸਨ। "ਪੰਜਾਬੀ ਲੋਕ-ਮਨ ਵਿਚ ਸਿੱਧਾ ਮੁਖ਼ਾਤਿਬ ਹੋਣ, ਮੂੰਹ ਉੱਤੇ ਤੜਾਕ ਦੇਣੇ ਗੱਲ ਕਰਨੀ, ਤੁਰੰਤ ਭੜ੍ਹਕ ਜਾਣਾ ਅਤੇ ਦੂਸਰੇ ਪਲ ਹੀ ਪਲੋਸੇ ਜਾਣਾ ਨਿਵੇਕਲੇ ਗੁਣ ਹਨ।"[14] ਅਜਿਹੀ ਸਥਿਤੀ ਨੂੰ ਦੀਦਾਰ ਸੰਧੂ ਬਿਆਨ ਕਰਨ ਸਮੇਂ ਅਸ਼ੋਭਨੀਯ ਸ਼ਬਦ ਨੂੰ ਚੁੱਪ ਰੱਖ ਕੇ ਅਧੂਰੇ ਮੁਹਾਵਰੇ ਰਾਹੀਂ ਪੂਰੇ ਮੁਹਾਵਰੇ ਦਾ ਅਰਥ-ਸੰਚਾਰ ਇਉਂ ਕਰਦਾ ਹੈ :

ਪਹਿਲਾਂ ਹੋਇਆ ਤੂੰ ਗਰਮ, ਪਿੱਛੋਂ ਲੋਹੜੇ ਦਾ ਨਰਮ
ਠੰਡਾ-ਸੀਤ, ਕੀ ਮੈਂ ਦੱਸਾਂ, ਕੀਹਦੀ ਝੱਗ ਵਰਗਾ !

ਮੌਕੇ ਮੁਤਾਬਿਕ ਮੌਲਿਕ ਮੁਹਾਵਰਾ ਘੜਨਾ, ਗੀਤ ਵਿਚ ਜੜ੍ਹਨਾ ਤੇ ਫਿਰ ਪੇਸ਼ ਕਰਨਾ ਦੀਦਾਰ ਸੰਧੂ ਦੀ ਕਲਾਤਮਿਕ ਖ਼ੂਬੀ ਹੈ। ਜਿੰਦ ਦਾ ਵਿਛਾਉਣਾ ਬਣਾਉਣਾ, ਜਵਾਨੀ ਦਾ ਬਾਤਾਂ ਪਾਉਣਾ ਅਤੇ ਉਡੀਕ-ਖਿਡਾਉਣਾ ਬਣਾਉਣਾ ਇਕ ਹੀ ਗੀਤ ਵਿਚ, ਉਸ ਨੇ ਤਿੰਨ ਮੁਹਾਵਰੇ ਘੜ੍ਹ ਕੇ ਮੋਤੀਆਂ ਵਾਂਗ ਜੜ੍ਹੇ ਹਨ, ਆਓ ਦੇਖੀਏ :

ਮੇਰੀ ਬਾਤਾਂ ਪਾਉਂਦੀ ਫਿਰੇ ਜਵਾਨੀ, ਮਾਏ ਨੀਂ
ਪਰ ਬੁੱਝਣ ਵਾਲਾ, ਲਾਰਾ ਵੀ ਨਾ ਲਾਏ ਨੀਂ
ਮੇਰੇ ਮਨ-ਪਰਚਾਰੇ ਲਈ, ਉਡੀਕ ਖਿਡਾਉਣਾ ਨੀਂ
ਮੈਨੂੰ ਅੱਜ ਸੁਫ਼ਨੇ ਵਿਚ, ਮਿਲਣ ਮਾਹੀ ਨੇ ਆਉਣਾ ਨੀਂ...

ਇਹ ਸਾਰਾ ਗੀਤ ਹੀ ਮੁਹਾਵਰਿਆਂ ਨਾਲ ਸ਼ਿੰਗਾਰਿਆ ਹੋਇਆ ਹੈ। ਹੋਰ ਵੇਖੋ :

ਨੀਂ ਉਹ ਮਿਲੇ ਸੁੱਤੀ ਨੂੰ, ਜਾਗਾਂ ਤੇ ਤੁਰ ਜਾਏ ਨੀਂ
ਨੀਂ ਮੈਂ ਸੁੱਤੀ ਰਹਿਜਾਂ, ਨੀਂਦ ਸਦਾ ਦੀ ਆਏ ਨੀਂ
ਨੀਂ ਮੈਂ ਉਸ ਲਈ ਕਰ ਕੇ ਪੈਣਾ, ਜ਼ਿੰਦ ਵਿਛਾਉਣਾ ਨੀਂ...

ਮੌਲਿਕ ਮੁਹਾਵਰਾ ਸਿਰਜਣ ਦੀ ਸਮਰੱਥਾ ਦੇ ਨਾਲ-ਨਾਲ ਉਹ ਅਜਿਹੇ ਕਾਰਜ, ਘਟਨਾ, ਸਥਿਤੀ ਜਾਂ ਭਾਵ ਸਿਰਜਦਾ ਹੈ, ਜਿਹੜੇ ਅਤਿ-ਕਥਨੀ ਜਾਂ ਅਸੰਭਵ ਨਹੀਂ ਤਾਂ ਬੇ-ਹੱਦ ਔਖੇ ਜ਼ਰੂਰ ਹੁੰਦੇ ਹਨ। ਕੁਝ, ਸਥਿਤੀਆਂ ਦੀ ਭਾਵ-ਵਿਰੋਧਤਾ ਵੀ ਪ੍ਰਗਟਾਉਂਦੇ ਹਨ। ਹਵਾ ਨੂੰ ਗੰਢਾਂ ਮਾਰਨੀਆਂ, ਉੱਚੀਆਂ ਥਾਵਾਂ 'ਤੇ ਪਾਣੀ ਚਾੜ੍ਹਨਾ, ਵਰਗੇ ਮੁਹਾਵਰਿਆਂ ਵਿਚਲੇ ਕਾਰਜ ਕੁਝ ਅਜਿਹੇ ਹੀ ਹਨ। ਇਨ੍ਹਾਂ ਦੀ ਵਰਤੋਂ ਦੀਦਾਰ ਸੰਧੂ ਇੰਜ ਕਰਦਾ ਹੈ :

1. *ਜਿਉਂਦੇ ਜੀਅ ਆਪ ਮਰੀਂ ਨਾ, ਭਾਂਬੜ ਵਿਚ ਪੈਰ ਧਰੀਂ ਨਾ*
   ਚੰਗਾ ਵਾਅਦੇ ਤੋਂ ਪਿਆਰਾ, ਮੇਰਾ ਲਾਰਾ...
2. *ਸਾਡੇ ਭਾਅ ਦੀ ਟਿੱਬਿਆਂ 'ਤੇ ਘਟ ਵਰ੍ਹ ਗਈ...*
3. *ਆ ਕੇ ਬਹਿ ਗਿਉਂ ਸਰਹਾਣੇ, ਅੱਗੇ ਕੀਹਨੇ ਗੁਣ ਜਾਣੇ*
   ਵੇ ਮੈਂ ਉੱਚਿਆਂ ਥਾਵਾਂ ਦੇ ਉੱਤੇ, ਪਾਣੀ ਚਾੜ੍ਹਤਾ
   ਵੱਗ ਕੁੜੀਆਂ ਦਾ ਪੇਕਿਆਂ ਤੋਂ, ਸੁਹਰੀਂ ਵਾੜਤਾ...

ਭਾਵ-ਵਿਰੋਧਤਾ ਵਾਲੇ ਮੁਹਾਵਰੇ ਸਿਰਜ ਕੇ ਵੀ ਉਹ ਕਮਾਲ ਕਰ ਦਿੰਦਾ ਹੈ 'ਕੰਬਦੇ ਸਰੀਰਾਂ ਨੂੰ ਪਸੀਨਾ ਚਾੜ੍ਹਨਾ, ਆਥਣੇ ਦੁਪਹਿਰ ਵਾਂਗ ਨਿਖਰਨਾ', ਵਰਗੇ ਮੁਹਾਵਰੇ ਸਿਰਜ ਕੇ ਗੀਤਕਾਰੀ ਦੇ ਖੇਤਰ ਵਿਚ ਆਪਣੀ ਵੱਖਰੀ ਤੇ ਨਿਵੇਕਲੀ ਪਹਿਚਾਣ ਬਣਾਉਣ ਵਾਲਾ ਦੀਦਾਰ ਸੰਧੂ ਇਨ੍ਹਾਂ ਮੁਹਾਵਰਿਆਂ ਨੂੰ ਗੀਤਾਂ ਵਿਚ ਕਿਵੇਂ ਵਰਤਦਾ ਹੈ ? ਆਉ ਵੇਖੀਏ :

1. *ਉਹਨੇ ਕਾਲਾ ਸੂਟ ਲਾਹ ਕੇ, ਲਾਲ ਪਾਇਆ ਜਾਣ ਕੇ*
   ਚਿੱਤ ਕਰੇ ਚੱਕ ਲਾਂ ਨਿਆਜ਼ ਜਾਣ ਕੇ
   ਉਹ ਤਾਂ ਕੰਬਦੇ ਸਰੀਰਾਂ ਨੂੰ, ਪਸੀਨਾ ਚਾੜ੍ਹ ਗਈ
   ਡੁੱਬ ਜਾਣੀ ਪਿੰਡ ਦਾ ਮੁਹੱਲਾ ਸਾੜ ਗਈ...
2. *ਕੁੜੀ : ਜਦੋਂ ਆਥਣੇ ਦੁਪਹਿਰੇ ਵਾਂਗ ਨਿੱਖਰਾਂ*
   ਮੁੰਡਾ : ਹਾਏ ਨੀ ਸਾਥੋਂ ਜਾਵੇਂ ਨਾ ਸਹਾਰੀ.....

ਕੁਝ ਮੁਹਾਵਰੇ ਤਾਂ ਅਜਿਹੇ ਹਨ ਜਿਨ੍ਹਾਂ ਉੱਤੇ ਉਸ ਦੀ ਮੌਲਿਕਤਾ ਦੀ ਗਹਿਰੀ ਛਾਪ ਹੈ, ਜਿਵੇਂ ਪੁਸਤਕ ਵਾਂਗੂੰ ਫੋਲਣਾ, ਕੰਨੀ ਦੇ ਕਿਆਰੇ ਵਾਂਗ ਸੁੱਕਾ ਰਹਿ ਜਾਣਾ, ਖਿਸਕਾਵੀਂ ਗੰਢ ਵਾਂਗ ਖੁੱਲਣਾ, ਤੰਦਰੁਸਤੀ ਵਰਗਾ ਲੱਗਣਾ, ਕਿਸਮਤ ਨੇ ਅੱਖ ਖੋਲ੍ਹਣੀ, ਬੇਖ਼ਬਰੀ ਵਿਚ ਤਰਜ਼ਮਾਂ ਕਰ ਲੈਣਾ, ਬੰਦੇ ਦੀ ਜੂਨ ਜੀਣਾ, ਖ਼ਸਖ਼ਸ ਵਾਂਗ ਖਿੰਡ ਜਾਣਾ, ਲੱਤਾਂ ਹੇਠ ਦੀ ਕੰਨ ਫੜਨਾ, ਨਜ਼ਰ ਦਾ ਇਸ਼ਨਾਨ ਕਰਨਾ, ਤਕਦੀਰ ਦੀ ਅੱਖ ਖੁੱਲ੍ਹਣੀ, ਧੂਫ਼ ਵਾਂਗ ਧੁਖ਼ਣਾ, ਤਕਦੀਰ ਅੰਨ੍ਹੀ ਹੋਣਾ, ਜ਼ਿੰਦਗੀ ਰੁੱਖੀ ਰੋਟੀ ਵਰਗੀ ਲੱਗਣਾ, ਸ਼ਾਹੂਕਾਰਾਂ ਵਰਗਾ ਫ਼ਕੀਰ ਹੋਣਾ ਆਦਿ। ਇਸ ਪ੍ਰਕਾਰ ਦੇ ਮੁਹਾਵਰੇ ਉਸ ਦੇ ਗੀਤਾਂ ਵਿਚਲੇ ਭਾਵ-ਸੰਸਾਰ ਨੂੰ ਨਿਵੇਕਲੇ ਰੰਗ ਵਿਚ ਰੰਗਦੇ ਪ੍ਰਤੀਤ ਹੁੰਦੇ ਹਨ। ਭਾਵਾਂ ਨੂੰ ਰੂਪਮਾਨ ਕਰ ਕੇ ਉਨ੍ਹਾਂ ਵਿਚ ਜਾਨ ਪਾ ਦਿੰਦੇ ਹਨ।

ਪ੍ਰੇਮੀ ਨੂੰ ਆਪਣੇ ਪ੍ਰੇਮ-ਪਾਤਰ ਬਗ਼ੈਰ ਜ਼ਿੰਦਗੀ ਕਿਸ ਤਰ੍ਹਾਂ ਦੀ ਮਹਿਸੂਸ ਹੁੰਦੀ ਹੈ, ਆਉ ਦੀਦਾਰ ਸੰਧੂ ਦੇ ਮੁਹਾਵਰੇ ਰਾਹੀਂ ਜਾਣੀਏਂ :

ਦੀਦਾਰ ਬਿਨਾਂ ਦਿਲਦਾਰ ਬਿਨਾਂ
ਜ਼ਿੰਦਗੀ ਹੈ ਰੁਖੀ ਰੋਟੀ ਜਹੀ...

ਮਹਿਬੂਬ ਆਪਣੀ ਮਹਿਬੂਬਾ ਦੇ ਵਿਛੋੜੇ ਵਾਲੀ ਸੰਭਾਵੀ ਸਥਿਤੀ ਨੂੰ ਬਿਆਨ ਕਰਦਾ ਜ਼ਬਰਦਸਤ ਮੁਹਾਵਰੇ ਦੀ ਵਰਤੋਂ ਕਰਦਾ ਆਖਦਾ ਹੈ :

ਮੇਲੇ ਪਿੱਛੋਂ ਜਿਵੇਂ, ਖ਼ਾਲੀ ਉੱਡਦੇ ਲਫ਼ਾਫ਼ੇ ਹੁੰਦੇ
ਪੈਰਾਂ ਥੱਲੇ ਆ ਕੇ ਲੀਰੋ-ਲੀਰ
ਜ਼ਿੰਦਗੀ ਦੀ ਜੂਹ 'ਚ ਜਦੋਂ ਵਾ-ਵਰੋਲਾ ਆਇਆ,
ਓਦੋਂ ਅੰਨ੍ਹੀਂ ਹੋਜੂ ਮੇਰੀ ਤਕਦੀਰ...

ਸੰਜੋਗ ਵੱਸ ਜੇਕਰ ਮਹਿਬੂਬ ਦਾ ਆਪਣੀ ਮਹਿਬੂਬਾ ਨਾਲ ਵਸਲ ਹੋ ਗਿਆ ਤਾਂ ਸੰਭਾਵੀ ਤੌਰ 'ਤੇ ਮਹਿਬੂਬਾ ਦੀ ਲਪੇਟ ਵਿਚ ਲਿਪਟ ਕੇ ਉਹ ਕਿੰਨਾ ਅਮੀਰ ਹੋ ਜਾਵੇਗਾ, ਆਉ ਦੀਦਾਰ ਦੇ ਹੋਰ ਵੀ ਜ਼ਬਰਦਸਤ ਮੁਹਾਵਰੇ ਰਾਹੀਂ ਜਾਣੀਏਂ :

ਨੀ ਤੂੰ ਨਦੀ, ਮੈਂ ਕਿਨਾਰੇ ਤੇਰੇ ਰੁੱਖ ਨੀ
ਮੈਨੂੰ ਤੇਰੀ ਹੀ ਪਿਆਸ, ਤੇਰੀ ਭੁੱਖ ਨੀ
ਤੇਰੀ ਜੇ ਲਪੇਟ ਵਿਚ ਆ ਗਿਆ ਦੀਦਾਰ
ਹੋਜੂ ਸ਼ਾਹੂਕਾਰਾਂ ਵਰਗਾ ਫ਼ਕੀਰ...

ਨਜ਼ਰ ਦਾ ਇਸ਼ਨਾਨ ਕਰਨਾ, ਜ਼ਿੰਦ ਦਾ ਕਿਰਨਾ, ਤਕਦੀਰ ਦੀ ਅੱਖ ਖੁੱਲ੍ਹਣਾ, ਸਿਰ ਤੋਂ ਪਾਣੀ ਲੰਘਣਾ, ਬੇੜੇ ਪਾਰ ਹੋਣਾ, ਭੁੰਜੇ ਅੱਡੀ ਨਾ ਲੱਗਣਾ ਆਦਿ 8-9 ਮੁਹਾਵਰੇ ਦੁਗਾਣੇ ਦੇ ਸਿਰਫ਼ ਦੋ ਹੀ ਪਹਿਰਿਆਂ ਵਿਚ ਜੜ੍ਹੇ ਹੋਏ ਵੇਖੋ :

ਔਰਤ : ਕਰ ਇਸ਼ਨਾਨ ਮੈਂ ਨਜ਼ਰ ਤੇਰੀ ਦਾ, ਫਿਰਦੀ ਰਹਿੰਦੀ ਵੇ
ਜਿਉਂ ਹਫ਼ਤੇ ਦੀ ਭੁੱਖੀ ਮੈਂ, ਜ਼ਿੰਦ ਕਿਰਦੀ ਰਹਿੰਦੀ ਵੇ
ਸੁੱਖ ਸੁੱਖਲਾਂ ਮੈਂ ਕਿਹੜੇ ਜ਼ਾਹਰਾ ਪੀਰ ਦੀ !

ਅੱਖ ਖੁੱਲ੍ਹ ਜਾਏ ਜੇ, ਮੇਰੀ ਤਕਦੀਰ ਦੀ !
ਮੈਨੂੰ ਲੱਗਦਾ, ਅੱਜ ਮੈਨੂੰ ਲੱਗ ਚਲੇ ਖੰਭ ਵੇ
ਜਦੋਂ ਰੌਂਦ ਵਾਂਗੂੰ, ਹਿੱਕ 'ਚੋਂ ਗਿਆ ਤੂੰ ਲੰਘ ਵੇ...

ਮਰਦ : ਤੇਰੇ ਤਨ ਮਨ ਵਿਚ ਮੈਨੂੰ, ਇਸ਼ਕ ਭੂਤਨਾ, ਵੜ੍ਹਿਆ ਲੱਗਦਾ ਨੀ
ਮੇਰੇ ਵੀ ਮੈਨੂੰ, ਸਿਰ ਤੋਂ ਪਾਣੀ, ਚੜ੍ਹਿਆ ਲਗਦਾ ਨੀ
ਜਦੋਂ ਆਸ਼ਕਾਂ ਦੇ ਬੇੜੇ ਹੁੰਦੇ ਪਾਰ ਨੀ
ਲੱਗੇ ਹਾੜ ਦਾ ਮਹੀਨਾ ਠੰਡਾ-ਠਾਰ ਨੀ
ਅੱਜ ਲੱਗਦੀ ਦੀਦਾਰ ਦੀ ਨਾ, ਭੁੰਜੇ ਅੱਡੀ ਨੀ
ਲਾ ਲੈ ਰੂੰ ਦੇ ਫੰਬੇ ਵਾਂਗੂੰ, ਜਿਥੇ ਸੱਟ ਲੱਗੀ ਨੀ...

ਜਿਸ ਤਰ੍ਹਾਂ ਅਖਾਣ ਆਪਣੇ ਅੰਦਰ ਸੁਝਾਉ-ਸੰਕੇਤ ਸੰਭਾਲੀ ਬੈਠਾ ਹੁੰਦਾ ਹੈ, ਉਸ ਤਰ੍ਹਾਂ ਹੀ ਮੁਹਾਵਰਾ ਆਪਣੇ ਅੰਦਰ ਭਾਵਾਂ ਨੂੰ ਤੀਖਣ ਕਰਨ ਦੀ ਪ੍ਰਚੰਡ ਸ਼ਕਤੀ ਨਾਲ ਲਬਰੇਜ਼ ਹੁੰਦਾ ਹੈ। ਘੱਟ ਤੋਂ ਘੱਟ ਸ਼ਬਦ ਵੱਧ ਤੋਂ ਵੱਧ ਕਹਿਣ ਦੀ ਸਮਰੱਥਾ ਰੱਖਦੇ ਹਨ। ਅੱਲ੍ਹੜ ਜਜ਼ਬਾਤਾਂ ਦੀ ਪੇਸ਼ਕਾਰੀ ਦੀਦਾਰ ਸੰਧੂ ਇਉਂ ਕਰਦਾ ਹੈ :

ਆ ਬਹਿ ਜਾ ਮੇਰੇ ਕੋਲ ਵੇ, ਮੈਨੂੰ ਪੁਸਤਕ ਵਾਂਗੂੰ ਫੋਲ ਵੇ
ਕਰ ਗੱਲਾਂ ਪਿਆਰ ਦੀਆਂ,
ਅਸੀਂ ਸੌਣ ਮਹੀਨੇ ਵਰਗੇ, ਵੇ ਲੋਕੀਂ ਧੁੱਪਾਂ ਹਾੜ੍ਹ ਦੀਆਂ...

ਜ਼ਿੰਦ ਵਾਂਗ ਤਲੀ 'ਤੇ ਟਿਕਾਉਣਾ, ਧੂਫ਼ ਵਾਂਗ ਧੁਖਣਾ, ਸੁੱਕੇ ਸਾਲ ਲੰਘਣਾ, ਰੱਬ ਦਿਆਲ ਹੋਣਾ, ਪਾੜਾ ਪੂਰ ਹੋਣਾ ਆਦਿ 5 ਮੁਹਾਵਰੇ ਇਕ ਗੀਤ ਦੀਆਂ ਸਿਰਫ਼ 5-6 ਪੰਕਤੀਆਂ ਵਿਚ ਵਰਤੇ ਹੋਏ ਵੇਖੋ :

ਜ਼ਿੰਦ ਵਾਂਗੂੰ ਤਲੀ 'ਤੇ ਟਿਕਾ ਲੈ ਮੈਨੂੰ ਵੇ
ਧੂਫ਼ ਵਾਂਗੂੰ ਧੁਖੂੰਗੀ ਧੁਖ਼ਾ ਲੈ ਮੈਨੂੰ ਵੇ
ਕਿੰਨੇ ਲੰਘੇ ਸੁੱਕੇ ਸਾਲ ! ਰੱਬ ਹੋਇਆ ਜਾ ਦਿਆਲ
ਤਾਹੀਉਂ, ਕਿੱਡਾ ਵੱਡਾ ਪਾੜਾ ਅੱਜ, ਪੂਰ ਹੋ ਗਿਆ
ਸਾਨੂੰ ਲੰਡੂ ਪੈੱਗ ਲੱਗੇ ਜਿਹਾ ਸਰੂਰ ਹੋ ਗਿਆ...

ਦਰਅਸਲ ਦੀਦਾਰ ਸੰਧੂ ਦੇ ਦੁਗਾਣੇ/ਗੀਤ ਮੁਹਾਵਰਿਆਂ ਦੀ ਖ਼ਾਨ ਹਨ। ਲੋਕ-ਪ੍ਰਚੱਲਿਤ ਮੁਹਾਵਰੇ ਉਸ ਦੇ ਗੀਤਾਂ ਵਿਚ ਆਪ-ਮੁਹਾਰੇ ਖੇਡਦੇ ਫਿਰਦੇ ਜਾਪਦੇ ਹਨ। ਉਸ ਦੇ ਇਕ ਦੁਗਾਣੇ ਵਿਚ ਮੁਹਾਵਰੇ-ਦਰ-ਮੁਹਾਵ੍ਰਾ ਇਸ ਤਰ੍ਹਾਂ ਪੇਸ਼ ਹੁੰਦਾ ਹੈ :

ਪਤੀ : ਪਹਿਲੇ ਦਿਨ ਘੱਲ ਕੇ, ਰੁਕਾਨੇ ਤੈਨੂੰ ਸਾਗ ਲੈਣ, 'ਮਾਰ ਕੇ ਦੁਹੱਥੜਾਂ ਰੋਇਆ'
ਲੋਕਾਂ ਦੀਆਂ ਨਿੱਤ ਜਾਂਦੀਆਂ, 'ਕਦੇ ਵਾਲ ਵੀ ਵਿੰਗਾ ਨਹੀਂ ਸੀ ਹੋਇਆ'...

ਪਤਨੀ : ਗੰਦਲਾਂ ਨੂੰ ਤੋੜਦੀ, ਮੈਂ ਆਪ ਟੁੱਟ ਜਾਣ ਵਾਲੀ
ਵੱਟ 'ਤੇ ਖੜੀ ਦੀ 'ਜਿੰਦ ਸਾੜੀ', ਦਿਉਰ ਭਾਵੇਂ 'ਜਾਨ ਕੱਢ ਲਏ'
ਮੈਨੂੰ ਜੇਠ ਨੇ 'ਝਿੜਕ ਕਾਹਤੋਂ ਮਾਰੀ'...

ਦੁਹੱਥੜ ਮਾਰ ਕੇ ਰੋਣਾ, ਵਾਲ ਨਾ ਵਿੰਗਾ ਹੋਣਾ, ਜ਼ਿੰਦ ਸਾੜਨਾ, ਝਿੜਕ ਮਾਰਨੀ, ਜਾਨ ਕੱਢਣਾ ਆਦਿ ਮੁਹਾਵਰੇ ਜੇਕਰ ਇਨ੍ਹਾਂ ਦੋਹਾਂ ਪਹਿਰਿਆਂ ਵਿਚੋਂ ਕੱਢ ਲਏ ਜਾਣ ਤਾਂ ਬਾਕੀ ਕੁਝ ਵੀ ਨਹੀਂ ਬਚੇਗਾ ! ਇਸ ਦੁਗਾਣੇ ਦੇ ਅਗਲੇ ਬੰਦਾਂ ਵਿਚ ਮੁਹਾਵਰਿਆਂ ਦੀ ਭਰਮਾਰ ਵੇਖੋ :

ਪਤੀ : ਕਿਹੜਾ 'ਲੱਗਿਆ ਕਲਹਿਣਾ, ਮੱਥੇ' ਆਣ ਕੇ ਤੇਰੇ
ਪਾਏ 'ਬੇੜੀਆਂ 'ਚ ਵੱਟੇ', ਕੀਹਨੇ ਜਾਣ ਕੇ ਮੇਰੇ
ਕਾਲੀ ਚੁੰਨੀ, ਗੋਰਾ ਰੰਗ, ਕੀਹਦੇ 'ਮਾਰ ਗਿਆ ਡੰਗ'
ਕੀਹਦਾ ਕਾਲਜਾ ਝਰੁੱਟ ਮਾਰ ਕੋਹਿਆ...

ਪਤਨੀ : ਭੈੜਾ 'ਨਜ਼ਰਾਂ ਦੇ ਨਾਲ ਜਾਵੇ, ਸਭ ਨੂੰ ਪਰੁੰਨੀ'
ਬੰਨ੍ਹੀ ਫਿਰਦਾ ਪੰਜਾਲੀ ਨਾਲ, ਗੋਟੇ ਵਾਲੀ ਚੁੰਨੀ
ਵੇਖੀਂ 'ਖਾਈਂ ਨਾ ਵਿਸਾਹ' ਥਾਣੇ ਦੇ ਆ ਇਤਲਾਹ
ਨਾਲ ਪਿੰਡ ਦੀ ਪੰਚੈਤ ਲੈ ਜਾ ਸਾਰੀ.....

ਅੱਗੇ ਵੇਖੋ :

ਪਤੀ : ਕੱਚੇ ਦੁੱਧ ਉੱਤੋਂ ਲਾਹ ਕੇ, ਮਲਾਈਆਂ ਖਾਣੀਏਂ
ਆਗੀ 'ਬੁੱਲ੍ਹਾਂ ਉੱਤੇ ਸਿਕਰੀ' ਕਿਉਂ ਡੁੱਬ ਜਾਣੀਏਂ !
ਕੀਹਦੀ 'ਜਿੰਦ ਤੜ੍ਫਾਈ', 'ਕਿਹੜਾ ਕਰਤਾ ਸੁਦਾਈ'
ਕੀਹਨੇ ਸਾਡੀਆਂ 'ਜੜ੍ਹਾਂ 'ਚ ਤੇਲ ਚੋਇਆ' !...

ਪਤਨੀ : 'ਬੇੜੀ ਡੁੱਬ ਗਈ' ਦੀਦਾਰ ਜਦੋਂ ਤੇਰੇ ਨਾਲ ਮੰਗੀ
ਵੇ ਮੈਂ ਵੇਲ ਸੀ ਅੰਗੂਰਾਂ ਦੀ, ਤੂੰ ਛਾਪਿਆਂ 'ਤੇ ਟੰਗੀ !
ਮੇਰੀ 'ਰੱਤ ਸੁੱਕ ਚੱਲੀ', 'ਜ਼ਿੰਦ-ਜਾਨ ਮੁੱਕ ਚੱਲੀ'
ਮੈਂ ਸਾਂ ਲਾਡਲੀ, 'ਕਿਸੇ ਨਾ ਫ਼ਿਟਕਾਰੀ'...

ਢੁੱਕਵੀਂ ਥਾਂ ਉੱਤੇ ਮੁਹਾਵਰੇ ਵਰਤ ਕੇ ਭਾਵ ਜਾਂ ਗੱਲ ਨੂੰ ਗਹਿਰਾਉਣ ਲਈ ਦੀਦਾਰ ਸੰਧੂ ਮੁਹਾਵਰਿਆਂ ਦਾ ਮੀਂਹ ਵਰ੍ਹਾ ਸਕਦਾ ਹੈ। ਗੰਭੀਰ ਪਾਠਕ/ਸਰੋਤੇ ਦੇ ਮਨ ਦੀ ਜ਼ਮੀਨ ਨੂੰ ਜ਼ਰਖ਼ੇਜ਼ ਕਰਨ ਲਈ ਉਸ ਦੀ ਇਹ ਸਿੰਚਾਈ ਲਾਭਦਾਇਕ ਬਣਦੀ ਹੈ। ਪ੍ਰੇਮ-ਭਾਵਾਂ ਨੂੰ ਤੀਖਣ ਤੇ ਗਹਿਰਾਉਂਦੇ ਦੀਦਾਰ ਦੇ ਮੁਹਾਵਰੇਦਾਰ ਬੋਲ ਪੇਸ਼ ਹਨ :

ਪ੍ਰੇਮੀ : ਦੱਸ ਟੋਆ ਪੱਟ ਨੀ ਮੈਂ, ਦੱਬਾਂ ਕਿਹੜੇ ਥਾਂ
ਦਿੱਤੇ ਹੋਏ ਦਿਲਾਸੇ ਤੇਰੇ !
ਕੀਹਦੇ ਕੋਲੋਂ ਪੁੱਛਾਂ ? ਬਈ ਇਹ ਕਿਥੋਂ ਦਾ ਨਿਆਂ ?
ਨੌਹਾਂ ਤੋਂ ਕਿਉਂ ਮਾਸ ਨਖੇੜੇ !!...

ਲੋਕ-ਧਾਰਾਈ ਰੰਗਤ ਵਿਚ ਮੁਹਾਵਰੇ ਵਰਤਣਾ ਵੀ ਦੀਦਾਰ ਦੀ ਕਲਾਤਮਿਕ ਖ਼ੂਬੀ ਹੈ। ਪਰਿਵਾਰਕ ਮਾਹੌਲ ਸਿਰਜਣ ਸਮੇਂ ਉਸ ਦੀ ਇਹ ਰੰਗਤ ਹੋਰ ਗੂੜ੍ਹੀ ਹੋ ਜਾਂਦੀ ਹੈ। ਆਉ ਆਪਾਂ ਵੰਨਗੀ ਵੇਖੀਏ :

ਪਤਨੀ : ਮੇਰਾ ਆਪਣਾ ਕਸੂਰ, ਤੇਰੇ ਉੱਤੇ ਕਾਹਦਾ ਰੋਸ
ਜੀਹਦੀ ਝਾੜ-ਝੰਬ ਕਰ, ਪਿੱਛੋਂ ਲੈਨਾਂ ਐ ਪਲੋਸ
ਦਿਨ ਢਲਦਾ ਤਾਂ ਤੂੰ ਵੀ, ਮੋਮ ਵਾਂਗੂੰ ਢਲੇਂ ਬੀਬਾ
ਦਿਨ ਚੜ੍ਹੇ ਤਾਂ ਪਾ ਬਹਿਨਾਂ ਏਂ ਭਸੂੜੀਆਂ
ਦਿਨੇਂ ਲੜਦੈਂ ਤੇ ਰਾਤੀਂ ਗੱਲਾਂ ਗੂੜ੍ਹੀਆਂ...

ਅੱਗੇ ਵੇਖੋ :

ਪਤੀ : ਤੈਨੂੰ ਵੇਖ ਕੇ ਉਦਾਸਿਆਂ ਦਾ, ਚਿੱਤ ਲੱਗ ਜਾਵੇ
ਤੈਨੂੰ ਰੁੱਸੀ ਨੂੰ ਮਨਾਉਣ 'ਚ, ਸਵਾਦ ਬੜਾ ਆਵੇ
ਹਾਸੇ ਦਾ ਤਮਾਸ਼ਾ, ਜੋ ਬਣਾਵੇ, ਖਤਾ ਖਾਵੇ
ਜਾਣ ਵਾਂਜੀਆਂ ਨਾ ਕਰਾਮਾਤਾਂ ਮੇਰੀਆਂ...

"ਪੰਜਾਬੀ ਸਭਿਆਚਾਰ ਵਿਚ ਬਾਰਾਂ (12) ਦਾ ਅੰਕੜਾ ਵਿਸ਼ੇਸ਼ ਮਹੱਤਤਾ ਦਾ ਲਖ਼ਾਇਕ ਹੈ, ਜਿਸ ਦਾ ਦੁਹਰਾਅ ਕਈ ਪੱਧਰਾਂ 'ਤੇ ਮਿਲਦਾ ਹੈ ਜਿਵੇਂ ਬਾਰਾਂਤਾਲੀ, ਪੌਂਬਾਰਾਂ, ਬਾਰੀਂ-ਬਰਸੀਂ, ਬਾਰਾਂ ਕੋਹ ਆਦਿ।"[15] ਦੀਦਾਰ ਸੰਧੂ ਲੋਕ-ਮੁਹਾਵਰੇ ਦੀ ਸਫ਼ਲ ਵਰਤੋਂ ਕਰਦੇ ਹੋਏ ਲੋਕ-ਧਾਰਾਈ ਰੰਗ ਵਿਚ, ਭਾਵਾਂ ਨੂੰ ਅਭਿਵਿਅਕਤੀ ਇਉਂ ਦਿੰਦਾ ਹੈ :

1. ਤੇਰੀ ਯਾਦ ਨੀ ਹੱਡਾਂ ਨੂੰ ਤੇਈਏ ਤਾਪ ਵਰਗੀ
ਤੇਰੀ ਘੂਰ ਬਾਰਾਂ ਵਰ੍ਹੇ ਦੇ ਸਰਾਪ ਵਰਗੀ...
2. ਬਾਰਾਂ ਸਾਲ ਰਿਹਾ ਰਾਂਝਾ ਮੱਝਾਂ ਚਾਰਦਾ
ਓਹੀਉ ਹਾਲ ਹੋਇਆ ਵੇਖ ਲੈ ਦੀਦਾਰ...

ਪੰਜਾਬ ਦੀ ਸੁਪ੍ਰਸਿੱਧ ਲੋਕ-ਕਥਾ ਹੀਰ-ਰਾਂਝੇ ਦੇ ਪਾਤਰਾਂ ਰਾਹੀਂ ਸੰਵਾਦ ਰਚਾ ਕੇ ਬਹੁਤ ਘੱਟ ਸ਼ਬਦਾਂ ਵਿਚ ਪੂਰੀ ਕਹਾਣੀ ਦਾ ਸਾਰ ਮੁਹਾਵਰੇਦਾਰ ਬੋਲਾਂ ਰਾਹੀਂ ਪੇਸ਼ ਹੁੰਦਾ ਵੇਖੀਏ :

ਰਾਂਝਾ : ਨਾ ਮਾਪੇ ਨਾ ਚਾਚਾ ਗੁੱਸੇ, ਨਾ ਸੀ ਫੱਤੂ ਕਾਜੀ ਨੀ
ਅੱਜ ਜਿਨ੍ਹਾਂ ਦਾ ਵੈਰੀ ਬਣਿਆਂ, ਓਦੋਂ ਸੀ ਉਹ ਰਾਜ਼ੀ ਨੀ
ਢੇਰੀ-ਢਾਅ, ਜਾਏ ਬੈਠ ਸ਼ਿਕਾਰੀ, ਜਦ ਖੁੰਝ ਜਾਣ ਨਿਸ਼ਾਨੇ
ਛੱਡਿਆ ਤਖ਼ਤ ਹਜ਼ਾਰਾ ਹੀਰੇ, ਆਇਆ ਮੁਲਕ ਬਿਗਾਨੇ...
ਹੀਰ : ਸੋਨੇ ਵਰਗੀ ਸੁੱਚੀ ਦੇ ਸਭ, ਵਾਅਦੇ ਹੋ ਗਏ ਖੋਟੇ
ਚੂਰੀ ਕੁੱਟ-ਕੁੱਟ ਵੇ ਸਜਨਾ, ਮੇਰੇ ਘਸੇ ਹੱਥਾਂ ਦੇ ਪੋਟੇ

ਹੱਥ ਬਿਗਾਨੇ ਡੋਰਾਂ, ਉਥੇ ਪੁਗਦੇ ਨਹੀਂ ਯਰਾਨੇ
ਬਾਰਾਂ ਸਾਲ ਗੁਜ਼ਾਰੇ ਬੇਲੇ, ਤੈਨੂੰ ਲੋਕਾਂ ਮਾਰੇ ਤਾਅਨੇ...

ਅਸੀਂ ਦੇਖ ਸਕਦੇ ਹਾਂ ਕਿ ਦੀਦਾਰ ਸੰਧੂ ਪੰਜਾਬੀ ਸਾਹਿਤ ਦੇ ਅਨਮੋਲ ਖ਼ਜ਼ਾਨੇ ਕਹਾਵਤਾਂ ਮੁਹਾਵਰਿਆਂ ਦਾ ਅਮੁੱਕ ਦਰਿਆ ਹੈ। ਉੱਪਰ ਦਿੱਤੇ ਦੋ ਪਹਿਰਿਆਂ ਵਿਚ ਵੈਰੀ ਬਣਨਾ, ਰਾਜ਼ੀ ਹੋਣਾ, ਢੇਰੀ-ਢਾਅ ਬਹਿਣਾ, ਨਿਸ਼ਾਨਾ ਖੁੰਝਣਾ, ਸੋਨੇ ਵਰਗਾ ਸੁੱਚਾ ਹੋਣਾ, ਵਾਅਦਾ ਖੋਟਾ ਹੋਣਾ, ਹੱਥਾਂ ਦੇ ਪੋਟੇ ਘਸ ਜਾਣਾ, ਬਿਗਾਨੇ ਹੱਥ ਡੋਰ ਹੋਣਾ, ਯਰਾਨੇ ਪੁੱਗਣਾ, ਤਾਅਨੇ ਮਾਰਨਾ ਆਦਿ ਤਕਰੀਬਨ 9-10 ਮੁਹਾਵਰੇ, ਅਰਥ-ਸੰਚਾਰ ਦੀ ਵਧੀਆ ਪੇਸ਼ਕਾਰੀ ਦਾ ਸਬੂਤ ਹਨ।

ਪੰਜਾਬੀ ਲੋਕ-ਧਾਰਾ ਵਿਚ ਲੋਕ-ਵਿਸ਼ਵਾਸਾਂ ਅਧੀਨ ਸ਼ਗਨ-ਅਪਸ਼ਗਨ ਵਿਚਾਰੇ ਜਾਂਦੇ ਹਨ। ਜਦੋਂ ਕਿਸੇ ਨਾਲ ਅਣਹੋਣੀ ਵਾਪਰ ਜਾਏ ਤਾਂ ਕੋਈ ਕੰਮ ਖ਼ਰਾਬ ਹੋ ਜਾਏ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਕੋਈ ਬਦਸ਼ਗਨੀ ਹੋ ਗਈ, ਇਸ ਲਈ ਸਬੰਧਿਤ ਘਟਨਾ ਵਾਪਰੀ। ਬਦਸ਼ਗਨੀ ਹੋਣਾ, ਇਕ ਲੋਕ-ਪ੍ਰਚੱਲਿਤ ਮੁਹਾਵਰਾ ਹੈ। ਦੀਦਾਰ ਸੰਧੂ ਦੇ ਗੀਤ ਵਿਚਲਾ ਪ੍ਰੇਮੀ-ਪਾਤਰ ਆਪਣੀ ਅਸਫ਼ਲ ਪ੍ਰੇਮ ਕਹਾਣੀ ਨੂੰ ਕੁਝ ਇਸੇ ਤਰ੍ਹਾਂ ਸਮਝਦਾ ਹੈ। ਪੂਰੀ ਕਹਾਣੀ ਦੋਹਾਂ ਪ੍ਰੇਮੀ-ਪਾਤਰਾਂ ਰਾਹੀਂ ਚਿਤਰਣ ਸਮੇਂ ਗੀਤਕਾਰ ਨੇ ਮੁਹਾਵਰਿਆਂ ਦੀ ਝੜੀ ਲਾ ਦਿੱਤੀ ! ਤਕਰੀਬਨ 15 ਮੁਹਾਵਰੇ ਇਕੋ ਹੀ ਗੀਤ ਵਿਚ ਫਿਟ ਕਰ ਕੇ ਭਾਵਾਂ ਨੂੰ ਜ਼ੁਬਾਨ ਇਉਂ ਦਿੱਤੀ ਹੈ :

ਕੀ ਬਦਸ਼ਗਨੀ ਹੋਗੀ ਹਾਨਣੇ, ਜਦੋਂ ਮੁਹੱਬਤਾਂ ਪਾਈਆਂ
ਨੀ ਅੱਖੀਆਂ ਲੜੀਆਂ
ਵੇ ਮੈਂ ਮਰਗੀ ਹਾਣੀਆਂ, ਲੱਗੀਆਂ ਤੋੜ ਨਾ ਚੜ੍ਹੀਆਂ...
ਕੁੜੀ ਕਰੂੰਬਲ ਵਰਗੀ ਵੇ, ਮੈਂ ਹੱਥ ਲਾਇਆਂ ਕੁਮਲਾਵਾਂ
ਇਕ ਵਾਰੀ ਕੋਈ ਨਜ਼ਰ ਮਿਲਾਵੇ, ਸੌ ਵਾਰੀ ਸ਼ਰਮਾਵਾਂ
ਚੋਰ ਹੁਸਨ ਦੇ ਫਿਰਨ ਬਥੇਰੇ, ਮਨ ਦੇ ਮਹਿਰਮ ਬਾਝ ਕਿਸੇ ਨੂੰ
ਕੌਣ ਦੇਵੇ ਦਿਲਬਰੀਆਂ, ਕਿਸਮਤਾਂ ਸੜੀਆਂ...
ਮੈਂ ਬਚਨਾਂ ਤੋਂ ਝੂਠੀ ਅੜਿਆ, ਗੱਲ ਕਰਨ ਨਾ ਜੋਗੀ
ਮਨ-ਭਾਉਂਦੇ ਮਾਹੀ ਬਿਨ ਸਮਝੋ, ਨਿੱਜ ਜਵਾਨੀ ਭੋਗੀ
ਲੋਕ ਕਹਿਣ ਜੀਹਨੂੰ ਰੰਗਲਾ ਚੂੜਾ, ਮੈਂ ਸਮਝਾਂ ਇਹ ਜੁਲਮ
ਜਵਾਨੀ ਵਿਚ ਮੁਟਿਆਰਾਂ ਫੜੀਆਂ, ਲਗਾ ਹੱਥਕੜੀਆਂ...
ਮੈਂ ਮੰਨਦੀ ਪਰ ਦਿਲ ਨਹੀਂ ਮੰਨਦਾ, ਦੇਵੇ ਕੌਣ ਤਸੱਲੀ
ਕੌਣ ਕਹੇ ਮੈਂ ਅੱਜ ਆਪਣੇ, ਪਰਛਾਵਿਉਂ ਵਿਛੜ ਚੱਲੀ !
ਚੱਲ ਉਸ ਥਾਂ ਦੋ ਗੱਲਾਂ ਕਰੀਏ, ਜਿਸ ਥਾਂ ਬਹਿ ਕੇ ਅਸੀਂ ਬਿਤਾਈਆਂ
ਜ਼ੰਨਤ ਵਰਗੀਆਂ ਘੜੀਆਂ ਸੌਣ ਦੀਆਂ ਝੜੀਆਂ...
ਰੱਬ ਬਖ਼ਸ਼ੇ ਨਾ ਬਖ਼ਸ਼ੇ ਪਰ, ਤੂੰ ਬਖ਼ਸ਼ ਲਈਂ ਦਿਲਦਾਰਾ

ਜਿਉਂਦੇ ਜੀਅ ਨਹੀਂ ਭੁਲਣ ਵਾਲਾ, ਤੇਰਾ ਤਖ਼ਤ-ਹਜ਼ਾਰਾ
ਦਿਲ ਵਿਚ ਨਕਸ਼ੇ ਪਏ ਉਲੀਕੇ, ਜਿਸ ਥਾਂ ਬੈਠ ਦੀਦਾਰ ਨੇ ਤੇਰੀਆਂ
ਲੱਖ-ਲੱਖ ਮਿੰਨਤਾਂ ਕਰੀਆਂ, ਤੂੰ ਕੀਤੀਆਂ ਅੜੀਆਂ
ਵੇ ਮੈਂ ਮਰ ਗਈ ਹਾਣੀਆਂ...

ਦੀਦਾਰ ਸੰਧੂ ਇਕ ਗੰਭੀਰ ਅਤੇ ਪੜ੍ਹਿਆ-ਲਿਖਿਆ ਗੀਤਕਾਰ/ਗਾਇਕ ਹੈ। ਪੰਜਾਬੀ ਲੋਕਧਾਰਾ ਦੇ ਕਲਾਮਈ ਪੱਖਾਂ ਦੀ ਉਹ ਗਹਿਨ ਇਲਮੀਅਤ ਰੱਖਦਾ ਹੈ। ਜਿਥੇ ਉਹ ਮੁਹਾਵਰੇ ਤੇ ਅਖਾਣਾਂ ਦਾ ਭਰਪੂਰ ਜਾਣਕਾਰ ਹੈ, ਉਥੇ ਉਹ ਇਨ੍ਹਾਂ ਦੀ ਯੋਗ ਅਤੇ ਪ੍ਰਭਾਵਸ਼ਾਲੀ ਵਰਤੋਂ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਜੇਕਰ ਅਸੀਂ ਆਖ ਲਈਏ ਕਿ ਦੀਦਾਰ ਸੰਧੂ ਪੰਜਾਬੀ ਮੁਹਾਵਰਿਆਂ ਅਤੇ ਅਖਾਣਾਂ ਦੀ ਚਲਦੀ-ਫਿਰਦੀ ਯੂਨੀਵਰਸਿਟੀ ਸੀ, ਤਾਂ ਇਸ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਉਸ ਦੇ ਦੁਗਾਣੇ ਮੁਹਾਵਰੇ ਤੇ ਅਖਾਣਾਂ ਦਾ ਵਹਿੰਦਾ ਦਰਿਆ ਹਨ। ਉਹ ਬਿਨਾਂ ਕਿਸੇ ਦੇ ਨਕਸ਼ੇ-ਕਦਮ ਉੱਤੇ ਚੱਲਣ ਵਾਲਾ ਮੌਲਿਕ ਗੀਤਕਾਰ ਹੈ। ਪਰੰਤੂ ਫਿਰ ਵੀ ਉਸ ਦੇ ਗੀਤਾਂ ਵਿਚਲੇ ਬੋਲ ਮੌਕੇ-ਮੇਲ ਦੀ ਵਜਹ ਨਾਲ ਕੁਝ ਸਮਰੱਥ ਕਵੀਆਂ ਦੀ ਰਚਨਾ ਨਾਲ ਸਮਾਨਤਾ ਰੱਖਦੇ ਮਿਲ ਜਾਂਦੇ ਹਨ। ਇਥੇ ਇਸ ਤਰ੍ਹਾਂ ਦੀ ਸਮਾਨਤਾ ਦੀਆਂ ਦੋ ਉਦਾਹਰਣਾਂ ਪੇਸ਼ ਹਨ :

ਪਹਿਲੀ ਉਦਾਹਰਣ ਪੰਜਾਬੀ ਦੇ ਹਰਿਆਣਾ ਨਿਵਾਸੀ (ਜ਼ਿਲਾ ਸਿਰਸਾ) ਪ੍ਰਸਿੱਧ ਕਵੀ ਹਰਿਭਜਨ ਸਿੰਘ ਰੈਣੂ ਨਾਲ ਸਮਾਨ-ਭਾਵਾਂ ਦੀ ਸਿਰਜਣਾ ਪੇਸ਼ ਹੈ :

ਰੈਣੂ : "ਬੱਦਲ ਬੱਦਲ ਦੀ ਕੰਨੀ ਕੰਨੀ, ਬਿਜਲੀ ਲਾਏ ਗੋਟੇ ਵੇ
ਅੰਗ-ਅੰਗ ਸਾਡੇ ਯਾਦਾਂ ਪੁੜੀਆਂ, ਪੀੜਾਂ-ਪੀੜਾਂ ਪੋਟੇ ਵੇ !!
ਦੀਦਾਰ ਸੰਧੂ : ਚੰਨ ਹੋ ਬੱਦਲਾਂ ਦੇ ਓਹਲੇ, ਕੰਨੀਆਂ ਨੂੰ ਇੰਜ ਰੁਸ਼ਨਾਵੇ
ਕੋਈ ਗੋਟੇ ਵਾਲੀ ਚੁੰਨੀ, (ਜਿਉਂ) ਅੰਬਰ 'ਤੇ ਸੁੱਟ ਸੁਕਾਵੇ
ਇਹ ਚਾਨਣ ਵਰਗਾ ਰਿਸ਼ਤਾ, ਜੱਗ ਤੋਂ ਕਿਵੇਂ ਲੁਕੋਵੇਂਗਾ !!
ਜਦ ਮੈਂ ਡੋਲੀ ਚੜ੍ਹਗੀ, ਵੇ ਕੀਹਦੇ ਗਲ ਲਗ ਰੋਵੇਂਗਾ !!
ਰੈਣੂ : ਕੁਝ-ਕੁਝ ਬੱਦਲੀਂ ਅੱਗਾਂ ਲੱਗੀਆਂ, ਕੁਝ-ਕੁਝ ਡੱਬ-ਖੜੱਬੇ ਵੇ
ਇਸ਼ਕ ਸਾਡੇ ਦੇ ਗੱਭਰੂ ਮੂੰਹ 'ਤੇ, ਸਮਿਆਂ ਪਾਏ ਧੱਬੇ ਵੇ !!"[16]
ਦੀਦਾਰ ਸੰਧੂ : ਉਹ ਲਹਿੰਦੇ ਬੰਨੇ ਬੱਦਲ, ਸਣ-ਪਾਣੀ ਮੱਚੀ ਜਾਵਣ
ਉਨ੍ਹਾਂ ਦਾ ਸੂਰਜ ਡੁੱਬਾ, ਮੇਰੇ ਹਾਣੀ ਮੱਚੀ ਜਾਵਣ
ਦੋਨਾਂ ਨੂੰ 'ਕੱਠੇ ਬਹਿ ਕੇ, ਧੀਰਜ ਬੰਨਣਾ ਪੈਣਾ ਇਆਂ
ਤੇਰਾ ਭਾਣਾ ਮਿੱਠਾ ਕਰ ਕੇ, ਮੰਨਣਾ ਪੈਣਾ ਇਆਂ !!

ਦੂਜੀ ਉਦਾਹਰਣ ਲਾਲ ਚੰਦ ਯਮਲਾ ਜੱਟ ਦੀ ਰਚਨਾ ਨਾਲ ਸਮਾਨ-ਭਾਵ ਸਿਰਜਣ ਦੀ ਹੈ। ਲਾਲ ਚੰਦ ਯਮਲਾ ਜੱਟ ਦਾ ਪੰਜਾਬੀ ਲੋਕ-ਗੀਤ/ਸੰਗੀਤ ਦੇ ਖੇਤਰ ਵਿਚ ਸਥਾਨ ਬੜਾ ਮਾਨਯੋਗ ਤੇ ਵਿਸ਼ਸ਼ਟ ਮੰਨਿਆ ਗਿਆ ਹੈ। ਲਗਭਗ ਅੱਠ ਦਹਾਕੇ

ਤੱਕ ਦਾ ਲੰਬਾ ਸਮਾਂ ਉਹ ਸੰਗੀਤ ਨੂੰ ਸਮਰਪਤ ਰਹੇ। ਉਨ੍ਹਾਂ ਨੂੰ ਸੰਜਮੀਂ ਤੇ ਸੱਚਾ-ਸੁੱਚਾ ਫ਼ਨਕਾਰ ਕਿਹਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਲਾਲ ਚੰਦ ਯਮਲਾ ਜੱਟ ਦੇ ਜੀਵਨ ਤੇ ਕਲਾ ਸਬੰਧੀ ਪੁਸਤਕ ਵੀ ਛਾਪੀ ਗਈ ਹੈ।

ਉਸ ਪੁਸਤਕ ਮੁਤਾਬਿਕ ਯਮਲਾ ਜੱਟ ਨੇ ਇਹ ਭਾਂਪ ਲਿਆ ਕੇ ਕਿ "ਲੋਕ ਹਵਸ ਦੇ ਭੁੱਖੇ ਹੋ ਗਏ ਹਨ ਤੇ ਲਾਜ ਤੇ ਹਯਾ ਨਹੀਂ ਰਹੀ! ਅਖ਼ਬਾਰਾਂ ਵਿਚ ਰੇਪ ਦੀਆਂ ਖ਼ਬਰਾਂ ਰੋਜ਼ ਆਉਂਦੀਆਂ ਹਨ।"। ਇਕ ਰਚਨਾ ਲਿਖੀ ਜੋ ਇਸ ਪ੍ਰਕਾਰ ਹੈ :

ਯਮਲਾ ਜੱਟ :

ਜਗ ਨਗਨ ਦੀਵਾਨਾ ਹੋ ਚੱਲਿਆ, ਰਿਹਾ ਹੋਸ਼ ਨਾ ਤੇੜ ਲੰਗੋਟੀ ਦਾ
ਏਹਨੇਂ ਕੱਖ ਨਹੀਂ ਛੱਡਿਆ ਲੋਕਾਂ ਦਾ, ਜੋ ਰਸ ਹੈ ਮਾਸ ਦੀ ਬੋਟੀ ਦਾ
ਚਾਹੇ ਰਾਜਾ ਚਾਹੇ ਭਿਖਾਰੀ ਏ, ਸਭ ਏਸੇ ਪਾਸੇ ਲੱਗ ਤੁਰੇ
ਵੱਡੇ-ਵੱਡੇ ਭਲਵਾਨਾਂ ਦੇ, ਏਸੇ ਕੰਮ 'ਚ ਹੱਡ ਖੁਰੇ....."[17]

ਬਿਲਕੁਲ ਅਜਿਹੇ ਭਾਵਾਂ ਨੂੰ ਦੀਦਾਰ ਸੰਧੂ ਨੇ ਅਲਪ ਸ਼ਬਦਾਂ ਵਿਚ ਇਸ ਤਰ੍ਹਾਂ ਬੰਨ੍ਹਿਆਂ ਹੈ :

ਦੀਦਾਰ ਸੰਧੂ : *ਚੰਗਾ ਨਹੀਂ ਚਸਕਾ ਚੁਸਕੀ ਦਾ*
ਜਿਸ ਨੂੰ ਇਹ ਆਦਤ ਪੈ ਜਾਂਦੀ
ਮੈਂ ਚੱਲੀ ਹਾਂ, ਤੂੰ ਆਜਾ ਵੇ
ਉਸ ਨੂੰ ਬਰਬਾਦੀ ਕਹਿ ਜਾਂਦੀ...

ਅਸੀਂ ਦੇਖ ਸਕਦੇ ਹਾਂ ਕਿ ਦੀਦਾਰ, ਗੱਲ ਕਹਿਣ ਲਈ ਸੰਜਮਮਈ ਅਤੇ ਸ਼ਲੀਲ ਸ਼ਬਦਾਂ ਦੀ ਵਰਤੋਂ ਕਰਨ ਵਿਚ ਕਿੰਨਾਂ ਸਮਰੱਥ ਹੈ। ਮੰਨਣਾ ਪਵੇਗਾ ਕਿ ਉਹ ਮਕਬੂਲ ਗੀਤਕਾਰਾਂ ਤੋਂ ਕਿਸੇ ਵੀ ਗੱਲੋਂ ਘੱਟ ਨਹੀਂ ਸਗੋਂ, ਕਈ ਵਾਰ ਉਸ ਨੇ ਮਕਬੂਲ ਤੇ ਸਮਰੱਥ ਫ਼ਨਕਾਰਾਂ ਨਾਲੋਂ ਵੀ; ਸਮਭਾਵੀ ਗੱਲਾਂ/ਭਾਵਾਂ ਨੂੰ ਵਧੇਰੇ ਸਾਹਿਤਕ ਸ਼ਬਦਾਂ ਵਿਚ ਪ੍ਰਗਟਾਇਆ ਹੈ। ਉਪਰੋਕਤ ਉਦਾਹਰਣ ਤੋਂ ਇਸ ਗੱਲ ਦਾ ਕਿਆਸ ਕੀਤਾ ਜਾ ਸਕਦਾ ਹੈ।

ਇਕੱਲਾ ਗੀਤਕਾਰ ਜਦੋਂ ਵਿਅਕਤੀਗਤ ਰੂਪ ਵਿਚ ਗੀਤ ਦੀ ਪੇਸ਼ਕਾਰੀ ਦਿੰਦਾ ਹੈ ਤਾਂ ਨਵੇਂ ਰੁਪਾਂਤਰਾਂ ਦੀ ਸਿਰਜਣਾ ਵਧੇਰੇ ਹੁੰਦੀ ਹੈ। ਦੀਦਾਰ ਸੰਧੂ ਮੂਲ-ਰੂਪ ਵਿਚ ਇਕ ਗੀਤਕਾਰ ਹੈ। ਗਾਇਕੀ ਕਰਨ ਲਈ ਉਸ ਦੇ ਪ੍ਰੇਰਣਾ-ਸਰੋਤ ਜਨਾਬ ਮੁਹੰਮਦ ਸਦੀਕ ਹਨ। ਇਕ ਸਟੇਜੀ ਕਲਾਕਾਰ (ਅਖਾੜਾ ਕਲਚਰ ਵਿਚ) ਦੇ ਰੂਪ ਵਿਚ ਉਸ ਦੀ ਸੁਭਾਵਿਕ ਲੋੜ ਸਰੋਤਾਮੁੱਖ ਹੋਣਾ ਹੈ। ਸਰੋਤਿਆਂ ਦੀ ਲੋੜ ਨੂੰ ਮੁੱਖ ਰੱਖ ਕੇ ਉਹ ਆਪਣੇ ਗੀਤਾਂ ਦੀਆਂ ਅਸਥਾਈਆਂ ਘੜਦਾ ਹੈ। ਅਜਿਹੇ ਬੋਲਾਂ ਵਾਲੀਆਂ ਅਸਥਾਈਆਂ ਜਿਹੜੀਆਂ ਕਿ ਲੋਕ-ਮਨਾਂ ਨੂੰ ਛੂਹਣ ਦੀ ਸਮਰੱਥਾ ਰੱਖਦੀਆਂ ਹੋਣ ! ਉਸ ਦੇ ਦੁਗਾਣਿਆਂ ਅੰਦਰਲੇ ਸੂਖ਼ਮ ਸਾਹਿਤਕ ਗੁਣਾਂ ਦੀ ਸੂਝ ਦਾ ਸਾਨੂੰ ਉਸ ਦੇ ਗੀਤਾਂ ਵਿਚਲੇ ਅੰਤਰਿਆਂ ਦਾ ਗਹਿਣ ਅਧਿਐਨ ਕਰੇ ਤੋਂ ਪਤਾ

ਲੱਗਦਾ ਹੈ। ਇਸ ਪ੍ਰਕਾਰ ਦੀਦਾਰ ਸੰਧੂ ਦੁਗਾਣੇ ਵਿਚ ਸਾਹਿਤਕ ਪੱਖੋਂ ਨਵੇਂ ਰੁਪਾਂਤਰਾਂ ਦੀ ਸਿਰਜਣਾ ਕਰਦਾ ਹੈ। ਲੋਕ-ਮਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਗੀਤ ਦੀ ਅਸਥਾਈ ਹੈ :

ਸੁੱਥਣ ਸੂਫ਼ ਦੀ, ਕੁੜਤੀ ਸੂਤ ਦੀ
ਹਿੱਕ ਉੱਤੇ, ਫੁੱਲ ਦਰਿਆਈ ਵੇ
ਪਰਾਂ ਹੋਈਂ ਵੇ ਸ਼ਰਾਬੀਆ
ਮੈਂ ਬੋਤਲ ਬਣ ਕੇ ਆਈ ਵੇ...

ਅੱਗੇ ਇਸ ਗੀਤ ਦੇ ਇਕ ਅੰਤਰੇ ਵਿਚ ਕਲਾਤਮਿਕ ਅਤੇ ਸਾਹਿਤਕ ਸੂਝ ਦੇ ਪ੍ਰਤੱਖ ਦਰਸ਼ਨ ਕਰੀਏ :

ਚੜ੍ਹੀ ਜਵਾਨੀ 'ਤੇ ਮਾਂ ਮੇਰੀ, ਜਿਉਂ ਜਿਉਂ ਪੜਦੇ ਪਾਂਦੀ
ਮੈਂ ਜੰਗਲ ਦੀ ਅੱਗ ਵਾਂਗਰਾਂ, ਹੋਰ ਭੜਕਦੀ ਜਾਂਦੀ
ਵੇ ਕਹਿਰ ਕਮਾਂਦੀ ; ਜਾ ਕੇ ਵੇਖ ਦੀਦਾਰ ਵਿਚਾਰਾ
ਫਿਰਦਾ ਕੰਨ ਪੜਵਾਈ ਵੇ...

ਇਕ ਹੋਰ ਮੁੱਖੜਾ ਵੇਖੋ ਜਿਸ ਵਿਚ ਲੋਕ-ਮਨਾਂ ਨੂੰ ਛੂਹਣ ਵਾਲੇ ਬੋਲ ਵਰਤੇ ਹਨ :

ਪਾ ਕੇ ਝਾਂਜਰਾਂ, ਬਣ ਕੇ ਮਜ਼ਾਜਣ, ਨਿੱਤ ਤੂੰ ਬਨੇਰੇ ਉੱਤੇ ਖੜ੍ਹਦੀ
ਪੌੜੀ ਛੜਿਆਂ ਦੀ, ਸੈਂਡਲ ਪਾ-ਪਾ ਚੜ੍ਹਦੀ...

ਇਸੇ ਗੀਤ ਦੇ ਇਕ ਅੰਤਰੇ ਵਿਚ ਮਨੋਵਿਗਿਆਨਕ ਤਰੀਕੇ ਨਾਲ ਸੂਖ਼ਮ ਭਾਵਾਂ ਦਾ ਸੰਚਾਰ, ਫਰਾਇਡਵਾਦੀ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤਾ ਵੇਖੋ :

ਕਿਉਂ ਕਰਮਾਂ ਦੇ ਮਾਰੇ ਦਾ ਤੂੰ, ਵੱਢ ਕੇ ਕਾਲਜਾ ਖਾਵੇਂ
ਰੰਗ-ਬਰੰਗੇ ਸੂਟ, ਜਾਣ ਬੁੱਝ ਧੋ ਕੇ ਤਣੀ 'ਤੇ ਪਾਵੇਂ
ਵਿਹੜੇ ਦੇ ਵਿਚ ਫਿਰੇਂ ਸ਼ੂਕਦੀ, ਸੁਰਖ਼-ਸੁਰਖ਼ ਪੱਬ ਧਰਦੀ...

ਵਿਸ਼ਵ ਦੀਆਂ ਕਲਾਵਾਂ ਵਿਚੋਂ ਸੰਗੀਤ ਅਤੇ ਗਾਇਕੀ, ਮਨੁੱਖੀ ਸਭਿਆਚਾਰ ਦੀਆਂ ਅਹਿਮ ਕਲਾਵਾਂ ਹਨ। ਨਿਪੁੰਨਤਾ ਪੂਰਨ ਮੌਸੀਕੀ ਤੇ ਗਾਇਕੀ ਪ੍ਰਾਪਤ ਕਰਨ ਲਈ ਜੀਵਨ ਸਮਰਪਤ ਕਰਨਾ ਪੈਂਦਾ ਹੈ। ਦੀਦਾਰ ਸੰਧੂ ਨੇ ਲੋਕ-ਗਾਇਕੀ ਅਤੇ ਗੀਤਕਾਰੀ ਲਈ ਆਪਣਾ ਜੀਵਨ ਸਮਰਪਤ ਕੀਤਾ। ਉਸ ਦੇ ਗੀਤ ਅੱਜ ਵੀ ਲੋਕ-ਮਨਾਂ 'ਤੇ ਰਾਜ ਕਰਦੇ ਹਨ।

ਗੀਤ ਦਾ ਅਸਲੀ ਨਿਤਾਰਾ ਤਾਂ ਗਾਉਣ ਨਾਲ ਹੀ ਹੁੰਦਾ ਹੈ। ਜਿਹੜਾ ਗੀਤ ਗਾਉਣ ਲੱਗਿਆਂ ਸਵਾਦ ਨਾ ਦੇਵੇ ਉਹ ਪੋਥੀ ਦੇ ਪੰਨਿਆਂ 'ਤੇ ਤਾਂ ਭਾਵੇਂ ਜਿਉਂਦਾ ਰਹੇ ਪਰ ਲੋਕਾਂ ਦਿਆਂ ਬੁੱਲ੍ਹਾਂ ਉੱਤੇ ਜਿਉਂਦਾ ਨਹੀਂ ਰਹਿ ਸਕਦਾ। ਲੋਕ-ਗੀਤਾਂ ਨੂੰ ਵੀ ਪੋਥੀਆਂ ਦੀ ਛੋਹ ਤਾਂ ਥੋੜ੍ਹੇ ਚਿਰ ਤੋਂ ਹੀ ਲੱਗੀ ਹੈ।"18 ਲੋਕਾਂ ਦੇ ਹੋਠਾਂ 'ਤੇ ਤਾਂ ਇਹ

ਸਦੀਆਂ ਤੋਂ ਖੇਡ ਰਹੇ ਹਨ। ਸਿਆਣਿਆਂ ਦਾ ਕਥਨ ਹੈ ਕਿ ਸੰਗੀਤ, ਚਿੱਤਰ ਅਤੇ ਕਾਵਿ ਕਲਾ ਦਾ ਆਪਸ ਵਿਚ ਗਹਿਰਾ ਸਬੰਧ ਹੈ। ਸ਼ਾਇਦ ਏਹੀ ਕਾਰਣ ਹੈ ਕਿ ਕਵਿਤਾ ਵਿਚ ਸੰਗੀਤਾਤਮਿਕਤਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ ਤੇ ਇਹ ਸੰਗੀਤਾਤਮਿਕਤਾ ਕਵਿਤਾ ਵਿਚ ਛੰਦ ਵਿਧਾਨ ਲਾਗੂ ਹੋਣ ਨਾਲ ਹੀ ਆ ਸਕਦੀ ਹੈ। ਇਹ ਛੰਦ ਹੀ ਹੁੰਦੇ ਹਨ ਜਿਨ੍ਹਾਂ ਦਾ ਕੰਮ ਲੈਅ ਉਪਜਾਣਾ ਹੈ ਤੇ ਜੋ ਸੰਗੀਤ ਦੀ ਮੁੱਖ ਟੇਕ ਹੈ। ਜਦੋਂ ਕੋਈ ਰਚਨਾ ਗਾਈ ਜਾਂਦੀ ਹੈ ਤਾਂ ਉਸ ਵਿਚ ਸੁਹਜ ਤੇ ਸੁਹੱਪਣ ਆਪਣੇ ਆਪ ਸੁਣਨ ਵਾਲੇ ਦੇਸਿਰ ਚੜ੍ਹ ਬੋਲਦੇ ਹਨ।

ਦੀਦਾਰ ਸੰਧੂ ਦੇ ਸਾਰੇ ਹੀ ਗੀਤ/ਦੁਗਾਣੇ ਮਿੱਠੀ ਲੈਅ ਅਤੇ ਸੰਗੀਤਮਕਤਾ ਨਾਲ ਭਰੇ ਪਏ ਹਨ। ਇਹ ਤਾਲ-ਬੰਧ ਤੇ ਗਾਇਨਮਈ ਹਨ। ਜਿੰਨੇ ਵੀ ਗੀਤ ਉਸ ਨੇ ਲਿਖੇ ਹਨ ਉਸ ਦੇ ਬੇਟੇ ਜਗਮੋਹਨ ਸੰਧੂ ਦੇ ਦੱਸਣ ਮੁਤਾਬਿਕ ਸਾਰੇ ਹੀ ਗਾਏ ਹਨ ਤੇ ਰਿਕਾਰਡ ਹੋਏ ਹਨ। ਉਸ ਦੇ ਗੀਤਾਂ ਵਿਚਲੀ ਲੈਅ, ਰਿਦਮ, ਤਾਲ ਤੇ ਰਵਾਨੀ ਬਾ-ਕਮਾਲ ਹੈ। ਗੀਤ ਪੜ੍ਹਦੇ ਸਮੇਂ ਕਿਤੇ ਵੀ ਜ਼ੁਬਾਨ ਅਟਕਦੀ ਨਹੀਂ ਅਤੇ ਰੁਕਦੀ ਨਹੀਂ। ਆਉ ਲੋਹੜੇ ਦੀ ਰਵਾਨਗੀ ਦੇ ਦਰਸ਼ਨ ਕਰੀਏ ਜੀ :

ਅੱਜ ਤੋਂ ਮੈਂ ਬੱਸ ਤੇਰੀ ਹੋਈ ਵੇ ਹਾਣੀਆਂ
ਲਗਦਾ ਨਾ ਚੰਗਾ ਹੋਰ ਕੋਈ ਵੇ ਹਾਣੀਆਂ
ਤੇਰੇ ਬਿਨ ਜ਼ਿੰਦ ਅੱਧਮੋਈ ਵੇ ਹਾਣੀਆਂ
ਅੱਖੀਆਂ 'ਚ ਵੱਸ ਗਿਐਂ, ਦਿਲ ਵਿਚ ਧੱਸ ਗਿਐਂ
ਸੀਨੇ 'ਚ ਸੁਗੰਧ ਬਣ ਲਹਿ ਗਿਆ...

ਅਜਿਹਾ ਤਾਂ ਸ਼ਾਇਦ ਇਕ ਵੀ ਗੀਤ ਨਹੀਂ ਜਿਸ ਦੇ ਕਾਫ਼ੀਏ ਨਾ ਮਿਲਦੇ ਹੋਣ, ਲੈਅ ਤੇ ਰਵਾਨਗੀ ਨਾ ਹੋਵੇ। ਇਕ ਹੋਰ ਵੰਨਗੀ ਵੇਖੋ :

ਐਡੀ ਹੋਈ ਕੀ ਖੁਨਾਮੀ, ਕਾਹਤੋਂ ਰਹਿਨੈਂ ਦੂਰ-ਦੂਰ
ਤੇਰਾ ਮੈਨੂੰ ਜੇ ਪਿਆਰ, ਹੋਣਾ ਤੈਨੂੰ ਵੀ ਜ਼ਰੂਰ
ਤੂੰ ਨੀ ਜਾਣਦਾ ਦੀਦਾਰ, ਹੋ ਕੇ ਵੇਖਾਂ ਪੱਬਾਂ ਭਾਰ
ਜਿਥੋਂ ਪਵੇ ਵੇ ਭੁਲੇਖਾ ਤੇਰੀ ਪੱਗ ਵਰਗਾ
ਵੇ ਤੂੰ ਕੱਲਾ ਮੈਨੂੰ ਲੱਗੇਂ, ਸਾਰੇ ਜੱਗ ਵਰਗਾ...

ਮਹਾਨ ਕੋਸ਼ ਵਿਚ ਭਾਈ ਕਾਹਨ ਸਿੰਘ ਨਾਭਾ ਨੇ 'ਗਤਿ' ਦਾ ਅਰਥ ਚਾਲ ਦੱਸਿਆ ਹੈ। ਪੜ੍ਹਨ ਲੱਗਿਆਂ ਕਿਸੇ ਵੀ ਸ਼ਬਦ 'ਤੇ ਜੀਭ ਨਾ ਰੁਕੇ ਸਗੋਂ ਤਿਲਕ-ਤਿਲਕ ਅਗਲੇ ਸ਼ਬਦਾਂ 'ਤੇ ਜਾ ਟਿਕੇ, ਇਹ ਹੀ ਰਵਾਨਗੀ ਜਾਂ ਸਰਲਤਾ ਹੈ। ਨਿਰੰਤਰ ਪ੍ਰਵਾਹ ਜਾਂ ਰਵਾਨਗੀ ਨੂੰ ਪਿੰਗਲ ਵਿਚ 'ਗਤਿ' ਕਰ ਕੇ ਜਾਣਿਆ ਹੈ। ਸ਼ਬਦਾਂ ਦਾ ਤਰਤੀਬ ਵਿਚ ਪੜ੍ਹਨ ਲੱਗਿਆਂ ਕਿਤੇ ਵੀ ਹਝੋਕਾ ਜਾਂ ਰੁਕਾਵਟ ਮਹਿਸੂਸ ਨਾ ਹੋਵੇ।

ਦੀਦਾਰ ਸੰਧੂ ਦੇ ਦੁਗਾਣੇ ਦੀਆਂ ਸਤਰਾਂ 'ਗਤਿ' ਦੇ ਸਬੰਧ ਵਿਚ ਪੇਸ਼ੇ-ਨਜ਼ਰ ਹਨ :

ਇਹ ਦੁਨੀਆ ਤਿਲਕਣ ਬਾਜ਼ੀ ਐ
ਖ਼ਬਰੇ ਰੱਬ ਕਿੱਦਾਂ ਰਾਜ਼ੀ ਐ !

ਇਨ੍ਹਾਂ ਸਤਰਾਂ ਦੀ ਰਵਾਨਗੀ ਐਸੀ ਹੈ ਕਿ ਪੜ੍ਹਦਾ-ਪੜ੍ਹਦਾ ਪਾਠਕ ਕਿਤੇ ਵੀ ਰੁਕਦਾ ਨਹੀਂ। ਸ਼ੂਕਦੇ ਦਰਿਆ ਵਰਗੀ ਰਵਾਨਗੀ ਹੈ ! ਜੇਕਰ ਇਨ੍ਹਾਂ ਹੀ ਸਤਰਾਂ ਨੂੰ ਬਿਨਾਂ ਮਾਤਰਾ ਤੋਂ ਅੱਗੇ-ਪਿੱਛੇ ਕਰ ਦੇਈਏ ਤਾਂ ਰਵਾਨਗੀ ਦਾ ਭੋਗ ਹੀ ਪੈ ਜਾਵੇਗਾ। **ਆਉ ਕਰ ਕੇ ਵੇਖੀਏ :**

ਤਿਲਕਣ ਬਾਜ਼ੀ ਐ, ਇਹ ਦੁਨੀਆ
ਕਿੱਦਾਂ ਰਾਜ਼ੀ ਐ, ਖ਼ਬਰੇ ਰੱਬ !

ਰਵਾਂ ਚਾਲ ਚੱਲਣ ਵਾਲਾ ਛੰਦ, ਕੋਰੜਾ ਛੰਦ, ਵਰਣਿਕ ਛੰਦ ਹੈ। ਕਵੀ ਦਰਬਾਰਾਂ ਵਿਚ ਮਲਵਈ ਕਵੀਸ਼ਰ ਹੇਕਾਂ ਲਾ ਲਾ ਕੇ ਇਸ ਛੰਦ ਨੂੰ ਗਾਉਂਦੇ ਹਨ। ਭਾਈ ਕਾਹਨ ਸਿੰਘ ਨਾਭਾ ਇਸ ਛੰਦ ਨੂੰ 'ਅਨੰਦ' ਵੀ ਆਖਦੇ ਹਨ। ਇਸ ਛੰਦ ਦੀਆਂ ਚਾਰ ਤੁਕਾਂ ਹੁੰਦੀਆਂ ਹਨ। ਇਕ ਤੁਕ ਵਿਚ 13-14 ਵਰਣ ਹੁੰਦੇ ਹਨ। ਧਨੀ ਰਾਮ ਚਾਤ੍ਰਿਕ ਨੇ ਆਪਣੀਆਂ ਕਵਿਤਾਵਾਂ ਵਿਚ ਇਸ ਛੰਦ ਦੀ ਕਾਫ਼ੀ ਵਰਤੋਂ ਕੀਤੀ ਹੈ।

ਦੀਦਾਰ ਸੰਧੂ ਆਪਣੇ ਗੀਤਾਂ ਵਿਚ ਜਿਥੇ ਰਵਾਨਗੀ ਦਾ ਹੜ੍ਹ ਭਰ ਦਿੰਦਾ ਹੈ, ਉਥੇ ਉਹ ਸਥਾਪਿਤ ਛੰਦ-ਰੂਪ ਵੀ ਵਰਤਦਾ ਹੈ। ਕੋਰੜਾ ਛੰਦ ਦੀ ਇਕ ਵੰਨਗੀ ਪੇਸ਼ ਹੈ :

ਮੱਥੇ ਉੱਠ ਕੇ ਸਵੇਰੇ, ਤੇਰੇ ਲੱਗੀ ਮੈਂ
ਅੱਜ ਮਿੱਤਰਾ ਅਧੂਰੀ ਜਿਹੀ, ਸੱਜੀ ਮੈਂ...
ਨੀ ਮੈਂ ਸਾਰੇ ਦੁੱਖ, ਸਿਰ ਉੱਤੇ ਝੱਲ ਲੂੰ
ਜ਼ਿੰਦ ਸਿੱਟਤੀ ਵਗ੍ਹਾ ਕੇ, ਤੇਰੇ ਵੱਲ ਨੂੰ...

ਜੋਗਾ ਸਿੰਘ ਜੋਗੀ ਮਾਝੇ ਦਾ ਪ੍ਰਸਿੱਧ ਕਵੀਸ਼ਰ ਹੈ। ਉਸ ਨੇ ਨਜ਼ਮ-ਛੰਦ ਦਾ ਪ੍ਰਯੋਗ ਬਹੁਤ ਕੀਤਾ ਹੈ। ਇਕ ਹੋਰ ਕਵੀਸ਼ਰ ਗੁਰਦਿਆਲ ਸਿੰਘ 'ਦਿਆਲ' ਵੀ ਇਸ ਛੰਦ ਦਾ ਪ੍ਰਯੋਗ ਕਰਦੇ ਹਨ। ਵੇਖੋ :

ਕੁਦਰਤ ਦੇ ਅਜ਼ਮ ਕ੍ਰਿਸ਼ਮੇਂ ਨੂੰ
ਲੱਖ ਵਾਰੀ ਮੈਂ ਪ੍ਰਣਾਮ ਕਰਾਂ।
ਖਾਲਕ ਤੇ ਖਲਕਤ ਸਾਰੀ ਦਾ
ਧੰਨਵਾਦ ਸੁਭਾ ਤੇ ਸ਼ਾਮ ਕਰਾਂ.....

ਉਪਰੋਕਤ ਛੰਦ ਦੀ ਲੈਅ, ਰਵਾਨਗੀ ਤੇ ਚਾਲ-ਢਾਲ ਵਾਲਾ ਦੀਦਾਰ ਸੰਧੂ ਦਾ ਗੀਤ ਵੇਖੋ :

ਜਿਥੇ ਪਿੜ ਬੱਝਦਾ ਗਿਧਿਆਂ ਦਾ
ਇਕ ਬੋਹਲ ਹੁਸਨ ਦਾ ਲੱਗ ਜਾਂਦਾ
ਹੁੰਦੇ ਨੇ ਸੌਦੇ ਕਿਸਮਤ ਦੇ

ਇਕ ਹੁਸਨ ਇਸ਼ਕ ਨੂੰ ਠੱਗ ਜਾਂਦਾ
ਮੋਰਾਂ ਨੂੰ ਮਸਤੀ ਚੜ੍ਹ ਜਾਂਦੀ
ਹੜ੍ਹ ਵਾਂਗ ਜਵਾਨੀ ਹੜ੍ਹ ਜਾਂਦੀ...
ਇਕ ਹੋਰ ਗੀਤ ਪੇਸ਼ ਹੈ :
ਕੋਈ ਝੱਖੜ ਝੁੱਲਣ ਵਾਲਾ ਏ
ਕੁਝ ਸਮਝ ਕੁੜੇ ਕੁਝ ਸੋਚ ਕੁੜੇ
ਟਹਿਣੀ ਤੋਂ ਟੁੱਟਦੀਏ ਕਲੀਏ ਨੀ
ਤੈਨੂੰ ਰਾਹ ਵਿਚ ਲੈਣਾ ਬੋਚ ਕੁੜੇ
ਨੈਣਾਂ ਨਾਲ ਨੈਣ ਮਿਲਾ ਕੁੜੀਏ
ਤੂੰ ਝਾਂਜਰ ਨੂੰ ਛਣਕਾ ਕੁੜੀਏ...

ਇਸੇ ਛੰਦ ਦੀ ਇਕ ਹੋਰ ਵੰਨਗੀ :

ਫ਼ਿਲਮਾਂ ਵਿਚ ਲੱਗਦੀ ਟੁੱਟਦੀ ਐ
ਕਿਤੇ ਲਾਈ ਜ਼੍ਹਾ ਕਿਤੋਂ ਟੁੱਟੀ ਜ਼੍ਹਾ
ਏਹ ਤਾਂ ਘਾਲੋਂ ਜੇਹੀ ਲੱਗਦੀ ਐ
ਛਿੱਤਰ ਨਾਲ ਘੁੱਗੀ ਕੁੱਟੀ ਜਾ
ਮੈਂ ਡਰਦੀ ਹਾਂ ਇਹ ਰੋਗ ਬੁਰਾ
ਜਿਹੜਾ ਇਕ ਦੂਜੇ ਤੋਂ ਲੱਗਦਾ ਨੀ
ਮੇਰਾ ਜੇਠ ਲੂੰਈ ਕੰਢਿਆਈ ਫਿਰੇ
ਏਹਨੂੰ ਮੂੰਹ-ਖੁਰ ਹੋਇਆ ਲੱਗਦਾ ਨੀ.....

ਪਿੰਗਲ ਵਿਚ ਇਕ ਛੰਦ ਹੈ 'ਮਨੋਹਰ ਭਵਾਨੀ' ਜਿਸ ਨੂੰ ਅਜੋਕੇ ਵਿਦਵਾਨ 'ਕੋਰੜਾ ਕਬਿੱਤ' ਵੀ ਆਖਦੇ ਹਨ। ਦੀਦਾਰ ਸੰਧੂ ਦਾ ਇਸੇ ਛੰਦ-ਰੂਪ ਦੀ ਚਾਲ ਵਿਚ ਰਚਿਆ ਦੁਗਾਣਾ ਪੇਸ਼ ਹੈ :

1. *ਪੰਜੇ ਦਿਉਰ ਕੁਆਰੇ ਭਾਬੀ*
ਮੇਰੇ ਵੱਲੇ ਵੇਖ ਸ਼ਤਾਬੀ
ਉੱਡਦਾ ਜਾਂਦਾ ਰੰਗ ਗੁਲਾਬੀ
ਤੇਰੇ ਚਰਨੀ ਪੈਂਦੇ ਹਾਂ
ਸੌਂਹ ਤੇਰੀ ਸਾਕ ਲਿਆ ਦੇ
ਭਾਬੀ ਹੌਕੇ ਲੈਂਦੇ ਹਾਂ...
2. *ਆਵੇਂ ਕਰ ਕੇ ਕੰਮ ਨਿਕੰਮੇ*
ਹੁਣ ਕਿਉਂ ਹੌਕੇ ਭਰਦੈਂ ਲੰਮੇ
ਸਾਡੇ ਪਿੰਡ ਕੁੜੀ ਨਾ ਜੰਮੇ
ਤੂੰ ਗੱਲ ਸੁਣ ਲੈ ਭੋਰਾ ਵੇ

ਫੇਰ ਕਹੇਂਗਾ ਝੂਠ ਬੋਲਦੀ
ਭਾਬੀ ਦਿਉਰਾ ਵੇ...

3. *ਥੋਡੇ ਪਿੰਡ ਕੇਹੋ-ਜਿਹੀਆਂ ਬੂੜ੍ਹੀਆਂ*
ਜੰਮਣ ਮੁੰਡੇ ਛੱਡ ਕੇ, ਕੁੜੀਆਂ
ਏਹ ਨਾ ਗੱਲਾਂ ਭਾਬੀਏ ਬੁੜੀਆਂ
ਕਿੱਦਾਂ ਚਿੱਤ ਸਮਝਾਈਏ ਨੀ
ਚਲ ਇਕ ਬੂੜ੍ਹੀ ਲਿਆਦੇ ਸਾਨੂੰ
ਉਸ ਨੂੰ ਪਿਉਂਦ ਚੜ੍ਹਾਈਏ ਨੀ...

ਮੁੱਕਦੀ ਗੱਲ ਤਾਂ ਇਹ ਹੈ ਕਿ ਦੀਦਾਰ ਸੰਧੂ ਦੇ ਗੀਤਾਂ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਛੰਦ ਜ਼ਰੂਰ ਪਿਆ ਹੈ। ਆਉ ਇਕ ਝਲਕਾਰਾ 'ਡਬਲ ਟਰਨ' ਛੰਦ ਦਾ ਵੀ ਲੈ ਲਈਏ :

ਲੋਕ ਕਹਿਣ ਜੀਹਨੂੰ ਰੰਗਲਾ ਚੂੜਾ
ਮੈਂ ਸਮਝਾਂ, ਇਹ ਜੁਲਮ
ਜਵਾਨੀ ਵਿਚ ਮੁਟਿਆਰਾਂ ਫੜੀਆਂ
ਲਗਾ ਹੱਥ ਕੜੀਆ...

ਪਿੰਗਲ-ਸ਼ਾਸ਼ਤਰ ਦੇ ਵਿਦਵਾਨ, ਦੀਦਾਰ ਸੰਧੂ ਦੇ ਗੀਤਾਂ ਦੀ ਗਹਿਨ ਪੜਚੋਲ ਕਰਨ ਤਾਂ ਸਾਨੂੰ ਬਹੁਤ ਕੁਝ ਨਵੀਨ ਅਤੇ ਮੌਲਿਕ ਛੰਦ-ਰੂਪ ਵੀ ਪ੍ਰਾਪਤ ਹੋਣ ਦੀ ਸੰਭਾਵਨਾ ਹੈ।

ਹਰ ਲੇਖਕ ਜਾਂ ਸਾਹਿਤਕਾਰ ਦਾ ਲਿਖਣ ਢੰਗ ਤੇ ਪ੍ਰਗਟਾਉ ਢੰਗ ਆਪਣਾ ਹੁੰਦਾ ਹੈ। ਕਵੀ ਆਪਣੇ ਤਜਰਬੇ ਅਤੇ ਮਨੋਭਾਵਾਂ, ਸਧਰਾਂ, ਰੀਝਾਂ ਆਦਿ ਪ੍ਰਗਟਾਉਣ ਸਮੇਂ ਇਕ ਖ਼ਾਸ ਅੰਦਾਜ਼ ਵਿਚ ਪੇਸ਼ਕਾਰੀ ਕਰਦਾ ਹੈ। ਇਹ ਅੰਦਾਜ਼ ਉਸ ਦੀ ਸ਼ੈਲੀ ਹੁੰਦੀ ਹੈ। ਜਿਸ ਤਰ੍ਹਾਂ ਪ੍ਰਸਿੱਧ ਗਾਇਕ ਗੁਰਦਾਸ ਮਾਨ ਦੀ ਗਾਇਨ ਸ਼ੈਲੀ, ਬਿਲਕੁਲ ਹਾਕਮ ਸੂਫ਼ੀ ਵਾਲੀ ਹੈ, ਜੋ ਕਿ ਗਾਇਕ ਦੀ ਪ੍ਰਤਿਭਾ ਤੇ ਮੌਲਿਕਤਾ ਉੱਤੇ ਪ੍ਰਸ਼ਨ-ਚਿੰਨ੍ਹ ਲਾਉਂਦੀ ਹੈ !

ਦੀਦਾਰ ਸੰਧੂ ਦੀ ਲਿਖਣ ਅਤੇ ਗਾਇਨ ਸ਼ੈਲੀ ਨਿਵੇਕਲੀ ਹੋਣ ਨਾਲ-ਨਾਲ ਮੌਲਿਕ ਵੀ ਹੈ। ਕੋਈ ਇਹ ਨਹੀਂ ਆਖ ਸਕਦਾ ਕਿ ਦੀਦਾਰ ਸੰਧੂ 'ਅਮਕੇ' ਕਲਾਕਾਰ ਵਾਂਗੂੰ ਗਾਉਂਦਾ ਹੈ। ਹਾਂ ਇਹ ਸੰਭਵ ਹੈ ਕਿ ਕੋਈ ਨਵਾਂ ਕਲਾਕਾਰ ਦੀਦਾਰ ਵਾਂਗੂੰ ਗਾਉਣ ਲੱਗ ਪਵੇ ਕਿਉਂਕਿ ਅੱਜ ਕੱਲ੍ਹ 'ਵਾਂਗੂੰ' ਗਾਉਣਾ ਵੀ ਫ਼ੈਸ਼ਨ ਬਣਦਾ ਜਾ ਰਿਹਾ ਹੈ) ਗਾਇਕੀ ਦੇ ਖੇਤਰ ਵਿਚ ਆਪਣੇ ਉਸਤਾਦ ਜਨਾਬ ਮੁਹੰਮਦ ਸਦੀਕ ਤੋਂ ਵੀ, ਉਸ (ਦੀਦਾਰ) ਦੀ ਗਾਇਨ ਸ਼ੈਲੀ ਬਿਲਕੁਲ ਅਲੱਗ ਤੇ ਨਿਵੇਕਲੀ ਹੈ। ਉਹ ਖ਼ੁਦ ਆਪਣੇ ਆਪ ਵਿਚ ਨਿਵੇਕਲਾ ਗਾਇਕ ਅਤੇ ਮੌਲਿਕ ਗੀਤਕਾਰ ਹੈ।

ਵਾਰਤਾਲਾਪ ਤਾਂ ਦੁਗਾਣੇ ਦੀ ਜ਼ਿੰਦ-ਜਾਨ ਹੀ ਹੁੰਦਾ ਹੈ, ਇਸ ਦੇ ਨਾਲ ਹੀ ਦੀਦਾਰ ਸੰਧੂ, ਸੰਬੋਧਨੀ ਸ਼ੈਲੀ ਦਾ ਕਲਾਤਮਿਕ ਇਸਤੇਮਾਲ ਕਈ ਗੀਤਾਂ ਵਿਚ

ਕਰਦਾ ਹੈ। ਪਾਤਰਾਂ ਦੇ ਵਾਰਤਾਲਾਪ ਰਾਹੀਂ ਪਤੀ-ਪਤਨੀ, ਦਿਉਰ-ਭਾਬੀ, ਵੀਰ, ਸਹੇਲੀਆਂ, ਸੱਸ, ਮਾਂ, ਪ੍ਰੇਮੀ, ਪ੍ਰੇਮਿਕਾ, ਰਾਹਗੀਰ, ਮਰਦ ਅਤੇ ਔਰਤ ਨੂੰ ਯਥਾ-ਸ਼ਕਤੀ ਸੰਬੋਧਨ ਕਰਵਾਉਣ ਦੀ ਤਕਨੀਕ, ਵੱਖੋ-ਵੱਖ ਪਾਤਰਾਂ ਦੀ ਸੰਬੋਧਨੀ ਸ਼ੈਲੀ ਵਿਚ, ਤਰਤੀਬ ਨਾਲ ਪੇਸ਼ ਹੈ :

ਮਾਂ ਨੂੰ ਸੰਬੋਧਨ :

1. ਜ਼ਰਾ ਛੇਤੀ ਕੰਮ ਨਬੇੜ, ਮਾਏ ਮੈਂ ਸੌਣਾ ਨੀ
ਮੈਨੂੰ ਅੱਜ ਸੁਪਨੇ ਵਿਚ, ਮਿਲਣ ਮਾਹੀ ਨੇ ਆਉਣਾ ਨੀ...
2. ਮਾਏ ਨੀ ਮਾਏ, ਤੇਰੀ ਲਾਡਲੀ; ਨੀ ਤੇਰੀ ਬਾਲੜੀ ਚੱਲੀ...

ਭਰਾ/ਵੀਰ ਨੂੰ :

ਵੀਰਾ ਵੇ ਵੀਰਾ, ਖੂਹਾਂ ਵਾਲਿਆ ਵੇ, ਜੂਹਾਂ ਵਾਲਿਆ ਵੇ
ਕਿਤੇ ਭੁੱਲ ਨਾ ਜਾਵੀਂ...
ਭਰਜਾਈ ਨੂੰ ਨਨਾਣ ਵੱਲੋਂ :
ਆਜਾ ਨੀ ਆਜਾ ਭਾਬੋ ਮੇਰੀਏ ਨੀ, ਹੰਝੂ ਕੇਰੀਏ
ਕੋਈ ਦਿਉ ਨਿਸ਼ਾਨੀ...

ਸੱਸ ਨੂੰ :

ਆਜਾ ਨੀ ਸੱਸੇ, ਡੋਲੀ 'ਤਾਰ ਲੈ, ਨੀ ਪਾਣੀ ਵਾਰ ਲੈ
ਗੱਡੀ ਰੁਕ ਗਈ ਆਪੇ...

ਦਿਉਰ ਵੱਲੋਂ ਭਾਬੀ ਨੂੰ :

ਗੋਰਿਆਂ ਪੈਰਾਂ ਨੂੰ, ਤੇਰੇ ਝਾਂਜਰਾਂ ਘੜਾਦੂੰ
ਜੇ ਤੂੰ ਕਰ ਕੇ ਵਿਖਾ ਦੇਂ, ਹੇਰਾ-ਫੇਰੀ
ਭਾਬੀ ਤੇਰਾ ਕੀ ਘਸਜੂ, ਜੇ ਬਣਜੇਂ ਵਿਚੋਲਣ ਮੇਰੀ !...

ਪਤੀ, ਪਤਨੀ ਨੂੰ :

ਹਾਸੇ ਭਾਣੇ ਲੱਗਗੀ, ਪਰਾਣੀ ਤੇਰੇ ਗੁੱਟ ਉੱਤੇ
ਜਾਣ-ਬੁੱਝ ਕੇ ਨਾ ਛੇੜਾਂ ਛੇੜੀਆਂ...

ਪਤਨੀ ਵੱਲੋਂ :

ਭੰਨ ਕੇ ਖਿੰਡਾਈਆਂ ਸਾਰੇ ਵਿਹੜੇ ਵਿਚ ਜ਼ਾਲਮਾਂ ਵੇ
ਰੀਝਾਂ ਨਾਲ ਪਾਈਆਂ ਸੀ ਮੈਂ ਚੂੜੀਆਂ
ਵੇ ਦਿਨੇ ਲੜਦੈਂ ਤੇ ਰਾਤੀਂ ਗੱਲਾਂ ਗੂੜ੍ਹੀਆਂ...

ਪ੍ਰੇਮੀ, ਪ੍ਰੇਮਿਕਾ ਨੂੰ :

ਤੇਰਾ ਨੀ ਮੈਂ ਤੇਰਾ, ਚੰਨੋਂ ਹਾਏ ਨੀ ਮੈਂ ਤੇਰਾ
ਕੱਲਾ ਕਿਵੇਂ ਰਵ੍ਹਾਂ, ਮੇਰਾ ਐਨਾ ਕਿਥੇ ਜ਼ੇਰਾ

ਮੰਨ ਮਿੰਨਤ ਕਢਾਅ ਲੈ ਹਾੜੇ, ਅਸੀਂ ਤੇਰੇ ਹਿਜ਼ਰ ਦੇ ਮਾਰੇ
ਦੁੱਖੀਏ ਆਸ਼ਕ ਨੂੰ, ਨਾ ਝਿੜਕੀਂ ਮੁਟਿਆਰੇ...

ਪ੍ਰੇਮੀ-ਪ੍ਰੇਮਿਕਾ ਦਾ ਸੰਬੋਧਨੀ ਵਾਰਤਾਲਾਪ, ਸਾਰੇ ਦੁਗਾਣੇ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦਾ ਹੈ। ਭਾਵਾਂ ਦੀ ਤੀਬਰਤਾ ਅਤੇ ਅਭਿਵਿਅਕਤੀ ਤੀਖਣ ਹੋ ਨਿੱਬੜਦੀ ਹੈ।

ਰਾਹਗੀਰ ਨੂੰ ਔਰਤ ਪਾਤਰ ਸੰਬੋਧਿਤ ਹੋ ਕੇ ਆਪਣੇ ਫ਼ੌਜੀ ਪਤੀ ਨੂੰ ਸੁਨੇਹਾ ਦਿੰਦੀ ਹੋਈ ਕਹਿੰਦੀ ਹੈ :

ਰਾਹੀਆ ਜਾਂਦਿਆ ਜੇ ਜਾਣਾ, ਮੇਰੇ ਢੋਲ ਦੀ ਤੂੰ ਛਾਉਣੀ
ਵੇ ਇਕ ਦਈਂ ਸੁਨੇਹੜਾ, ਨਹੀਂ ਜੀ ਲਗਦਾ ਮੇਰਾ...

ਪ੍ਰਸ਼ਨੋਤਰੀ ਸ਼ੈਲੀ ਸਟੇਜੀ ਕਵੀ ਅਤੇ ਕਵੀਸ਼ਰ ਸਵਾਲ-ਜਵਾਬ ਦੇ ਰੂਪ ਵਿਚ ਸਿਰਜ ਕੇ ਇਕ ਵੱਖਰਾ ਕਾਵਿ-ਅੰਦਾਜ਼ ਪੇਸ਼ ਕਰਦੇ ਰਹੇ ਹਨ। ਇਸ ਸਵਾਲ-ਜਵਾਬ ਪਰੰਪਰਾ ਨੂੰ ਦੀਦਾਰ ਸੰਧੂ ਆਪਣੇ ਹੀ ਢੰਗ ਨਾਲ ਵਰਤਦਾ ਹੈ। ਦਿਉਰ-ਭਾਬੀ ਦੇ ਸਵਾਲ-ਜਵਾਬ ਵੇਖੋ :

ਦਿਉਰ : ਬੋਲ ਭਾਬੀਏ ਨੀ ਮੈਂ ਬੋਲੀ ਜਾਵਾਂ ਕਿ ਨਾ ?
ਭਾਬੀ : ਗੱਲ ਸੁਣ ਦਿਉਰਾ ਵੇ ਮੈਂ ਨੱਚਦੀ ਆਵਾਂ ਕਿ ਨਾ ?

ਪਤੀ-ਪਤਨੀ ਰਾਹੀਂ ਪ੍ਰਸੰਸਾਤਮਿਕ ਢੰਗ ਨਾਲ ਪ੍ਰਸ਼ਨੋਤਰੀ ਸ਼ੈਲੀ ਦਾ ਉਪਯੋਗ ਕਰਨਾ ਵੀ ਦੀਦਾਰ ਸੰਧੂ ਦਾ ਨਿਵੇਕਲਾ ਢੰਗ ਹੈ। ਵੇਖੋ :

ਪਤਨੀ : ਤੂੰ ਨ੍ਹੇਰੇ ਘਰ ਦਾ ਚਾਨਣ
ਪਤੀ : ਤੂੰ ਚਾਨਣ ਤੋਂ ਵੀ ਚਿੱਟੀ
ਪਤਨੀ : ਦੋਹਾਂ 'ਚੋਂ ਕਿਹੜਾ ਸੁਹਣਾ ?
ਪਤੀ : ਗੱਲ ਤੇਰੇ ਉੱਤੇ ਸਿੱਟੀ !

ਅੱਗੇ ਹੋਰ ਵੇਖੋ :

ਪਤਨੀ : ਠੇਕੇ ਤੇ ਜਾਇਆ ਨਾ ਕਰ
ਪਤੀ : ਜੇ ਹੁਣ ਜਾਵਾਂ ਤਾਂ ਜਾਣੀ
ਪਤਨੀ : ਅੱਜ ਕਾਹਤੋਂ ਪੀ ਕੇ ਆਇਐਂ ?
ਪਤੀ : ਇਹ ਤਾਂ ਤੂੰ ਆਪ ਸਿਆਣੀ !...

ਪ੍ਰਸ਼ਨੋਤਰੀ ਸ਼ੈਲੀ ਦੀ ਇਕ ਹੋਰ ਵੰਨਗੀ ਵੇਖੋ :

1. ਪਤੀ : ਕੁਝ ਸੁਣ ਬੱਲੀਏ ਨੀ ਸੁਣ
ਪਤਨੀ : ਦੱਸ ਵੇ
ਪਤੀ : ਤੈਨੂੰ ਕੌਣ ਸਤਾਉਂਦਾ
ਪਤਨੀ : ਸੱਸ ਵੇ...

2. ਪਤਨੀ : ਕੁਝ ਸੁਣ ਮੁੰਡਿਆ ਵੇ ਸੁਣ
ਪਤੀ : ਹੂੰ ਨੀ
ਪਤਨੀ : ਤੈਨੂੰ ਕੌਣ ਪਿਆਰੀ ?
ਪਤੀ : ਤੂੰ ਨੀ...

ਇਸ ਪੱਖੋਂ ਇਹ ਸਾਰਾ ਗੀਤ ਵੇਖਿਆ ਜਾ ਸਕਦਾ ਹੈ।

ਆਸ਼ਕ : ਮਾਸੂਕ ਦੇ ਵਾਰਤਾਲਾਪ ਰਾਹੀਂ ਪ੍ਰਸ਼ਨੋਤਰੀ ਸ਼ੈਲੀ ਦੇ ਦਰਸ਼ਨ ਕਰੋ :

ਮੋਤੀ ਬਜ਼ਾਰ ਦਾ ਤੋਤਾ ਸਹੇਲੀਉ ਕੀ ਮੰਗਦਾ ?
ਛੱਡ ਖੇੜਿਆਂ ਦੀ ਸਰਦਾਰੀ, ਇਹ ਨੌਕਰ ਕਹਾਊ
ਝੰਗ ਦਾ !
ਕੱਛੇ ਵੰਝਲੀ ਮੋਢੇ ਦੇ ਉੱਤੇ ਕੰਬਲੀ,
ਨੀ ਸੁੱਖੀ-ਸਾਂਦੀ ਕੌਣ ਟੰਗਦਾ ?...

ਪ੍ਰਸ਼ਨੋਤਰੀ ਸ਼ੈਲੀ ਦਾ ਗੀਤ ਸਿਰਜ ਕੇ ਪ੍ਰੇਮੀ ਪ੍ਰੇਮਿਕਾ ਦੇ ਵਾਰਤਾਲਾਪ ਨੂੰ ਗੀਤ ਦੇ ਅਖ਼ੀਰ ਵਿਚ ਗੁੱਝਾ ਨਾਟਕੀ ਰੰਗ ਭਰਨਾ ਤੇ ਨਾਟਕੀ ਸ਼ੈਲੀ ਦਾ ਪ੍ਰਭਾਵ ਸਿਰਜਣਾ ਵੀ ਦੀਦਾਰ ਸੰਧੂ ਦੀ ਕਲਾਤਮਿਕ ਖ਼ੂਬੀ ਹੈ। ਆਉ ਆਪਾਂ ਉਸ ਦੇ ਇਸ ਨਿਆਰੇ ਅੰਦਾਜ਼ ਨੂੰ ਉਸ ਦੇ ਦੁਗਾਣੇ ਵਿਚੋਂ ਤੱਕੀਏ :

ਮਰਦ : ਤੇਰੇ ਮਨ ਦਾ ਮਹਿਰਮ !
ਔਰਤ : ਉਹ ਕਿਹੜਾ ?
ਮਰਦ : ਕਿਤੇ ਆਪੇ ਈ ਮਿਲਪੂ !
ਔਰਤ : ਉਹ ਕਿਹੜਾ ?...
ਮਰਦ : ਉਹਨੇ ਪ੍ਰਗਟ ਹੋ ਕੇ !
ਔਰਤ : ਕੀ ਕਰਨਾ ?
ਮਰਦ : ਤੇਰੇ ਕੋਲ ਖਲੋ ਕੇ !
ਔਰਤ : ਕੀ ਕਰਨਾ ?
ਮਰਦ : ਉਹ ਇਕ-ਨਾ-ਇਕ ਦਿਨ
ਬੇਖ਼ਬਰੀ 'ਚ ਤੇਰਾ ਕਰ ਕੇ
ਤਰਜ਼ਮਾ ਲੈਜੂਗਾ...
ਔਰਤ : ਇਕ ਪੁੱਛਾਂ ਬੁਝਾਰਤ !
ਮਰਦ : ਉਹ ਕਿਹੜੀ ?
ਔਰਤ : ਕਿਤੇ ਤੂਹੀਉਂ ਤਾਂ ਨਹੀਂ !
ਮਰਦ : ਉਹ ਤੇਰੀ !...

ਇਕ ਮੁਟਿਆਰ-ਮਾਸੂਕ, ਨਹਿਰ ਵਿਚ ਨਹਾ ਰਹੀ ਹੈ, ਬਿਲਕੁਲ ਇਕੱਲਤਾ

ਮਹਿਸੂਸ ਕਰਦੀ ਅੰਗੜਾਈ ਲੈਂਦੀ ਹੈ ਪਰੰਤੂ ਉਸ ਦਾ ਆਸ਼ਕ ਉਸ ਨੂੰ ਵੇਖ ਲੈਂਦਾ ਹੈ। ਦੀਦਾਰ ਸੰਧੂ ਦੁਗਾਣੇ ਦਾ ਅੰਤ ਜ਼ਬਰਦਸਤ ਨਾਟਕੀ ਢੰਗ ਨਾਲ ਇਉਂ ਕਰਦਾ ਹੈ :

ਕੁੜੀ : ਝੱਟ ਸੋਚਾਂ ਵਿਚ ਡੁੱਬੀ, ਅੱਗੇ-ਪਿੱਛੇ ਝਾਤੀ ਮਾਰ
ਚੋਰੀ ਲਈ ਅੰਗੜਾਈ, ਵੇ ਮੈਂ ਅੱਜ ਪਹਿਲੀ ਵਾਰ
ਮੁੰਡਾ : ਤੂੰ ਕੀ ਜਾਣੇ ? ਜਾਨੀ ਚੋਰ, ਉਹਲੇ ਖੜ੍ਹਾ ਸੀ ਦੀਦਾਰ !...

ਪੇਂਡੂ ਮੁਹਾਵਰੇਦਾਰ ਬੋਲੀ ਵਿਚ ਗੀਤ-ਰਚਨਾ ਕਰਦੇ ਹੋਏ ਦੀਦਾਰ ਨੇ ਭਾਸ਼ਾ ਵੀ ਸਰਲ, ਸੁਭਾਵਿਕ ਤੇ ਠੇਠ ਉਪਯੋਗ ਕੀਤੀ। ਸ਼ੁਧ ਪੇਂਡੂ ਭਾਸ਼ਾ ਰਾਹੀਂ ਉਹ ਆਖਦਾ ਹੈ :

ਅਸੀਂ ਯਾਰਾਂ ਦੇ ਹਾਂ ਯਾਰ, ਰਹੀਏ ਲੁੱਟਦੇ ਬਹਾਰ
ਤਾਹੀਉਂ ਭਰੋਵਾਲ ਪਿੰਡ ਮਸ਼ਹੂਰ ਹੋ ਗਿਆ
ਸਾਨੂੰ ਲੰਡੂ ਪੈੱਗ ਲੱਗੇ ਜਿਹਾ ਸਰੂਰ ਹੋ ਗਿਆ...

ਸ਼ੁਧ ਤੇ ਸਰਲ ਭਾਸ਼ਾ ਵਿਚ ਪੇਂਡੂ ਠੇਠਤਾ ਦਾ ਨਮੂਨਾ ਵੇਖੋ :

ਜਦੋਂ ਤੁਰਦਾ ਤੇ ਲੰਗੜਾਂਦਾ ਨੀ, ਨਾ ਪੀਂਦਾ ਨਾ ਕੁਝ ਖਾਂਦਾ ਨੀ
ਇਹਦੀ ਨੀਤ-ਨੂਤ ਵਿਚ ਫ਼ਰਕ ਦਿਸੇ, ਮੂੰਹ ਭਰੀ ਫਿਰੇ ਕਿਉਂ ਝੱਗਦਾ ਨੀ
ਮੇਰਾ ਜੇਠ ਲੂੰਈਂ ਕੰਢਿਆਈ ਫਿਰੇ, ਇਹਨੂੰ ਮੂੰਹ-ਖੁਰ ਹੋਇਆ ਲਗਦਾ ਨੀ...

ਦੀਦਾਰ ਸੰਧੂ ਦੇ ਗੀਤਾਂ ਵਿਚ ਪੇਂਡੂ ਰਹਿਤਲ ਦਾ ਅਨੁਭਵ ਸਿਖ਼ਰਾਂ ਛੂਹੰਦਾ ਹੈ। ਇਸ਼ਕ-ਮੁਹੱਬਤ ਦੇ ਰਿਸ਼ਤੇ ਦੀ ਗੱਲ ਕਰਨ ਵੇਲੇ ਵੀ ਉਸ ਦਾ ਨਿੱਜੀ ਤੇ ਮੌਲਿਕ ਅਨੁਭਵ, ਤੁਲਨਾ ਕਰਨ ਦਾ ਲਹਿਜਾ, ਨਿਰੋਲ ਪੇਂਡੂ ਹੀ ਰਹਿੰਦਾ ਹੈ। ਪੰਜਾਬ ਦੇ ਪਿੰਡਾਂ ਅਤੇ ਖੇਤਾਂ ਵਿਚਲੇ ਯਥਾਰਥਕ ਬਿੰਬ ਤੇ ਪ੍ਰਤੀਕ ਉਸ ਦੀ ਭਾਸ਼ਾ ਅਤੇ ਬੋਲੀ ਨੂੰ ਬਲ ਪ੍ਰਦਾਨ ਕਰਦੇ ਹਨ। ਇਹੀ ਉਸ ਦੀ ਨਿੱਜੀ ਛੂਹ ਦਾ ਪ੍ਰਮਾਣ ਹੈ। ਇਕ ਹੋਰ ਵੰਨਗੀ ਪੇਸ਼ ਹੈ :

ਮੁੱਠ ਵਿਚ ਜਾਨ ਮੇਰੀ ਮੁਟਿਆਰੇ, ਮੈਂ ਦਿਲ ਨੂੰ ਲਾ ਬੈਠਾ ਲਾਰੇ
ਨੈਣ ਤੇਰੇ ਨਿੱਤ ਭਰਨ ਹੁੰਗਾਰੇ, ਵੇਖ ਲੈ ਜਵਾਨੀ ਸਾਡੀ
ਤੇਰੇ ਵੱਲ ਵੇਖ-ਵੇਖ, ਸਿੱਟਿਆਂ ਦੇ ਬੂਰ ਵਾਂਗੂੰ ਝੜਗੀ...

ਭਾਸ਼ਾ ਅਤੇ ਬੋਲੀ ਦੀ ਗੱਲ ਕਰੀਏ ਤਾਂ ਦੀਦਾਰ ਸੰਧੂ ਦੇ ਗੀਤਾਂ ਵਿਚ ਮਾਲਵੇ ਅਤੇ ਮਾਝੇ ਦੀ ਉਪ-ਬੋਲੀ ਦੇ ਸ਼ਬਦ ਰਲਗੱਡ ਹਨ। ਉਸ ਦੀ ਭਾਸ਼ਾਈ ਸਮਰੱਥਾ ਵਿਸ਼ਾਲ ਹੈ। ਉਰਦੂ ਅਤੇ ਫ਼ਾਰਸੀ ਤੇ ਅਲਫ਼ਾਜ਼ ਉਸ ਨੇ ਕਾਫ਼ੀ ਗਿਣਤੀ ਵਿਚ ਅਤੇ ਢੁੱਕਵੀਆਂ ਥਾਵਾਂ 'ਤੇ ਵਿਦਵਾਨਾਂ ਵਾਂਗ ਵਰਤੇ ਹਨ। ਸਮਕਾਲੀ ਸਮਾਜ ਵਿਚ ਪ੍ਰਚੱਲਿਤ ਅਜਿਹੇ ਸ਼ਬਦ ਵਧੇਰੇ ਹਨ ਜਿਨ੍ਹਾਂ ਰਾਹੀਂ ਆਮ ਲੋਕਾਂ ਅੰਦਰ ਅਰਥ-ਸੰਚਾਰ ਕਰਨ ਵਿਚ ਕੋਈ ਦਿੱਕਤ ਪੈਦਾ ਨਹੀਂ ਹੁੰਦੀ। ਉਰਦੂ ਫ਼ਾਰਸੀ ਵਿਚੋਂ, ਜ਼ਖ਼ਮ,

ਨਾਸੂਰ, ਸੂਰਤ, ਮਹਿਰਮ, ਰਮਜ਼, ਈਦ, ਹੁਸਨ, ਜ਼ੁਲਮ, ਜ਼ੰਨਤ, ਮੁਹੱਬਤ, ਖ਼ੁਮਾਰੀ, ਇਤਲਾਹ, ਜ਼ੁਲਫ਼ਾਂ, ਤਬਦੀਲ, ਖ਼ਤਾ, ਕਰਾਮਾਤ, ਨਿਆਜ਼, ਮੁਰੀਦ, ਹਿਜ਼ਰ, ਜ਼ਾਹਿਰ, ਕਹਿਰਵਾਨ, ਜ਼ਨਾਜ਼ਾ, ਤੁਹਮਤ, ਕਦਰਦਾਨ, ਰਹਿਮਤ, ਗੁਲਦਸਤਾ, ਨਸੀਬ, ਖ਼ਾਤਰਦਾਰੀ, ਹਰਜ਼ਾਨਾ, ਬੇਖ਼ਬਰੀ, ਤਰਜ਼ਮਾ, ਚਿਰਾਗ਼, ਕਾਇਦਾ, ਦਿਲਬਰ, ਸੁਰਖ਼ ਆਦਿ ਸ਼ਬਦ ਕਿਸੇ ਹੰਢੇ-ਵਰਤੇ ਵਿਦਵਾਨ ਵਾਂਗ ਵਰਤੇ ਹਨ।

ਉਪਬੋਲੀ ਮਲਵਈ ਦੇ ਗਰਾਂ, ਹਜੇ, ਹੋਜੂ, ਕਲੋਟੀ, ਕਿਵੇਂ, ਹੋਜੂੰਗੀ, ਪੈਜੂ, ਕਾਸਤੋਂ, ਬੀਹੀ, ਲੋਹੜਾ, ਵਿੰਗਾ, ਓਦੂੰ, ਫੋਲਕ, ਭੁੰਜੇ, ਵਲੂੰਧਰ ਆਦਿ ਕਾਫ਼ੀ ਗਿਣਤੀ ਵਿਚ ਹਨ ਅਤੇ ਮਾਝੇ ਦੀ ਉਪਬੋਲੀ ਤੋਂ ਵੀ ਉਹ ਘੱਟ ਜਾਣਕਾਰ ਨਹੀਂ। ਮਾਝੇ ਦੇ ਸ਼ਬਦ ਪੈਣਾਈਂ, ਚੁੱਕੀ ਫਿਰੇਂ, ਘਰਦੀ, ਪੈਣਾ ਇਆਂ, ਖਲੋਵੇਂਗਾ, ਡੁੱਬਾ, ਇੰਜ, ਸੁੱਟ, ਜਾਵੀਂ, ਪੱਤ, ਝੱਟ, ਨਿਆਣੇ, ਝਾਤੀਆਂ, ਸੱਖਣੇ ਆਦਿ ਬੇਸੁਮਾਰ ਸ਼ਬਦ ਵਰਤਣ ਵਾਲਾ ਗੀਤਕਾਰ ਦੀਦਾਰ ਸੰਧੂ ਪੈਟਰੋਲ, ਪਰਨੋਟ, ਰਿਪੋਟ ਅਤੇ ਟੋਟਲ ਵਰਗੇ ਅੰਗਰੇਜ਼ੀ ਦੇ ਸ਼ਬਦ ਵੀ ਵਰਤਦਾ ਹੈ। ਇਸ ਤੋਂ ਇਲਾਵਾ ਹਿੰਦੀ, ਸੰਸਕ੍ਰਿਤੀ ਦੀ ਰੰਗਤ ਵਾਲੇ ਸ਼ਬਦ ਜਿਵੇਂ ਕਾਗ, ਨੀਰ, ਹੋਂਠ, ਲਗਾਈਂ, ਨੇਤਰ ਆਦਿ ਵੀ ਉਹ ਵਰਤਦਾ ਹੈ। ਆਖਿਆ ਜਾ ਸਕਦਾ ਹੈ ਕਿ ਦੀਦਾਰ ਸੰਧੂ ਬਹੁ-ਭਾਸ਼ਾਈ ਸ਼ਬਦਾਂ ਦੀ ਕਾਫ਼ੀ ਸੂਝ ਰੱਖਦਾ ਹੈ। ਵੈਸੇ ਵੀ ਗੀਤਕਾਰੀ ਤੇ ਗਾਇਕੀ ਵਿਚ ਸ਼ਬਦ ਉਸ ਦੇ ਅੱਗੇ, ਖੇਡਦੇ ਫਿਰਦੇ ਹਨ।

ਸ਼ਬਦਾਂ ਨੂੰ ਵਰਤਣ ਦੀ ਤਕਨੀਕ ਵੀ ਉਸ ਦੀ ਨਿਵੇਕਲੀ ਅਤੇ ਸੁਹਜਮਈ ਹੈ। ਸ਼ਬਦਾਂ ਦੇ ਦੁਹਰਾਉ ਅਤੇ ਚਾਲ ਦੀ ਰਵਾਨਗੀ ਵੇਖੋ :

1. *ਅਫ਼ਸੋਸ ਬੜਾ ਵੇ, ਅਫ਼ਸੋਸ ਬੜਾ*
   ਦੋਸ਼ ਬੜਾ ਵੇ, ਮੇਰਾ ਦੋਸ਼ ਬੜਾ
2. *ਤੈਨੂੰ ਗਰਜ਼ ਨਹੀਂ, ਕੋਈ ਗਰਜ਼ ਨਹੀਂ*
   ਮੇਰਾ ਫ਼ਰਜ਼ ਨਹੀਂ, ਕੋਈ ਫ਼ਰਜ਼ ਨਹੀਂ
3. *ਮਜਬੂਰ ਬੜੀ, ਮਜਬੂਰ ਬੜੀ*
   ਦੂਰ ਬੜੀ ਮੈਂ ਤੈਥੋਂ ਦੂਰ ਬੜੀ
4. *ਜੀਅ ਬੱਲੀਏ ਨੀ, ਜੁੱਗ ਜੀਅ ਬੱਲੀਏ*
   ਕੀ ਬੱਲੀਏ ਨੀ, ਸਾਡਾ ਕੀ ਬੱਲੀਏ...

ਸ਼ਬਦਾਂ ਵਿਚ ਰਿਦਮ ਪੈਦਾ ਕਰਨ, ਸੁਹਜ ਭਰਨ ਤੇ ਰਵਾਨਗੀ ਭਰਨ ਲਈ ਉਹ ਸਹਿਜ-ਸਿਰਜਣ ਕਰ ਜਾਂਦਾ ਹੈ। ਹੋਰ ਵੰਨਗੀ ਵੇਖੋ :

1. *ਘੁੰਮਿਆਂ ਨਾ ਚਿੱਪੀ ਚਿਮਟਾ ਲੈ ਘੁੰਮਿਆਂ*
   ਏਥੇ ਬੈਠੇ ਨੇ, ਕਈਆਂ ਦੇ ਗੁਰੂ ਮੁੰਨਤੇ
   ਅਜੇ ਕੋਈ ਚੇਲਾ ਨਹੀਂ ਮੁੰਨਿਆਂ...
2. *ਯਾਰੀ ਵਰਗਾ ਨਾ, ਨਸ਼ਾ ਯਾਰੀ ਵਰਗਾ*
   ਤੇਰਾ ਸਾਰਾ ਹੀ ਸਰੀਰ ਇੰਜ ਲੱਗੇ
   ਜਿਵੇਂ ਫੁੱਲਾਂ ਦੀ ਕਿਆਰੀ ਵਰਗਾ...

ਸ਼ਬਦਾਂ ਅਤੇ ਧੁਨੀਆਂ ਦੇ ਦੁਹਰਾਉ ਦੇ ਉਪਯੋਗ ਨਾਲ ਹੀ ਉਹ ਸਮਾਸਾਂ ਦੀ ਵੀ ਭਰਪੂਰ ਵਰਤੋਂ ਕਰਦਾ ਹੈ। ਦੀਦਾਰ ਦੇ ਗੀਤਾਂ ਵਿਚਲੇ ਸਮਾਸਾਂ ਦੀ ਵੰਨਗੀ ਪੇਸ਼ ਹੈ :

ਡਿੱਗਦੀ-ਢਹਿੰਦੀ, ਥੱਕ-ਟੁੱਟ, ਬਣ-ਠਣ, ਚੋਰੀ-ਛੁਪੇ, ਉੱਡਣ-ਖਟੋਲੇ, ਵਾ-ਵਰੋਲਾ, ਸੁੱਖ-ਚੈਨ, ਖੇਡ-ਤਮਾਸ਼ਾ, ਬੇ-ਖ਼ਬਰੀ, ਆਪਣਾ-ਆਪ, ਸਬਰ-ਸਬੂਰੀ, ਰਹਿਮ-ਦਿਲੀ, ਸਣ-ਪਾਣੀ, ਹਸਦੀ-ਹਸਾਉਂਦੀ, ਚੋਰ-ਭੁਲਾਈਆਂ, ਆਥਣ-ਸਵੇਰ, ਕਾਲੀ-ਬੋਲੀ, ਦਿਨੇ-ਰਾਤ, ਔਖਾ-ਸੌਖਾ, ਆਂਢਣਾ-ਗੁਆਂਢਣਾ, ਘਰ-ਬਾਰ, ਇਸ਼ਕ-ਮੁਸ਼ਕ, ਸੱਜੇ-ਖੱਬੇ, ਭਾਗਾਂ-ਭਰਿਆ, ਗੋਰੀ-ਚਿੱਟੀ, ਉੱਚੀ-ਲੰਬੀ, ਗੱਲਾਂ-ਬਾਤਾਂ, ਸਾਲ-ਭਰ, ਕਾਲੇ-ਬੋਲੇ, ਵਿਚੋ-ਵਿਚ, ਝੂਠੀ-ਮੂਠੀ, ਸੱਚੀਂ-ਮੁੱਚੀਂ, ਤੇਰੀ-ਮੇਰੀ, ਲੁਕ-ਛਿਪ, ਲਾਈ-ਲੱਗ, ਲਿਸੋ-ਲਿਸ, ਮਨ-ਭਾਉਂਦੇ, ਨਿੱਤ-ਨਵਾਂ, ਰੁੱਖੀਆਂ-ਮਿੱਸੀਆਂ, ਜਿੰਦ-ਜਾਨ, ਚੱਤੋ-ਪਹਿਰ, ਸੋਨ-ਸਵੇਰੇ, ਜਾਣ-ਬੁੱਝ, ਸੁਖ-ਸਾਂਦ, ਲਾਰਾ-ਲੱਪਾ, ਹੱਡ-ਭੰਨਣੀ, ਸੱਤ-ਬਿਗਾਨਾ, ਗੋਲ-ਮੋਲ, ਸ਼ਰਮਾਂ-ਸੰਗਾਂ, ਬਿੰਦੇ-ਝੱਟੇ, ਦੂਣ-ਸਵਾਇਆ, ਵੱਡ-ਵਡੇਰੇ, ਮੱਲੋ-ਮੱਲੀ, ਘੁੰਮਣ-ਘੇਰੀ, ਦਿਨ-ਰਾਤ, ਹਰ-ਕੋਈ, ਸ਼ੋਰ-ਸ਼ਰਾਬਾ, ਕਲ੍ਹਾ-ਕਲੰਦਰ, ਚੰਨ-ਚਾਨਣੀ, ਭੁੱਖ-ਨੰਗ, ਅੰਗ-ਸੰਗ, ਲੋਕ-ਰਾਜ, ਖਿਸਕਾਵੀਂ-ਗੰਢ, ਐਸ-ਪ੍ਰਸਤੀ ਆਦਿ ਸਮਾਸਾਂ ਦੀ ਵਰਤੋਂ ਸਫ਼ਲਤਾਪੂਰਵਕ ਕੀਤੀ ਹੈ।

ਵੈਸੇ ਤਾਂ ਦੀਦਾਰ ਸੰਧੂ ਨੇ ਵਧੇਰੇ ਪ੍ਰਚੱਲਿਤ ਅਲਫ਼ਾਜ਼ ਹੀ ਵਰਤੇ ਹਨ ਜਿਨ੍ਹਾਂ ਦੀ ਆਮ ਲੋਕਾਂ ਨੂੰ ਸੌਖਿਆਂ ਸਮਝ ਆ ਜਾਂਦੀ ਹੈ ਪਰੰਤੂ ਇਕ ਸ਼ਬਦ 'ਤਾਮ' ਜੋ ਅਰਬੀ-ਮੂਲ ਦਾ ਹੈ, ਦਾ ਅਰਥ ਸਮਝਣ ਲਈ ਮੈਨੂੰ (ਲੇਖਕ) ਸ਼ਬਦਕੋਸ਼ ਦਾ ਸਹਾਰਾ ਲੈਣਾ ਪਿਆ।

ਕਵੀ ਆਪਣੀਆਂ ਸੂਖ਼ਮ ਭਾਵਨਾਵਾਂ ਜਾਂ ਅਮੂਰਤ ਸਹਿਜ ਅਨੁਭੂਤੀਆਂ ਬਿੰਬਾਂ/ਪ੍ਰਤੀਕਾਂ ਰਾਹੀਂ ਮੂਰਤੀਮਾਨ ਕਰਦਾ ਹੈ। ਚਿਤਰਬੱਧ ਕਰਨਾ, ਨਿਰਾਕਾਰ ਨੂੰ ਸਾਕਾਰ ਕਰਨਾ, ਅਮੂਰਤ ਨੂੰ ਨਿਰਧਾਰਿਤ ਕਰਨ ਦੇ ਉਪਰਾਲੇ ਹੋਏ ਹਨ। ਕਵੀ, ਸ਼ਬਦ-ਚਿੱਤਰਾਂ ਰਾਹੀਂ ਬਿੰਬ ਉਲੀਕਦਾ ਹੈ। "ਪੰਜਾਬੀ ਕਾਵਿ-ਸਾਹਿਤ ਵਿਚ ਬਿੰਬ ਦੀ ਵਰਤੋਂ ਬਾਬਾ ਫ਼ਰੀਦ ਤੋਂ ਹੁੰਦੀ ਆ ਰਹੀ ਹੈ। ਕਾਵਿ-ਬਿੰਬ ਥੋੜ੍ਹੇ ਬਹੁਤੇ ਫ਼ਰਕ ਨਾਲ ਇੰਦ੍ਰਿਆਵੀ ਸ਼ਬਦ-ਚਿੱਤਰ ਹੈ। ਇਹ ਸਾਡੀ ਕਿਸੇ ਵੀ ਇੰਦਰੀ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ।"[19] ਬਿੰਬ ਕਈ ਪ੍ਰਕਾਰ ਦੇ ਮੰਨੇ ਗਏ ਹਨ, ਜਿਵੇਂ ਰਸ ਮੂਲਕ ਬਿੰਬ, ਸਪਰਸ਼ ਮੂਲਕ, ਰੂਪ ਬਿੰਬ, ਨਾਦ ਬਿੰਬ, ਗੰਧਮੂਲਕ, ਮਨੋਵਿਗਿਆਨਕ ਬਿੰਬ ਆਦਿ।

ਦੀਦਾਰ ਸੰਧੂ ਸੱਜਰੇ ਤੇ ਮੌਲਿਕ ਬਿੰਬ ਸਿਰਜਦਾ ਹੈ। ਉਸ ਦੀ ਕਲਪਣਾ-ਸ਼ਕਤੀ ਬਾ-ਕਮਾਲ ਹੈ। ਦ੍ਰਿਸ਼-ਚਿਤਰਣ ਦੀ ਉਹ ਖ਼ਾਸ ਮੁਹਾਰਤ ਰੱਖਦਾ ਹੈ। ਰਸ ਬਿੰਬ, ਸਪਰਸ਼ ਬਿੰਬ, ਰੂਪ ਬਿੰਬ, ਨਾਦ ਬਿੰਬ, ਗੰਧ ਬਿੰਬ ਤੇ ਮਨੋਵਿਗਿਆਨਕ ਬਿੰਬਾਂ ਦੀ ਵਰਤੋਂ ਉਹ ਬਾਖ਼ੂਬੀ ਕਰਦਾ ਹੈ। ਰਸ ਬਿੰਬ ਦਾ ਸਬੰਧ ਸਵਾਦ ਨਾਲ ਹੈ। ਦੀਦਾਰ ਸੰਧੂ ਰਾਹੀਂ ਪ੍ਰਯੋਗ ਕੀਤੇ ਰਸ ਬਿੰਬ ਦਾ ਸਵਾਦ ਵੇਖੋ :

ਕੀ ਫ਼ਾਇਦਾ ਸ਼ੱਕਰ ਭੋਰੀ ਦਾ, ਗੁੜ ਮਿੱਠਾ ਹੁੰਦਾ ਚੋਰੀ ਦਾ
ਤੂੰ ਚੋਰਾਂ ਵਾਂਗੂੰ ਭੋਰ-ਭੋਰ ਕੇ, ਖਾ ਲਿਆ ਕਰ ਮੈਨੂੰ...

ਸਪਰਸ਼ ਦਾ ਸਬੰਧ ਛੂਹਣ ਨਾਲ ਹੈ। ਸਪਰਸ਼ ਮੂਲਕ ਬਿੰਬ ਦਾ ਉਪਯੋਗ ਗੀਤਕਾਰ ਨੇ ਇਉਂ ਕੀਤਾ ਹੈ :

ਤੇਰੇ ਸੀਨੇ ਉੱਤੇ ਜ਼ੁਲਫ਼ਾਂ ਦੇ, ਕਈ ਸੱਪ ਸਹਿਕਦੇ ਰਹਿੰਦੇ ਨੇ
ਤੇਰੇ ਅੰਗਾਂ ਦੀ ਛੂਹ ਦੇ ਸਦਕਾ, ਮੇਰੇ ਅੰਗ ਮਹਿਕਦੇ ਰਹਿੰਦੇ ਨੇ...

"ਰੂਪ ਬਿੰਬ ਨੂੰ ਦ੍ਰਿਸ਼ਟੀ ਪਰਕ ਬਿੰਬ ਵੀ ਆਖਦੇ ਹਨ। ਡਾ. ਨਗੇਂਦਰ ਮੁਤਾਬਿਕ ਇਹ ਅਕਾਰਮਈ ਹੁੰਦੇ ਹਨ ਜਿਨ੍ਹਾਂ ਦਾ ਸਰੂਪ ਵਧੇਰੇ ਸਪੱਸ਼ਟ ਹੁੰਦਾ ਹੈ। ਇਹ ਇਕ ਕਿਸਮ ਦੀ ਤਸਵੀਰ ਹੁੰਦੇ ਹਨ ਜੋ ਸਾਡੇ ਮਨ ਦੇ ਚਿੱਤਰਪਟ 'ਤੇ ਉੱਕਰ ਜਾਂਦੀ ਹੈ।"[20] ਦੀਦਾਰ ਸੰਧੂ ਦੀ ਵਿਜ਼ੂਅਲ ਸਮਰੱਥਾ ਐਨੀ ਹੈ ਕਿ ਉਹ ਪਾਠਕ/ਸਰੋਤੇ ਨੂੰ ਚਿੱਤਰ ਸਾਮਰਤੱਖ ਦਿਖਾ ਦਿੰਦਾ ਹੈ। ਆਉ ਆਪਾਂ ਉਸ ਦੇ ਗੀਤ ਵਿਚੋਂ ਰੂਪ ਬਿੰਬ ਦਾ ਦਰਸ਼ਨ ਕਰੀਏ :

1. *ਮੇਰੇ ਲੰਬੇ-ਕਾਲੇ ਕੇਸ, ਜਿਵੇਂ ਮੱਸਿਆ ਦੀ ਰਾਤ*
   ਵੱਜੇ ਪੌਣ ਦੇ ਹੁਲਾਰੇ ਨਾਲ, ਹੋ ਜਾਏ ਪ੍ਰਭਾਤ
   ਚਿਹਰਾ ਚਮਕੇ ਜਿਉਂ, ਚੜ੍ਹਿਆ ਏ ਚੰਨ ਗੋਡੀ ਮਾਰ
   ਵੇਖੀ ਨਹਿਰ ਦੇ ਕੰਢੇ 'ਤੇ ਖੜ੍ਹੀ ਇਕ ਮੁਟਿਆਰ...
2. *ਦੋ ਗੁੱਤਾਂ ਦੇ ਨਾਗ, ਪਾਣੀ ਵਿਚ ਤੇਰਦੇ ਵੇਖੇ ਮੈਂ*
   ਮੂੰਹ ਧੋਂਦੀ ਨੂੰ, ਆਸ਼ਕ ਸੱਜਦਾ ਕਰਦੇ ਵੇਖੇ ਮੈਂ...
3. *ਕਾਲੀ-ਕਾਲੀ ਚੁੰਨੀ ਗੋਰੇ ਰੰਗ 'ਤੇ ਤਾਣ ਕੇ*
   ਚੰਨ ਬੱਦਲੀ ਦੇ ਉਹਲੇ, ਕਰਿਆ ਜਾਣ ਕੇ
   ਗੁੱਤ ਨੇ ਵਲਾਵਾਂ ਪਾਇਆ ਹਿੱਕ 'ਤੇ ਆਣ ਕੇ
   ਗੋਰੇ-ਗੋਰੇ ਰੰਗ ਉੱਤੇ, ਲੋਹੜਿਆਂ ਦੀ ਸੰਗ
   ਕੰਮ ਸੋਨੇ 'ਤੇ ਸੁਹਾਗੇ ਜਿੰਨਾਂ ਕਰਗੀ ਓਏ...

ਨਾਦ ਬਿੰਬ ਦਾ ਸਬੰਧ ਸੁਣਨ ਇੰਦਰੀ ਨਾਲ ਹੈ। ਬਿੰਬ ਦੇ ਮਾਧਿਅਮ ਰਾਹੀਂ ਕੰਨ ਰਸ ਪੈਦਾ ਹੁੰਦਾ ਹੈ। ਦੀਦਾਰ ਦੇ ਗੀਤ ਵਿਚ ਵੇਖੋ :

1. *ਇਸ਼ਕ ਨਾਗ ਨੂੰ ਕੀਲਣ ਦੇ ਲਈ, ਜੇ ਕੋਈ ਬੀਨ ਬਜਾਵੇ*
   ਧੌਣ ਤੇਰੀ 'ਤੇ ਆਸ਼ਕ ਲੁੱਡਾ, ਬਹਿ ਕੇ ਡੰਗ ਚਲਾਵੇ...
2. *ਤੇਰੀ ਝਾਂਜਰ ਦਾ ਛਣਕਾਟਾ ਨੀ, ਬਾਗਾਂ ਵਿਚ ਪੈਲਾਂ ਪਾਉਂਦੀ ਦਾ*
   ਜਿਵੇਂ ਅੱਲ੍ਹੜ ਕੁੜੀ ਦਾ ਹਾਸਾ ਨੀ.....
3. *ਛਣਕਦੀਆਂ ਵੰਗਾਂ ਦਾ ਮੈਂ, ਮਖ਼ਮਲ ਜਹੇ ਅੰਗਾਂ ਦਾ ਮੈਂ*
   ਭੁੱਲ ਕੇ ਵਿਸਾਹ ਨਾ ਖਾਵਾਂ.....

ਮਨੋਵਿਗਿਆਨਕ ਬਿੰਬ ਸਾਡੇ ਮਨ ਦੀ ਟੁੱਟ-ਭੱਜ ਤੇ ਉਧੇੜ-ਬੁਣ ਦੀ ਤਸਵੀਰ ਹੂ-ਬ-ਹੂ ਪੇਸ਼ ਕਰਦੇ ਹਨ। ਵੰਨਗੀ ਵੇਖੋ :

1. *ਚੜ੍ਹਦੀ ਜਵਾਨੀ ਵਿਚ ਹੁੰਦੀ ਅਣਭੋਲ ਕੁੜੀ*
ਟੋਲਦੀ ਸਹਾਰਾ ਵਾਂਗ ਵੇਲ ਦੇ
ਸੋਲ੍ਹਵੇਂ ਕੁ ਸਾਲ ਹੁੰਦੇ ਹੋਰ ਹੀ ਖ਼ਿਆਲ
ਬੰਦ ਲੱਗਦਾ ਸਰੀਰ ਵਿਚ ਜੇਲ ਦੇ...
2. *ਹੁਣ ਸਾਨੂੰ ਅੱਗੇ ਵਾਂਗੂੰ, ਸੌਣ ਦੇ ਛਰਾਟੇ, ਮਨ ਭਾਉਣਗੇ ਨਹੀਂ*
ਹੁਣ ਤੇਰੀ ਹਿੱਕ ਵਿਚ ਅੱਗੇ ਜਿੰਨੇ ਗੀਤ ਰੌਲਾ ਪਾਉਣਗੇ ਨਹੀਂ...

ਗੰਧ ਬਿੰਬ ਦਾ ਸਬੰਧ ਸੁੰਘਣ-ਇੰਦਰੀ ਨਾਲ ਹੈ। ਦੀਦਾਰ ਦੇ ਗੀਤਾਂ ਵਿਚੋਂ ਇਸ ਦੀ ਵੰਨਗੀ ਵੇਖੋ :

1. *ਤੇਰੇ ਰੂਪ ਦੀਆਂ ਖ਼ੁਸ਼ਬੋਆਂ ਨੀ, ਕੋਈ ਲੈ ਲੈ ਕੇ ਕਨਸੋਆਂ ਨੀ*
ਤੇਰੇ ਦਿਲ ਦੀ ਸੁੰਨੀ ਛਤਰੀ 'ਤੇ...
2. *ਜਿਥੇ ਕਿਤੇ ਵੀ ਖਲੋਵੇਂ ਲਾ ਕੇ ਢਾਸਣਾ*
ਨਿੱਕੀ ਲੈਚੀਆਂ ਦੀ ਆਵੇ ਉਥੋਂ ਵਾਸ਼ਨਾ...

ਸੱਜਰਾ ਤੇ ਸਾਕਾਰ ਦ੍ਰਿਸ਼-ਬਿੰਬ ਆਪਣੇ ਆਪ ਵਿਚ ਨਿਵੇਕਲਾ ਵੀ ਹੈ। ਆਉ ਵੇਖੀਏ :

ਹੁਣ, ਜਿਵੇਂ ਕਿਸੇ ਸਲਾਵ੍ਹਾੜ ਦਾ ਬੂਟਾ
ਖੜ੍ਹਾ ਝੁਲਸਿਆ ਅੱਗ ਦਾ ਨੀ
ਮੇਰਾ ਜੇਠ ਲੂੰਈਂ ਕੰਡਿਆਈ ਫਿਰੇ
ਏਹਨੂੰ ਮੂੰਹ-ਖੁਰ ਹੋਇਆ ਲੱਗਦਾ ਨੀ...

ਸ਼ਬਦ-ਚਿੱਤਰ ਅਤੇ ਭਾਵ-ਚਿੱਤਰ ਸਿਰਜਣ ਵਿਚ ਵੀ ਦੀਦਾਰ ਸੰਧੂ ਲਾਸਾਨੀ ਗੀਤਕਾਰ ਹੈ। ਆਉ ਨਮੂਨਾ ਵੇਖੀਏ :

ਬੜਾ ਏ ਮਿਲਾਪੜਾ ਤੇ ਸਾਊ ਏ ਸੁਭਾਅ ਦਾ
ਤੁਰੇ ਜਾਂਦਿਆਂ ਨੂੰ ਆਪਣੇ ਬਣਾ ਲਵੇ
ਹੱਸ ਹੱਸ ਭੈੜਾ ਗੱਲਾਂ ਕਰੇ ਟੂਣੇ-ਹਾਰੀਆਂ
ਬਦੋ-ਬਦੀ ਚਿੱਤ ਭਰਮਾ ਲਵੇ...

ਹੋਰ ਵੰਨਗੀਆਂ ਵੇਖੀਏ :

1. *ਸੀਨੇ 'ਤੇ ਸੁੱਚੀ ਮਾਲਾ ਸੀ, ਤੂੰ ਗੋਰੀ ਸੀ ਮੈਂ ਕਾਲਾ ਸੀ*
ਕਹਿੰਦੇ ਨੇ, ਏਦਾਂ ਹੀ ਕਰਦਾ ਸੀ, ਜਿਹੜਾ ਕਾਨ੍ਹ ਗੋਪੀਆਂ ਵਾਲਾ ਸੀ.....
2. *ਸ਼ੀਸ਼ੇ ਮੂਹਰੇ ਬੈਠ ਜਠਾਣੀ ਨੇ, ਜਦ ਪੱਟੀਆਂ ਵਾਹੀਆਂ ਸੀ*
ਬੜੇ ਸ਼ੌਂਕ ਨਾਲ ਜੇਠ ਮੇਰੇ ਨੇ, ਸਿਰ 'ਤੇ ਸੂਈਆਂ ਲਾਈਆਂ ਸੀ
ਉਹ ਬੈਠੀ ਰਹਿੰਦੀ ਪੀਹੜੇ 'ਤੇ, ਤੇਰਾ ਰੋਟੀ ਵੀਰ ਪਕਾਉਂਦਾ ਵੇ
ਮੈਂ ਵੇਖਿਆ ਜੇਠ ਜਠਾਣੀ ਦੇ ਬੁੱਲ੍ਹਾਂ ਨੂੰ ਸੁਰਖ਼ੀ ਲਾਉਂਦਾ ਵੇ...

"ਪ੍ਰਤੀਕ (Symbol) ਅਸੀਂ ਉਸ ਵਕਤ ਵਰਤਦੇ ਹਾਂ ਜਦੋਂ ਕੋਈ ਬੌਧਿਕਤਾ ਭਰਪੂਰ ਅਰਥਾਂ ਦਾ ਸੰਚਾਰ ਕਰਨਾ ਹੋਵੇ। ਪ੍ਰਤੀਕ ਲਈ ਵਰਤੇ ਸ਼ਬਦਾਂ ਪਿੱਛੇ ਕੋਈ ਇਤਿਹਾਸਕ ਘਟਨਾ/ਪਾਤਰ ਤੇ ਜਾਂ ਮਿਥਕ ਸੰਕਲਪ ਜਾਂ ਪਾਤਰ ਜਾਂ ਵਰਤਾਰੇ ਤੇ ਜਾਂ ਸਾਡੇ ਸਭਿਆਚਾਰਕ ਸਰੋਕਾਰ ਦਾ ਹੱਥ ਹੁੰਦਾ ਹੈ। ਅਜਿਹੇ ਸ਼ਬਦ ਲੋਕ ਮਾਨਸਿਕਤਾ ਦੇ ਜਾਣੇ-ਪਛਾਣੇ ਅਰਥਾਂ ਲਈ ਰੂੜ੍ਹ ਹੋ ਗਏ ਹੁੰਦੇ ਹਨ। ਪ੍ਰਤੀਕ ਤਾਂ ਇਕ ਓਹਲੇ ਦਾ ਕੰਮ ਵੀ ਕਰਦਾ ਹੈ। ਕਿਸੇ ਸੂਖ਼ਮ ਚੀਜ਼ ਨੂੰ ਪ੍ਰਗਟਾਉਣ ਲਈ ਪ੍ਰੀਤਕ ਇਕ ਢੁਕਵਾਂ ਵਸੀਲਾ ਹੈ।"[21]

"ਡਾ. ਰਤਨ ਸਿੰਘ ਜੱਗੀ ਅਨੁਸਾਰ ਪ੍ਰਤੀਕ ਦੀ ਵਰਤੋਂ ਕਵਿਤਾ ਲਈ ਲਾਜ਼ਮੀ ਹੈ। ਖ਼ਾਸ ਕਰ ਕੇ ਸੂਖ਼ਮ ਅਨੁਭਵ ਵਾਲੀ ਕਵਿਤਾ ਲਈ। ਪ੍ਰਤੀਕ ਦੀ ਵਰਤੋਂ ਨਾਲ ਭਾਸ਼ਾ ਵਿਚ ਇਕ ਨਵੀਂ ਅਰਥ ਸ਼ਕਤੀ ਆ ਜਾਂਦੀ ਹੈ ਤੇ ਇਸ ਦੇ ਸੁਹਜ ਵਿਚ ਵਾਧਾ ਹੁੰਦਾ ਹੈ। ਪ੍ਰਤੀਕ ਇਕ ਪਾਸੇ ਭਾਵਾਂ ਦਾ ਸੰਚਾਰ ਕਰਦੇ ਹਨ, ਦੂਜੇ ਪਾਸੇ ਭਾਸ਼ਾ ਦਾ ਅਲੰਕਰਣ। ਪ੍ਰਤੀਕ ਰਾਹੀਂ ਅਰਥ ਤਾਂ ਹੀ ਸੰਚਾਰਿਤ ਹੋਣਗੇ ਜੇਕਰ ਪ੍ਰਤੀਕ ਅਤੇ ਪ੍ਰਤੀਕਤ (ਸਮੂਰਤ-ਅਮੂਰਤ) ਵਸਤੂਆਂ ਵਿਚ ਲੱਛਣ ਸਾਂਝੇ ਹੋਣ। ਪ੍ਰਾਕ੍ਰਿਤਕ ਪ੍ਰਤੀਕ, ਵਿਗਿਆਨਕ ਪ੍ਰਤੀਕ ਅਤੇ ਸਾਂਸਕ੍ਰਿਤਕ ਪ੍ਰਤੀਕ ਆਦਿ ਕਈ ਪ੍ਰਕਾਰ ਦੇ ਪ੍ਰਤੀਕ ਮਿਲਦੇ ਹਨ।"[22]

ਦੀਦਾਰ ਸੰਧੂ ਇਕ ਅਜਿਹਾ ਫ਼ਨਕਾਰ ਹੈ, ਜਿਹੜਾ ਪ੍ਰਕ੍ਰਿਤੀ ਅਤੇ ਸਾਂਸਕ੍ਰਿਤੀ ਦੇ ਵਧੇਰੇ ਨੇੜੇ ਰਿਹਾ। ਧਰਤੀ ਤੋਂ ਉਹ ਨਦੀਆਂ, ਦਰਿਆ, ਪਹਾੜ, ਟਿੱਬੇ, ਮਿੱਟੀ, ਸਮੁੰਦਰ ਆਦਿ ਦੇ ਪ੍ਰਤੀਕ ਚੁਣਦਾ ਹੈ ਤੇ ਅਸਮਾਨ ਵਿਚੋਂ ਚੰਨ, ਬੱਦਲੀ, ਤਾਰੇ, ਸੂਰਜ, ਲਾਲ-ਹਨੇਰੀ ਆਦਿ। ਪ੍ਰਾਕ੍ਰਿਤਕ ਪ੍ਰਤੀਕਾਂ ਵਿਚੋਂ ਵੀ ਉਹ ਸੱਜਰੇ ਪ੍ਰਤੀਕ ਚੁਨਣਾ ਜਾਣਦਾ ਹੈ। ਸਭਿਆਚਾਰਕ ਪ੍ਰਤੀਕਾਂ ਵਿਚ ਪੂਣੀ, ਪਰੀ, ਵੱਗ, ਲੋਗੜੀ, ਸੁਰਮੇਂਦਾਣੀ, ਸੱਤੂ, ਰਾਂਝਾ, ਹੀਰ, ਤਖ਼ਤ-ਹਜ਼ਾਰਾ, ਝੰਗ, ਵੰਜਲੀ, ਚੂਰੀ, ਖੇੜੇ, ਫੁਲਕਾਰੀ, ਖੇਡਣਾ, ਕੂੰਜ ਆਦਿ ਪ੍ਰਤੀਕ ਵੀ ਉਹ ਅਰਥ-ਸੰਚਾਰ ਲਈ ਇਸਤੇਮਾਲ ਕਰਨ ਵਿਚ ਮਾਹਿਰ ਹੈ।

ਮਿੱਟੀ ਅਤੇ ਚਾਂਦੀ ਦੇ ਮੌਲਿਕ ਮਾਪ-ਦੰਡ ਰਾਹੀਂ, ਤੁਲਨਾਤਮਿਕ ਤਰੀਕੇ ਨਾਲ ਪ੍ਰਤੀਕਾਂ ਦਾ ਪ੍ਰਯੋਗ ਵੇਖੀਏ :

ਸਰੀਰ ਦੀ ਨਾਸ਼ਮਨਤਾ ਦਾ ਪ੍ਰਤੀਕ :

ਇਹ ਇਕ ਦਿਨ ਮਿੱਟੀ ਹੋ ਜਾਣੀ
ਜਿਹੜੀ ਹੁਣ ਦਿਸਦੀ ਚਾਂਦੀ ਐ...

ਸੁੰਦਰਤਾ ਅਤੇ ਕਰੂਪਤਾ ਦਾ ਪ੍ਰਤੀਕ :

ਪੇਕੀਂ ਤੁਰ ਜਾਊਂ ਕੁਰਲਾਂਦੀ ਮੁੰਡਿਆ
ਮਿੱਟੀ ਚੁੱਕੀ ਫਿਰੇਂ ਛੱਡ ਚਾਂਦੀ ਮੁੰਡਿਆ...

ਪਿਆਰ ਕਰਨ ਵਾਲੇ ਆਪਣੇ ਪ੍ਰੇਮ-ਪਾਤਰ ਦੀ ਗ਼ੈਰ-ਹਾਜ਼ਰੀ ਜਾਂ ਵਿਛੋੜੇ ਨਾਲ ਐਨੇ ਵਿਆਕੁਲ ਹੋ ਜਾਂਦੇ ਹਨ ਕਿ ਉਹ ਆਪਣੇ ਜਿਸਮ ਵਿਚੋਂ ਰੂਹ ਨਿਕਲ ਗਈ

ਮਹਿਸੂਸ ਕਰਦੇ ਹਨ। ਪ੍ਰਤੀਕਾਤਮਕ ਭਾਵਾਂ ਦਾ ਸੰਚਾਰ ਦੀਦਾਰ ਸੰਧੂ ਦੇ ਗੀਤ ਰਾਹੀਂ ਇਸ ਤਰ੍ਹਾਂ ਪੇਸ਼ ਹੁੰਦਾ ਹੈ :

1. *ਮੇਰੀ ਜਾਨ ਮੇਰਿਆ ਮਾਹੀਆ, ਤੇਰਾ ਰਤਾ ਵਿਸਾਹ ਨਾ ਖਾਂਦੀ*
ਬਿਨ ਸਾਹਾਂ ਤੋਂ ਇਹ ਪਿੰਜਰ, ਮੈਂ ਦੂਰ ਕਿਵੇਂ ਲੈ ਜਾਂਦੀ !...
2. *ਮੈਂ ਮੰਨਦੀ ਪਰ ਦਿਲ ਨਹੀਂ ਮੰਨਦਾ, ਦੇਵੇ ਕੌਣ ਤਸੱਲੀ*
ਕੌਣ ਕਹੇ ਮੈਂ ਅੱਜ ਆਪਣੇ, ਪਰਛਾਵਿਉਂ ਵਿਛੜ ਚੱਲੀ !...
3. *ਕੂੰਜ ਉਡਾਰੀ ਮਾਰ ਗਈ ਜਦ, ਛੱਡ ਜ਼ਨਾਜ਼ੇ ਨੂੰ*
ਹੁਣ ਤੇਰੀ ਮਾਂ ਕਿਉਂ, ਪਰਦਾ ਲਾਉਂਦੀ ਦਰਵਾਜ਼ੇ ਨੂੰ !...
4. *ਤੇਰਾ ਫੀਮ ਬਿਨਾ ਨਾ ਸਰਿਆ, ਵੇ ਉੱਡਜੂ ਭੌਰ ਪਿੰਜਰ 'ਚੋਂ ਤੜਿਆ...*

ਡਾ. ਅਤਰ ਸਿੰਘ ਆਖਦੇ ਹਨ "ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਸ਼ੀਰੀ-ਫਰਿਹਾਦ, ਲੈਲਾ-ਮਜਨੂੰ, ਸਣੇ ਕੈਦੋਆਂ, ਖੇੜਿਆਂ, ਹੋਤਾਂ, ਡਾਚੀਆਂ, ਥਲਾਂ, ਝਨਾਂ, ਕੱਚੇ ਘੜਿਆਂ, ਤੇਸਿਆਂ ਤੇ ਪਹਾੜਾਂ ਦੇ ਚਿੰਨ੍ਹ ਬਣ ਗਏ ਹਨ। ਪੁਰਾਣੇ ਕਵੀਆਂ ਨੇ ਇਨ੍ਹਾਂ ਦੀ ਅੰਨ੍ਹੇ-ਵਾਹ ਵਰਤੋਂ ਨਾਲ ਇਨ੍ਹਾਂ ਨੂੰ ਨਿਰਜਿੰਦ ਬਣਾ ਛੱਡਿਆ ਸੀ। ਪਰ ਅਜੋਕੇ ਕਵੀਆਂ ਨੇ ਇਨ੍ਹਾਂ ਚਿੰਨ੍ਹਾਂ ਵਿਚ ਨਵੇਂ ਅਰਥ ਭਰ ਕੇ ਜਿਥੇ ਆਪਣੀ ਕਵਿਤਾ ਨੂੰ ਭੂਤ-ਕਾਲ ਦੀਆਂ ਸੁਨਹਿਰੀ ਪ੍ਰਾਪਤੀਆਂ ਨਾਲ ਵਰੋਸਾਇਆ ਹੈ ਉਥੇ ਭਵਿੱਖ ਦੇ ਸੁਨੇਹੇਂ ਨੂੰ ਵੀ ਝਲਕਾਇਆ ਹੈ। ਅੰਮ੍ਰਿਤਾ ਪ੍ਰੀਤਮ ਲਿਖਦੀ ਹੈ :

ਹੁਣ ਸੋਹਣੀ ਦੇ ਕਦਮਾਂ ਅੱਗੇ, ਅਜੇ ਵੀ ਇਕ ਝਨਾਂ ਪਈ ਵੱਗੇ
ਹਰ ਪੁੰਨੂੰ ਦੇ ਪੈਰਾਂ ਹੇਠਾਂ, ਅਜੇ ਵੀ ਤੜਪਣ ਛਾਲੇ।"[23]

ਇਧਰ ਵੇਖੋ ਦੀਦਾਰ ਸੰਧੂ ਪੱਤਨਾਂ (ਝਨਾਂ) ਦੇ ਪ੍ਰਤੀਕ ਰਾਹੀਂ ਲਿਖਦਾ ਹੈ :

ਮੇਲ ਬਣਗੇ ਕਈ ਮਿਲ-ਜੁਲ ਬਣ ਗਏ
ਕੱਚੀ ਟੁੱਟੂ ਨਾ ਕਿਸੇ ਦੀ ਰੱਬਾ ਯਾਰੀ
ਜਦੋਂ ਪੱਤਨਾਂ 'ਤੇ ਪੁਲ ਬਣ ਗਏ...

ਹੀਰ-ਰਾਂਝੇ ਦਾ ਪ੍ਰਤੀਕ :

ਮੈਂ ਰੁੱਤਾਂ ਵਾਂਗੂੰ ਬਦਲ ਗਈ, ਮੈਂ ਮਾਲਕ ਕਿਸੇ ਖ਼ਜ਼ਾਨੇ ਦੀ
ਮੈਂ ਮੰਗਾਂ ਖ਼ੈਰ ਮੁਹੱਬਤ ਦੀ, ਮੈਨੂੰ ਪੈਗੀ ਲੋੜ ਯਰਾਨੇ ਦੀ
ਸਭ ਰਾਂਝੇ ਤੇ ਸਭ ਹੀਰਾਂ ਦੀ, ਜਾਏ ਬਣਤਰ ਬਦਲ ਸਰੀਰਾਂ ਦੀ...

ਹੀਰ-ਰਾਂਝੇ ਦੀ ਪ੍ਰੀਤ-ਗਾਥਾ ਵਿਚਲੇ ਨਾਇਕ-ਨਾਇਕਾ ਦੇ ਚਿੰਨ੍ਹ/ਪ੍ਰਤੀਕ ਰਾਹੀਂ ਅਜੋਕੇ ਆਸ਼ਕ-ਮਾਸ਼ੂਕ ਦੀਆਂ ਭਾਵਨਾਵਾਂ ਦੀ ਅਭਿਵਿਅਕਤੀ ਵੇਖੋ :

1. *ਤੂੰ ਏਂ ਮੇਰਾ ਰਾਂਝਨ ਮਾਹੀ, ਤੇ ਮੈਂ ਹੀਰ ਸਲੇਟੀ*
ਅਮਰਵੇਲ ਦੇ ਵਾਂਗੂੰ ਤੇਰੇ, ਅੰਗਾਂ ਨਾਲ ਲਪੇਟੀ...

2. *ਤੁਰਗੀ ਹੀਰ ਜੇ ਨਜ਼ਰ ਬਚਾ ਕੇ, ਰਾਂਝਾ ਮਰਜੂਗਾ*
ਕੁਝ ਖਾ ਕੇ, ਜੀਹਤੋਂ ਬਾਰਾਂ ਸਾਲ ਮੱਝੀਆਂ ਚਰਾਈ ਫਿਰਦੀ...

ਲੋਕ-ਮਨ ਦੀ ਕਾਢ 'ਪਰੀ' ਦੇ ਸੰਕਲਪ ਨੂੰ ਪ੍ਰਤੀਕ ਰੂਪ ਵਿਚ ਵਰਤਣ ਦਾ ਤਰੀਕਾ ਪੇਸ਼ ਹੈ :

1. *ਮੈਂ ਇੰਦਰ ਦੇ ਖਾੜੇ ਵਿਚੋਂ*
ਪਰੀ ਧਰਤ 'ਤੇ ਆਈ...
2. *ਸਾਹਮਣੇ ਬਿਠਾ ਕੇ ਜੀਹਤੋਂ*
ਅੱਖ ਨਹੀਂ ਫ਼ਰਕਦਾ ਸੀ
ਮਾਰਜੂ ਉਡਾਰੀ ਉਹਦੇ ਹੱਥਾਂ 'ਚੋਂ ਪਰੀ...
3. *ਕੋਈ ਨੋਚ ਲਊ, ਕੋਈ ਬੋਚ ਲਊ,*
ਤੂੰ ਪਰੀ ਪਰਾਂ ਤੋਂ ਹੀਨ,
ਅਰਸ਼ ਤੋਂ ਫਰਸ਼ਾਂ ਉੱਤੇ ਸਿੱਟੀ ਨੂੰ...

ਪਿੜ, ਗਿੱਧਾ, ਬੋਹਲ, ਆਦਿ ਸੱਜਰੇ ਪ੍ਰਤੀਕ ਲੈ ਕੇ ਸੌਣ ਮਹੀਨੇ ਦਾ ਪ੍ਰਾਕ੍ਰਿਤਕ ਦ੍ਰਿਸ਼ ਚਿਤਰਣ ਅਤੇ ਲੋਕ-ਧਾਰਾਈ ਰੰਗਤ ਵਾਲਾ ਵਾਤਾਵਰਣ ਇਉਂ ਸਿਰਜਿਆ ਹੈ :

ਜਿਥੇ ਪਿੜ ਬੱਝਦਾ ਗਿੱਧਿਆਂ ਦਾ, ਇਕ ਬੋਹਲ ਹੁਸਨ ਦਾ ਲੱਗ ਜਾਂਦਾ
ਹੁੰਦੇ ਨੇ ਸੌਦੇ ਕਿਸਮਤ ਦੇ, ਇਕ ਹੁਸਨ ਇਸ਼ਕ ਨੂੰ ਠੱਗ ਜਾਂਦਾ
ਮੋਰਾਂ ਨੂੰ ਮਸਤੀ ਚੜ੍ਹ ਜਾਂਦੀ, ਹੜ੍ਹ ਵਾਂਗ ਜਵਾਨੀ ਹੜ੍ਹ ਜਾਂਦੀ
ਇਕ ਹਾਣੀ ਕਹਿੰਦਾ ਹਾਨਣ ਨੂੰ.....

ਚਾਨਣੀ, ਚੌਧਵੀਂ ਦਾ ਚੰਦ, ਚਾਨਣ, ਚਾਨਣੀ ਦੀ ਘੁੱਟ, ਵਰਗੇ ਪ੍ਰਾਕ੍ਰਿਤਕ ਚਿੰਨ੍ਹ/ਪ੍ਰਤੀਕ, ਦੀਦਾਰ ਸੰਧੂ ਵੱਖ-ਵੱਖ ਅਰਥਾਂ ਵਿਚ ਵਰਤਦਾ ਹੈ। ਸੁੰਦਰ, ਗੋਰਾ ਅਤੇ ਲਾਲੀ-ਭਰਿਆ ਚਿਹਰਾ ਚਿਤਰਣ ਲਈ ਪ੍ਰਤੀਕਾਂ ਦੀ ਵਰਤੋਂ ਉਹ ਇਉਂ ਕਰਦਾ ਹੈ :

ਤੈਨੂੰ ਮੇਰੇ ਗੋਰੇ ਰੰਗ 'ਤੇ ਗਰੂਰ ਵੇ
ਅਸੀਂ ਚਾਨਣੀ 'ਚ ਘੋਲਿਆ ਸੰਧੂਰ ਵੇ.....

ਚਮਕਦੇ ਗੋਰੇ ਮੁਖੜੇ ਲਈ ਚੌਧਵੀਂ ਦਾ ਚੰਦ ਪ੍ਰਤੀਕ ਰੂਪ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ :

ਅਸੀਂ ਵੇਖਿਆ ਹਨੇਰ ਵਿਚ ਚੌਧਵੀਂ ਦਾ ਚੰਦ.....
ਜਾਂ
ਚੌਧਵੀਂ ਦੇ ਚੰਦ ਮੱਥੇ ਅੱਜ ਤੱਕ ਵੇ
ਲੱਗੇ ਨਹੀਂ ਸੀ ਆਣ ਹਨੇਰੇ.....

ਜੇਕਰ ਮਰਦ, ਔਰਤ ਦੀ ਸੁੰਦਰਤਾ ਨੂੰ ਚੰਦ ਦੇ ਪ੍ਰਤੀਕ ਨਾਲ ਤੋਲਦਾ ਹੈ, ਤਾਂ ਔਰਤ ਵੀ ਮਰਦਾਵੇਂ ਹੁਸਨ ਦੀ ਤਾਰੀਫ਼ ਵਿਚ ਆਖਦੀ ਹੈ :

ਤੂੰ ਨ੍ਹੇਰੇ ਘਰ ਦਾ ਚਾਨਣ
ਜਾਂ
ਤੂੰ ਸੂਰਜ ਬਣ ਕੇ ਦੱਗੇਂ

ਸੁੰਦਰਤਾ ਦਾ ਪ੍ਰਤੀਕਾਂ ਰਾਹੀਂ ਤੁਲਨਾਤਮਿਕ ਚਿੱਤਰ ਖਿਚਣ ਦਾ ਢੰਗ ਵੇਖੋ :

ਦੋ ਨੈਣ ਸ਼ਰਬਤੀ ਤੇਰੇ
ਤੂੰ ਸਾਰਾ ਸ਼ਰਬਤ ਲੱਗੇਂ
ਤੂੰ ਸਿਖ਼ਰ ਦੁਪਹਿਰੇ ਵਰਗੀ
ਤੂੰ ਸੂਰਜ ਬਣ ਕੇ ਦੱਗੇਂ

ਪਤੀ, ਪਤਨੀ ਦੀ ਸਰੀਰਕ ਸਡੌਲਤਾ ਨੂੰ ਸਲਾਹੁਣ ਵੇਲੇ, ਸੰਦਲ ਅਤੇ ਕਸ਼ਮੀਰ ਵਰਗੇ ਸੁੰਦੰਰ ਪ੍ਰਤੀਕ, ਦੀਦਾਰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਲਿਆਉਂਦਾ ਹੈ :

ਨਾਂ ਕੀ ਰੱਖਾਂ ਤੇਰੇ ਸੰਦਲੀ ਸਰੀਰ ਦਾ
ਸੀਨਾ ਸੱਚੀਂ-ਮੁੱਚੀਂ ਹਿੱਸਾ ਕਸ਼ਮੀਰ ਦਾ
ਜਿਥੇ ਹੁੰਦੇ ਨੇ ਦਿਲਾਂ ਦੇ ਗੱਠਜੋੜ ਬੱਲੀਏ...

ਪਤਨੀ ਵਲੋਂ ਆਪਣੀ ਸੁੰਦਰਤਾ ਅਤੇ ਚੜ੍ਹਦੀ, ਭਖਦੀ ਜਵਾਨੀ ਦੇ ਭਾਵ, ਗੀਤਕਾਰ ਦੀ ਕਲਮ ਇਸ ਤਰ੍ਹਾਂ ਦ੍ਰਿਸ਼ਮਾਨ ਕਰਦੀ ਹੈ :

ਬੱਦਲਾਂ 'ਚ ਬਿਜਲੀ ਦੀ ਤਾਰ ਫਿਰਦੀ
ਚੌਬਰਾਂ 'ਚ ਇੰਜ ਤੇਰੀ ਨਾਰ ਫਿਰਦੀ
ਅੰਬੀਆਂ 'ਤੇ ਪੈਂਦਾ ਜਾਂਦੈ ਬੂਰ ਚੰਨ ਵੇ
ਤਾਹੀਉਂ ਸਾਥੋਂ ਹੋ ਗਿਆ ਕਸੂਰ ਚੰਨ ਵੇ...

ਪਤੀ (ਮਰਦ) ਵਲੋਂ ਪਤਨੀ (ਔਰਤ) ਨੂੰ ਫੁੱਲਕਾਰੀ ਦੇ ਫੁੱਲ ਦੇ ਪ੍ਰਤੀਕ ਰਾਹੀਂ ਆਖਿਆ ਹੈ :

ਤੂੰ ਹੈਂ ਇਕ ਫੁੱਲ ਫੁੱਲਕਾਰੀ ਦਾ
ਜੋ ਕੱਢਿਐ ਕਿਸੇ ਕੁਆਰੀ ਦਾ...

ਪਿੰਡਾਂ ਵਿਚ ਸਰਲ-ਚਿਤ ਲੋਕ, ਸਿੱਧੇ-ਸਾਦੇ ਅਤੇ ਨਿਰਛਲ ਹਿਰਦੇ ਦੇ ਮਾਲਿਕ ਹੁੰਦੇ ਹਨ। ਉਨ੍ਹਾਂ ਦੇ ਭਾਵਾਂ ਨੂੰ ਸਿੱਧੇ ਤੇ ਸਰਲ ਪ੍ਰਤੀਕਾਂ/ਚਿੰਨ੍ਹਾਂ ਰਾਹੀਂ ਦੀਦਾਰ ਸੰਧੂ ਬਾਖ਼ੂਬੀ ਪ੍ਰਗਟ ਕਰ ਕੇ ਸੰਚਾਰਿਤ ਕਰਨ ਦੀ ਸਮਰੱਥਾ ਦਾ ਮਾਲਿਕ ਹੈ। ਵੱਗ, ਵਛੇਰੀ, ਵੱਛੀ ਵਰਗੇ ਪੇਂਡੂ ਵਾਤਾਵਰਣ ਵਿਚੋਂ ਮੌਲਿਕ ਪ੍ਰੀਤਕ ਸਿਰਜਣ ਦੀ ਸ਼ਕਤੀ ਦਾ ਕਮਾਲ ਦੇਖੋ :

1. *ਮੈਂ ਕੀ ਜਾਣਾ ਅਲਕ ਵਛੇਰੀ, ਮੇਰਾ ਹੀ ਘਰ ਪੱਟੂ...*
2. *ਜੇ ਵੱਗ ਵਿਚ ਹੋਵੇ ਵੱਛੀ, ਤਾਂ ਵੱਗ ਆਪਣਾ ਲੱਗਦਾ ਨੀ...*

3. *ਤੂੰ ਘਿਉ ਦੀ ਬੋਤਲ ਸੰਧੂ ਦੇ ਸੱਤੂਆਂ ਵਿਚ ਡੁਲਜੇਂਗੀ...*
4. *ਮੈਂ ਅਣਛੋਹੀ ਜਿਹੀ ਪੂਣੀ ਹਾਂ, ਆਪੇ ਨਾ ਕੱਤੀ ਜਾਵਾਂ ਵੇ...*

ਪ੍ਰਾਕ੍ਰਿਤਕ ਪ੍ਰਤੀਕ ਪ੍ਰਯੋਗ ਕਰਨ ਵਾਲਾ, ਦੀਦਾਰ ਖ਼ੁਦ ਪ੍ਰਾਕਿਰਤੀ ਪ੍ਰੇਮੀ ਹੈ। ਇਸ ਲਈ ਉਸ ਦੇ ਗੀਤਾਂ ਵਿਚ ਨਰਗਸ, ਗੁਲਾਬ, ਬਾਜ਼ਰਾ, ਬੱਦਲ, ਬਿਜਲੀ ਆਦਿ ਪ੍ਰਾਕ੍ਰਿਤਕ ਪ੍ਰਤੀਕਾਂ ਦੀ ਭਰਮਾਰ ਹੈ। ਉਦਾਹਰਣ ਵੇਖੋ :

1. *ਗੋਰੇ ਰੰਗ ਦਾ ਗੁਲਾਬ ਰਿਹੈ ਹੱਸ ਗੋਰੀਏ*
   ਦਿਨ ਡਾਲੀਉਂ ਟੁੱਟਣ ਦੇ ਆਏ.....
2. *ਟਹਿਣੀ ਤੋਂ ਟੁੱਟਦੀਏ ਕਲੀਏ ਨੀ*
   ਤੈਨੂੰ ਰਾਹ ਵਿਚ ਲੈਣਾ ਬੋਚ ਕੁੜੇ.....
3. *ਜਿਥੇ ਰਿਹਾ ਦੀਦਾਰ ਟਹਿਕਦਾ, ਤੂੰ ਉਹ ਕੋਮਲ ਡਾਲੀ.....*
4. *ਉਨ੍ਹਾਂ ਸ਼ਰਮਕਾਲ ਕਲੀਆਂ 'ਚੋਂ ਕੋਈ ਨਾ ਕੋਈ ਖਿੜ ਪੈਂਦੀ ਹੈ...*

ਜਿਥੇ ਦੀਦਾਰ ਸੰਧੂ ਰੁਮਾਂਟਿਕ ਭਾਵਾਂ ਦੀ ਪੇਸ਼ਕਾਰੀ ਕਰਨ ਸਮੇਂ ਮੌਲਿਕ ਤੇ ਤਾਜ਼ੇ ਪ੍ਰਤੀਕ ਵਰਤਦਾ ਹੈ, ਉਥੇ ਉਹ ਵਿਛੋੜੇ ਦੇ ਦਰਦੀਲੇ ਭਾਵਾਂ ਨੂੰ ਤੀਖਣ ਕਰਨ ਲਈ ਬਾ-ਕਮਾਲ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਵਿਛੋੜੇ ਦੀ ਰੁੱਤ ਸਮੇਂ ਮਨੁੱਖੀ ਮਨ ਦਾ ਮੌਸਮ ਗ਼ਮਗ਼ੀਨ ਹੋਇਆ, ਇਨ੍ਹਾਂ ਪ੍ਰਤੀਕਾਂ ਰਾਹੀਂ ਦਿਸ ਆਉਂਦਾ ਹੈ :

1. *ਪੱਤਝੜ ਪਿੱਛੋਂ ਦੱਸ ਕਿਥੇ ਹੁੰਦੀ ਛਾਂ*
   ਕਦੋਂ ਹੁੰਦੇ ਸੋਨ ਸਵੇਰੇ...
2. *ਜ਼ਿੰਦਗੀ ਦੀ ਜੂਹ 'ਚ ਜਦੋਂ ਵਾ-ਵਰੋਲਾ ਆਇਆ*
   ਓਦੋਂ ਅੰਨ੍ਹੀ ਹੋਜੂ ਮੇਰੀ ਤਕਦੀਰ...
3. *ਜੋੜਾ ਚਿੱਟਿਆਂ ਕਬੂਤਰਾਂ ਦਾ ਉੱਡ ਕੇ*
   ਕਿਤੇ ਅੰਬਰਾਂ 'ਚ ਲੁਕ-ਛਿਪ ਜਾਊਗਾ...
4. *ਗੋਰੇ ਰੰਗ ਨੂੰ ਧਾੜਵੀ ਪੈ ਗਏ, ਮੈਂ ਪਾਸੇ ਹੋ ਕੇ ਬਹਿਗੀ ਮਿੱਤਰਾ...*
5. *ਤੇਰੇ ਬਾਝੋਂ ਘੇਰ ਲੈਣੀ ਤੇਰੀ ਕੂੰਜ, ਚੰਦਰਿਆਂ ਕਾਵਾਂ...*

ਜੇਕਰ ਪਤਨੀ ਦੇ ਰੂਪ ਵਿਚ ਮਾਸੂਕਾ, ਆਸ਼ਕ ਨੂੰ ਮਿਲ ਜਾਵੇ, ਤਾਂ ਆਸ਼ਕ ਦੀ ਮਾਨਸਿਕ ਹਾਲਤ ਇਨ੍ਹਾਂ ਪ੍ਰਤੀਕਾਂ ਰਾਹੀਂ ਸਾਕਾਰ ਕੀਤੀ ਹੈ :

ਰੱਬ ਦੀ ਸੌਂਹ ਲਾਲ ਲੱਭਿਆ ਫਕੀਰ ਨੂੰ...

ਇਸ਼ਕ ਕਿੱਸਾ ਹੀਰ ਵਿਚੋਂ ਚੁਗਲੀ ਕਰਨ ਵਾਲੇ ਸੈਦੇ ਕਾਣੇ ਦਾ ਪ੍ਰਤੀਕ ਤਾਂ ਬਹੁਤ ਕਵੀਆਂ ਨੇ ਇਸਤੇਮਾਲ ਕੀਤਾ ਹੋਵੇਗਾ ਪਰੰਤੂ ਚੋਰੀ-ਛੁਪੇ, ਲੁਕ-ਛਿਪ ਕੇ ਆਸ਼ਕਾਂ ਦੀ ਚੁਗਲੀ ਕਰਨ ਵਾਲੇ ਅਨਸਰਾਂ ਲਈ ਘੋਗੜ ਦਾ ਪ੍ਰਤੀਕ ਵਰਤਣਾ ਦੀਦਾਰ ਸੰਧੂ ਦੀ ਮੌਲਿਕ ਸਮਰੱਥਾ ਦਾ ਪ੍ਰਮਾਣ ਹੈ। ਆਉ ਵੇਖੀਏ :

ਸਾਡੀ ਸੱਥ ਵਿਚ ਘੋਗੜਾਂ ਦੀ ਡਾਰ ਵੇ

ਟੁੱਟੀ ਨੀਂਦ ਤੋਂ ਮੈਂ ਵੇਖੀ ਕਈ ਵਾਰ ਵੇ
ਵੇਖੀਂ ਕਿਤੇ ਕੋਈ ਪੁੱਤ ਜੰਮਿਆਂ ਕਲਹਿਣੀ ਮਾਂ ਦਾ
ਲੈਂਦਾ ਹੋਣੈ ਸਾਡੀ ਕਨਸੋਅ...

ਪ੍ਰੇਮੀ-ਪ੍ਰੇਮਿਕਾ ਦੇ ਰੁਮਾਂਟਿਕ ਭਾਵ ਬਲਸ਼ਾਲੀ ਹੋ ਜਾਣ ਤਾਂ ਕੋਈ ਸ਼ਬਦਾਂ ਦਾ ਬਾਦਸ਼ਾਹ ਹੀ ਉਨ੍ਹਾਂ ਭਾਵਾਂ ਨੂੰ ਪ੍ਰਤੀਕਾਂ ਵਿਚ ਬੰਨ੍ਹ ਕੇ ਸੁਹਜਮਈ ਅਭਿਵਿਅਕਤੀ ਕਰ ਸਕਦਾ ਹੈ। ਦੀਦਾਰ ਸੰਧੂ ਦੇ ਸ਼ਬਦਾਂ ਵਿਚ ਵੇਖੋ :

ਤੇਰੇ ਸਾਹਮਣੇ ਸੁਰਾਹੀ ਡੱਟੀ ਪਈ ਵੇ
ਜਿਵੇਂ ਚਾਸ਼ਣੀ ਬਣਾ ਕੇ ਢੱਕੀ ਪਈ ਵੇ
ਏਹਨੂੰ ਸੱਖਣੇ ਕਟੋਰਿਆਂ 'ਚ ਪਾ ਲੈ ਮਿੱਤਰਾ ਵੇ...

ਲੋਕ-ਕਥਾ ਵਿਚੋਂ ਪ੍ਰਤੀਕ ਚੁਣ ਕੇ ਰਚਨਾ ਵਿਚ ਪਰੋਣਾ ਵੀ ਉਸ ਦਾ ਨਿਵੇਕਲਾ ਢੰਗ ਹੈ। "ਤੂੰ ਕੀ ਜਾਣੇ ? ਜਾਨੀ ਚੋਰ ਉਹਲੇ ਖੜਾ ਸੀ ਦੀਦਾਰ !" ਕਹਿ ਕੇ ਉਹ, ਪ੍ਰਤੀਕ ਰਾਹੀਂ ਜਾਨੀ ਚੋਰ ਦੀ ਕਹਾਣੀ ਵੀ ਸਾਕਾਰ ਕਰ ਦਿੰਦਾ ਹੈ।

ਕਈ ਵਾਰ ਲੋਕ-ਪ੍ਰਚੱਲਿਤ ਵਾਕ ਜਾਂ ਅਖਾਣ/ਮੁਹਾਵਰੇ ਨੂੰ ਵੀ ਪ੍ਰਤੀਕਾਤਮਕ ਤੌਰ 'ਤੇ ਵਰਤ ਲੈਂਦਾ ਹੈ। ਜਿਵੇਂ :

ਅਸੀਂ ਨਾ ਕੋਈ ਠੱਗ ਬਨਾਰਸ ਦੇ
ਜੋ ਤੈਨੂੰ ਠੱਗੀ ਬੈਠੇ ਹਾਂ
ਕਈ ਲਾਜਵੰਤੀਆਂ ਦੇ ਲਾਜੋ
ਅਸੀਂ ਪਰਦੇ ਕੱਜੀ ਬੈਠੇ ਹਾਂ...

ਪਾਸ਼ ਵਰਗਾ ਇਨਕਲਾਬੀ ਕਵੀ ਦੀਦਾਰ ਦੇ ਮੌਲਿਕ ਬਿੰਬਾਂ ਤੋਂ ਬਹੁਤ ਪ੍ਰਭਾਵਿਤ ਸੀ। ਹੁੰਦਾ ਵੀ ਕਿਉਂ ਨਾ ! ਗੋਰੇ ਰੰਗ ਅਤੇ ਰੰਗ ਗੋਰਾ ਕਰਨ ਵਾਲੀ ਬਜ਼ਾਰੂ ਕਰੀਮ ਵਿਚਲੇ ਸਾਂਝੇ ਗੁਣ ਨੂੰ ਭਾਂਪਦੇ ਹੋਏ ਉਹ, ਸੱਜਰਾ ਤੇ ਮੌਲਿਕ ਪ੍ਰਤੀਕ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਇਉਂ ਸਿਰਜਦਾ ਹੈ :

ਭਾਬੀ, ਦਿਉਰ ਨੂੰ :

ਜਾਂਦਾ-ਜਾਂਦਾ ਮੁੱਲ ਲੈ ਬਜ਼ਾਰੋਂ, ਮੈਨੂੰ ਦੇ ਜਾ
ਗੋਰਾ ਰੰਗ ਡੱਬੀਆਂ ਦੇ ਵਿਚ ਆਇਆ...

"ਅਲੰਕਾਰ ਦਾ ਸ਼ਬਦੀ ਅਰਥ ਗਹਿਣਾ ਜਾਂ ਭੂਸ਼ਨ ਹੈ। ਹਿੰਦੀ ਕਵੀ ਕੇਸ਼ਵ ਦਾਸ ਦਾ ਅਲੰਕਾਰ ਸਬੰਧੀ ਮਤ ਹੈ :

ਕਵਿਤਾ, ਬਨਿਤਾ (ਇਸਤਰੀ ਤੇ ਮਿੱਤ
ਬਿਨਾਂ ਭੂਸ਼ਨਾਂ ਤੋਂ ਸ਼ੋਭਾ ਨਹੀਂ ਪਾ ਸਕਦੇ।"[24]

"ਭਾਰਤੀ ਅਲੰਕਾਰ ਸੰਪ੍ਰਦਾਇ ਬਹੁਤ ਹੀ ਪੁਰਾਣੀ ਮੰਨੀ ਗਈ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ "ਅਲੰਕਾਰ ਸ਼ਬਦ ਵਿਚ 'ਅਲੰ' ਤੇ ਕਾਰ ਦੋ ਅੰਸ਼ ਹਨ। ਅਲੰ ਦਾ ਮਤਲਵ ਹੈ ਗਹਿਣਾ, ਭੂਸ਼ਨ, ਸਜਾਵਟ ਸੁਹਜ, ਸਾਜ, ਸੱਜਾ। ਜਿਹੜਾ ਸਜਾਵੇ ਜਾਂ

ਜਿਸ ਦੇ ਰਾਹੀਂ ਸਜਾਇਆ ਜਾਵੇ, ਉਹ ਅਲੰਕਾਰ ਹੈ।"[25] ਭਾਰਤੀ ਕਾਵਿ-ਸ਼ਾਸ਼ਤਰ ਪੁਸਤਕ ਵਿਚ ਡਾ. ਪ੍ਰੇਮ ਪ੍ਰਕਾਸ਼ ਆਖਦੇ ਹਨ, ਕਵਿਤਾ ਸੁੰਦਰੀ ਕਦੇ ਵੀ ਸੁੰਦਰੀ ਨਹੀਂ ਕਹੀ ਜਾ ਸਕਦੀ ਜਦੋਂ ਤੱਕ ਅਲੰਕਾਰਾਂ ਨਾਲ ਸਜਾਈ ਨਾ ਗਈ ਹੋਵੇ।"

ਦੀਦਾਰ ਸੰਧੂ ਆਪਣੇ ਦੁਗਾਣਿਆਂ ਨੂੰ ਸੁੰਦਰ ਤੇ ਵਿਭਿੰਨ ਅਲੰਕਾਰਾਂ ਨਾਲ ਸ਼ਿੰਗਾਰਦਾ ਹੈ। ਸਭ ਤੋਂ ਵਧੇਰੇ ਉਹ ਅਨੁਪ੍ਰਾਸ ਅਤੇ ਉਪਮਾਂ ਅਲੰਕਾਰਾਂ ਦੀ ਸਫ਼ਲਤਾ ਨਾਲ ਵਰਤੋਂ ਕਰਦਾ ਹੈ। ਇਹ ਦੋ ਅਲੰਕਾਰ ਉਸ ਦੇ ਗੀਤਾਂ ਵਿਚੋਂ ਕੱਢ ਦੇਈਏ ਤਾਂ ਫਿਰ, ਬਾਕੀ ਕੁਝ ਵੀ ਨਹੀਂ ਬਚਦਾ ! ਇਨ੍ਹਾਂ ਤੋਂ ਇਲਾਵਾ ਉਸ ਨੇ ਰੂਪਕ, ਵੀਪਸਾ, ਗੂਢੋਤਰ, ਪ੍ਰੌਢੋਕਤੀ, ਲਲਿਤ ਅਤੇ ਪੁਨਰੋਕਤੀ ਆਦਿ ਅਲੰਕਾਰਾਂ ਨੂੰ ਆਪਣੇ ਗੀਤਾਂ ਦਾ ਸ਼ਿੰਗਾਰ ਬਣਾਇਆ ਹੈ। ਇਕ ਹੀ ਗੀਤ ਵਿਚ ਅਨੁਪ੍ਰਾਸ, ਰੂਪਕ ਤੇ ਉਪਮਾਂ ਆਦਿ ਤਿੰਨ-ਤਿੰਨ ਅਲੰਕਾਰ ਉਹ ਸਹਿਜੇ ਹੀ ਇਸਤੇਮਾਲ ਕਰ ਲੈਂਦਾ ਹੈ। ਆਉ ਆਪਾਂ ਉਸ ਦੇ ਇਕ-ਇਕ ਗੀਤ ਵਿਚ ਦੋ ਜਾਂ ਦੋ ਤੋਂ ਵਧੇਰੇ ਅਲੰਕਾਰਾਂ ਦੀ ਸਜਾਵਟ ਦੇ ਦਰਸ਼ਨ ਕਰੀਏ :

ਰੂਪਕ : ਫੁੱਲ ਖਿੜੇ ਕਪਾਵਾਂ ਦੇ, ਗਲ ਹਾਰ ਨੇ ਬਾਹਵਾਂ ਦੇ...
ਉਪਮਾਂ : ਬੁੱਕਲ ਦੇ ਵਿਚ ਇੰਜ ਲਗਦੀ, ਜਿਵੇਂ ਕੂੰਜ ਲੁਕੋਈ ਐ.....
ਅਨੁਪ੍ਰਾਸ : ਇਕ ਹੋਰ ਖ਼ਰਾਬੀ ਸੀ, ਉਹ ਨੀਮ ਸ਼ਰਾਬੀ ਸੀ
ਫਿਰ ਦਿਲ ਦੀ ਗੱਲ ਦਿਲ ਤੋਂ ਜਾਂਦੀ ਕਿਵੇਂ ਲਕੋਈ ਐ...

ਅਤਿ-ਕਥਨੀ, ਉਪਮਾਂ, ਅਨੁਪ੍ਰਾਸ ਅਤੇ ਰੂਪਕ ਅਲੰਕਾਰਾਂ ਦੀ ਵਰਤੋਂ ਇਕ ਹੀ ਗੀਤ ਵਿਚ ਇਸ ਤਰ੍ਹਾਂ ਕੀਤੀ ਜਾਂਦੀ ਹੈ :

ਅਤਿ-ਕਥਨੀ : ਪਤਲਾ ਸਰੀਰ ਭਾਵੇਂ ਗੋਲ ਗੰਢ ਦੇ ਲੈ...
ਉਪਮਾਂ : ਦਿਨੋਂ-ਦਿਨ ਪੂਣੀ ਵਾਂਗੂੰ ਬੱਗੀ ਹੁੰਦੀ ਜਾਵੇਂ...
ਜਾਂ : ਗੁਲਾਨਾਰੀ ਸੂਟ ਉੱਤੇ ਬਹਿਗੇ ਜ਼ਿੰਦ ਹਾਰ ਕੇ
ਸੱਪਣੀ ਦੀ ਕੁੰਜ ਵਾਂਗੂੰ ਰੱਖਿਆ ਉਤਾਰ ਕੇ...
ਜਾਂ : ਕੁੰਗੂ ਵਾਂਗੂੰ ਤੂੰ ਵੀ ਜਦੋਂ ਨਿਖਰੀ ਖੜੋਤੀ ਹੋਈ...
ਜਾਂ : ਫੁੱਲਝੜੀ ਵਾਂਗੂੰ ਰਹੂ ਮੱਚਦਾ ਸਰੀਰ...
ਰੂਪਕ : ਤੇਰਾ-ਮੇਰਾ ਗੁੱਡੀ ਤੇ ਪਟੋਲੇ ਵਾਲਾ ਜੋੜ ਵੇ
ਇਕ ਨੂੰ ਹਮੇਸ਼ਾ ਰਹਿੰਦੀ ਦੂਸਰੇ ਦੀ ਲੋੜ ਵੇ...
ਅਨੁਪ੍ਰਾਸ : ਜੱਟ ਜੱਫਾ ਸਾਨੂੰ ਕੀ ਏ ਲੋੜ ਅਜਮਾਉਣ ਦੀ
ਉਦੋਂ ਨੀ ਦੀਦਾਰ ਹੋਣੀ ਲੋੜ ਸ਼ਰਮਾਉਣ ਦੀ...

ਜੇਕਰ ਅਸੀਂ ਪੂਰੇ ਧਿਆਨ ਨਾਲ ਵੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਦੀਦਾਰ ਸੰਧੂ ਦੇ ਗੀਤਾਂ ਵਿਚ ਅਨੁਪ੍ਰਾਸ ਅਲੰਕਾਰ ਤਾਂ ਇਸ ਤਰ੍ਹਾਂ ਇਕਮਿਕ ਹੋਇਆ ਪਿਆ ਹੈ ਜਿਵੇਂ ਦੁੱਧ ਵਿਚ ਖੰਡ ! ਉਪਰੋਕਤ ਸਾਰੇ ਅਲੰਕਾਰਾਂ ਵਿਚ ਅਨੁਪ੍ਰਾਸ ਦੀ ਧੁਨ ਸਪੱਸ਼ਟ ਸੁਣਾਈ ਦਿੰਦੀ ਹੈ। ਅਨੁਪ੍ਰਾਸ ਦੀਆਂ ਕੁਝ ਵੰਨਗੀਆਂ ਹੋਰ ਵੇਖੋ :

1. ਤੇਰਾ ਰੋਮ ਰੋਮ ਜੇ ਰਾਜ਼ੀ ਨੀ...

2. *ਨਿੱਕੀ ਨਿੱਕੀ ਬੱਦਲਾਂ ਦੀ ਭੂਰ ਵਿਚਦੀ*
ਰੱਬ ਦੇ ਨਜ਼ਾਰਿਆਂ ਦੇ ਨੂਰ ਵਿਚਦੀ...
3. *ਗੋਰਾ ਰੰਗ ਵੈਰੀ ਤੇਰਾ...*
4. *ਤੇਰੀ ਮੇਰੀ ਰਮਜ਼ ਰਲੀ...*
5. *ਰਹਿੰਦਾ ਤੇਰੇ ਹੀ ਸਰੂਰ ਵਿਚ...*
6. *ਤੈਨੂੰ ਮੇਰੇ ਗੋਰੇ ਰੰਗ 'ਤੇ ਗਰੂਰ ਵੇ...*
7. *ਮੇਰਾ ਆਪਣਾ ਕਸੂਰ ਤੇਰੇ ਉੱਤੇ ਕਾਹਦਾ ਰੋਸ...*
8. *ਨੀ ਮੈਂ ਤੇਰਿਆਂ ਦੁੱਖਾਂ ਦਾ ਦਾਰੂ ਬੱਲੀਏ...*
9. *ਰੱਬ ਰਾਖਾ ਸਾਰੀ ਦੁਨੀਆ ਦਾ...*
10. *ਕਈ ਕਰਦੇ ਨੇ ਪਰ ਭਰਦੇ ਨਹੀਂ...*
11. *ਤੇਰੀ ਹੀਰਾਂ 'ਤੇ ਸਰਦਾਰੀ...*
12. *ਰੂਪ ਤੇਰੇ ਦੀ ਮੈਨੂੰ ਰਹਿੰਦੀ ਚੜ੍ਹੀ ਖ਼ੁਮਾਰੀ ਸੀ...*
13. *ਦੀਦਾਰ ਵਿਚਾਰਾ ਰੋਜ਼ ਵੇਖਦਾ ਰਵੇ ਦਰਾਂ ਵਿਚ...*
14. *ਮਾਂ ਆਖੇ ਤੇਰੇ ਸਿਰ ਤੋਂ ਮਿਰਚਾਂ ਵਾਰ...*
15. *ਭਰੋਵਾਲ ਦਾ ਦੀਦਾਰ ਮੇਰਾ ਪੱਗਵੱਟ ਯਾਰ...*
16. *ਦਿਉਰਾਂ 'ਤੇ ਇਤਬਾਰ ਕਰੀਦੈ...*
17. *ਚੋਰ ਹੁਸਨ ਦੇ ਫਿਰਨ ਬਥੇਰੇ, ਪਰ ਮੇਰੇ ਮਨ ਦੇ ਮਹਿਰਮ...*

ਰਾਰਾ (ਰ) ਅੱਖਰ ਦੇ ਦੁਹਰਾਉ ਰਾਹੀਂ ਦੀਦਾਰ ਨੇ ਅਨੁਪ੍ਰਾਸ ਅਲੰਕਾਰਾਂ ਦੀਆਂ ਲੜੀਆਂ ਕਿਵੇਂ ਪਰੋਈਆਂ ਹਨ ! ਉੱਪਰ ਅਸੀਂ ਵੇਖ ਚੁੱਕੇ ਹਾਂ। ਆਉ ਹੁਣ ਥੋੜ੍ਹੇ ਜਿਹੇ ਮੱਮਾ (ਮ) ਅੱਖਰ ਦੇ ਦੁਹਰਾਉ ਦੁਆਰਾ ਇਸੇ ਅਲੰਕਾਰ ਦੇ ਰੂਪ ਤੱਕੀਏ :

1. *ਪਰ ਮੇਰੇ ਮਨ ਦੇ ਮਹਿਰਮ ਬਾਝੋਂ...*
2. *ਮੁੱਠ ਵਿਚ ਜਾਨ ਮੇਰੀ ਮੁਟਿਆਰੇ...*
3. *ਮੇਰਾ ਉਹ ਮੁਜ਼ਾਹਰੇ ਵਾਲਾ ਹਾਲ, ਜੀਹਤੋਂ ਮਾਲਕਾਂ...*
4. *ਮੈਂ ਮਨਮੌਜਨ ਮਨ ਦੇ ਮਹਿਰਮ ਨੇੜੇ...*
5. *ਮਨ ਭਾਉਂਦੇ ਮਾਹੀ ਬਿਨ ਸਮਝੋ...*
6. *ਮੈਂ ਮੰਗਾਂ ਖ਼ੈਰ ਮੁਹੱਬਤ ਦੀ ਮੈਨੂੰ ਪੈਗੀ...*

ਉਪਰੋਕਤ ਅਨੁਪ੍ਰਾਸ ਅਲੰਕਾਰਾਂ ਤੋਂ ਇਲਾਵਾ, ਕੁਝ ਹੋਰ ਅਲੰਕਾਰ ਪੇਸ਼ੇ-ਨਜ਼ਰ ਹਨ : ਚੰਗਾ ਨਹੀਂ ਚਸਕਾ ਚੁਸਕੀ ਦਾ..., ਕਰ ਇਸ਼ਕ ਤੇਰੇ ਦੀ ਪੂਜਾ, ਅਸੀਂ ਤਾਂ ਆਸ਼ਕ ਅਖਵਾਏ..., ਬਿਨ ਬੱਦਲੋਂ ਬਰਸਾਤ ਵਾਂਗ..., ਕਦੇ ਕਦੇ ਕੋਈ ਭਾਗਾਂ ਵਾਲੀ..., ਭਾਵੇਂ ਲੁੱਕ ਲੁੱਕ ਲਾਈਆਂ..., ਦਿਨ ਲੰਘੂਗਾ ਸਹਾਗ ਰਾਤ ਵਰਗਾ..., ਸੀਨਾ ਸੱਚੀਆਂ ਸਲਾਮਾਂ ਕਰਦਾ..., ਤੇਰਿਆਂ ਦੁੱਖਾਂ ਦਾ ਦਾਰੂ..., ਜਿਵੇਂ ਰੰਗਾਂ ਵਿਚ ਰੰਗ ਗੋਰੀ ਨਾਰ ਦਾ..., ਅੱਖੀਆਂ ਬਲੌਰੀ ਤਿੱਖੀਆਂ ਧਾਰੀਆਂ..., ਸਦਾ ਸਰੂਰੀ ਰਹਿੰਦੀ ਸੁਹਣਿਉਂ..., ਕਾਹਤੋਂ ਕਰਦੀ ਕਲੇਸ਼..., ਬਿਨਾਂ ਬਾਲਣੋਂ ਲਾਂਬੂ ਨਿਕਲੇ..., ਵਾ ਤੱਤੀ ਨਾ ਲੱਗੇ ਤੈਨੂੰ, ਜਿੰਦ ਵੇਚ ਕੇ ਤਰੀਕ..., ਗੱਭਰੂ ਬਣਾ

ਕੇ ਬਹਿੰਦੇ, ਖੁੰਡਾਂ ਤੇ ਜੋ ਟੋਲੀਆਂ, ਮਾਰਦੇ ਨੇ ਭੈੜੇ ਤਿੱਖੇ ਬਾਣਾ ਦੀਆਂ ਬੋਲੀਆਂ..., ਹੱਥ ਵਿਚ ਫੜ੍ਹੀ ਦੀਦਾਰ ਕਾਲਜਾ ਦੇਂਦਾ ਫਿਰੇ ਦੋਹਾਈ..., ਗੋਰਾ ਤੇਰਾ ਰੰਗ, ਉੱਤੇ ਕਾਲੀ ਗੁੱਤ ਨੀ..., ਆਦਿ ਅਨੁਪ੍ਰਾਸ ਅਲੰਕਾਰ ਦੀਦਾਰ ਸੰਧੂ ਦੇ ਗੀਤਾਂ ਦਾ ਸ਼ਿੰਗਾਰ ਹਨ।

ਪੰਜਾਬੀ ਕਵਿਤਾ ਦੇ ਖੇਤਰ ਵਿਚ ਉਪਮਾਂ ਅਲੰਕਾਰ ਦਾ ਬੜਾ ਮਹੱਤਵ ਹੈ। ਕਵੀ ਜਾਂ ਸਾਹਿਤਕਾਰ ਕਿਸੇ ਵਸਤੂ ਦੇ ਵਰਨਣ ਲਈ, ਕਿਸੇ ਹੋਰ ਵਸਤੂ ਨਾਲ ਮੁਕਾਬਲਾ ਕਰਦਾ ਹੈ ਤਾਂ ਉਥੇ ਉਪਮਾਂ ਅਲੰਕਾਰ ਹੁੰਦਾ ਹੈ। ਦੀਦਾਰ ਸੰਧੂ ਨੂੰ ਜੇਕਰ ਅਸੀਂ, ਤੁਲਨਾ ਦਾ ਬਾਦਸ਼ਾਹ ਕਹਿ ਲਈਏ ਤਾਂ ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪ੍ਰੇਮ-ਭਾਵਾਂ, ਔਰਤ ਦੀ ਸੁੰਦਰਤਾ ਅਤੇ ਵਿਛੋੜੇ ਦੇ ਦਰਦੀਲੇ ਭਾਵਾਂ ਦੀ ਅਭਿਵਿਅਕਤੀ ਕਰਨ ਸਮੇਂ ਉਹ, ਬੜੇ ਹੀ ਸਲੀਕੇ ਨਾਲ ਖ਼ੂਬਸੂਰਤ ਉਪਮਾਂ ਸਿਰਜਦਾ ਹੈ। ਆਉ ਆਪਾਂ ਕੁਝ ਨਮੂਨੇ ਵੇਖੀਏ :

ਉਪਮਾਂ :

1. *ਆ ਬਹਿ ਜਾ ਮੇਰੇ ਕੋਲ ਵੇ, ਮੈਨੂੰ ਪੁਸਤਕ ਵਾਂਗੂੰ ਫੋਲ ਵੇ*
   ਕਰ ਗੱਲਾਂ ਪਿਆਰ ਦੀਆਂ, ਅਸੀਂ ਸੌਣ ਮਹੀਨੇ ਵਰਗੇ ਵੇ
   ਲੋਕੀਂ ਧੁੱਪਾਂ ਹਾੜ ਦੀਆਂ...
2. *ਤੂੰ ਬਿਜਲੀ ਵਾਂਗੂੰ ਕੜਕੀ ਨਾ, ਤੂੰ ਬੱਦਲ ਵਾਂਗੂੰ ਗੜ੍ਹਕੀ ਨਾ...*
3. *ਕਿਸੇ ਮੀਂਹ ਦੀ ਵਾਛੜ ਵਾਂਗ ਮੈਂ, ਤੇਰੇ ਦਰ ਤੇ ਤਰਲੇ ਪਾਵਾਂ ਵੇ...*
4. *ਸੋਨੇ ਵਰਗੀ ਸੁੱਚੀ ਦੇ ਸਭ, ਵਾਅਦੇ ਹੋ ਗਏ ਖੋਟੇ...*
5. *ਇਹ ਚਾਨਣ ਵਰਗਾ ਰਿਸ਼ਤਾ, ਜੱਗ ਤੋਂ ਕਿਵੇਂ ਲੁਕੋਵੇਂਗਾ...*
6. *ਜ਼ਿੰਦ ਵਾਂਗ ਸੀਨੇ 'ਚ ਹਮੇਸ਼ ਰਹਿਣ ਵਾਲੀਏ...*
7. *ਮੈਂ ਵਿਹੜੇ ਵਿਚ ਤੁਰਦੀ ਫਿਰਦੀ ਜਿਉਂ ਜਲ 'ਤੇ ਮੁਰਗਾਈ...*
8. *ਜਿਸ ਥਾਂ ਬਹਿ ਕੇ ਅਸੀਂ ਬਿਤਾਈਆਂ*
   ਜ਼ੰਨਤ ਵਰਗੀਆਂ ਘੜੀਆਂ...
9. *ਐਵੇਂ ਤਾਂ ਨਹੀਂ ਤੈਨੂੰ, ਗਮਲੇ ਵਾਂਗ ਸਜਾਈ ਬੈਠੀ ਹਾਂ.....*
10. *ਨੀ ਮੈਂ ਧੁਖਦ ਪਤਲੀਏ ਨਾਰੇ, ਗਿਲੇ ਗੋਹੇ ਦੇ ਜਿਵੇਂ ਅੰਗਿਆਰੇ*
11. *ਹੁਣ ਤੱਕ ਮੇਰੀ ਜਾਨ ਸੀ ਅੜਿਆ*
    ਫੁੱਲਾਂ ਵਾਂਗੂੰ ਰੱਖੀ.....
12. *ਚੜ੍ਹੀ ਜਵਾਨੀ 'ਤੇ ਮਾਂ ਮੇਰੀ, ਜਿਉਂ ਜਿਉਂ ਪਰਦੇ ਪਾਂਦੀ*
    ਮੈਂ ਜੰਗਲ ਦੀ ਅੱਗ ਵਾਂਗਰਾਂ ਹੋਰ ਭੜਕਦੀ ਜਾਂਦੀ...
13. *ਜਿਵੇਂ ਰੰਗਾਂ ਵਿਚੋਂ ਰੰਗ ਗੋਰੀ ਨਾਰ ਦਾ*
    ਵੇ ਮੇਰੀ ਅੱਖ ਵਿਚੋਂ ਅੱਖ ਸੁਰਮਈ...
14. *ਸੁਣ ਮਖ਼ਮਲ ਵਰਗਿਆ ਯਾਰਾ, ਤੈਨੂੰ ਚੰਦ ਕਹਾਂ ਕਿ ਤਾਰਾ !*

ਸਿਫ਼ਤਾਂ ਕਰਦਾ ਹੈ ਜੱਗ ਸਾਰਾ, ਗਾਜਰ ਵਰਗੀ ਨਾਰ ਦੀਆਂ...

15. *ਆ ਲੈ ਵੇਖ ਦੀਦਾਰ ਦਰਾਂ ਵਿਚ ਫਾਨੇ ਵਾਂਗੂੰ*
    ਅੜ ਗਿਆ ਨੀ...
16. *ਪਿਆਰ ਤੇਰੇ ਵਿਚ ਮੈਂ ਤਾਂ ਲੂਣ ਦੀ*
    ਡਲੀ ਵਾਂਗਰਾਂ ਖਰਦੀ...

ਉਪਰੋਕਤ ਤੋਂ ਇਲਾਵਾ, ਹੌਲੇ ਫੁੱਲ ਵਰਗੇ ਹੋ ਜਾਈਏ, ਮਖ਼ਮਲ ਜਹੇ ਅੰਗਾਂ ਦਾ, ਸਰਘੀ ਦੇ ਵੇਲੇ ਵਰਗਾ, ਜਾਊਂ ਕੱਚ ਦੇ ਸਾਮਾਨ ਵਾਂਗੂੰ ਟੁੱਟ ਵੇ, ਉੱਡਣ ਖਟੋਲੇ ਵਰਗੀ ਕੁੜੀਏ, ਤਾਰੇ ਵਾਂਗੂੰ ਰਹੂੰ ਟਹਿਕਦਾ, ਤੂੰ ਸਿਖ਼ਰ ਦੁਪਹਿਰੇ ਵਰਗੀ, ਅੱਖੀਆਂ ਗੁਲੇਲ ਵਾਂਗੂੰ ਰੱਖੀਆਂ ਆਦਿ ਉਪਮਾਂ ਅਲੰਕਾਰ ਦੇ ਸੁੰਦਰ ਉਦਾਹਰਣ ਹਨ।

ਤੁਲਨਾ ਦੇ ਬਾਦਸ਼ਾਹ ਦੀਦਾਰ ਸੰਧੂ ਨੇ ਕੁਝ ਅਜਿਹੇ ਉਪਮਾਂ ਅਲੰਕਾਰ ਸਿਰਜੇ ਹਨ ਜਿਨ੍ਹਾਂ ਉੱਤੇ ਉਸ ਦੀ ਮੌਲਿਕਤਾ ਦੀ ਗਹਿਰੀ ਛਾਪ ਹੈ। ਲੱਗਦਾ ਹੈ ਸ਼ਾਇਦ ਹੀ ਕਿਸੇ ਗੀਤਕਾਰ ਨੇ ਇਸ ਤਰ੍ਹਾਂ ਦੇ ਨਿਵੇਕਲੇ ਢੰਗ ਨਾਲ ਉਪਮਾਂ/ਤੁਲਨਾ ਕੀਤੀ ਹੋਵੇ। ਉਦਾਹਰਣਾਂ ਪੇਸ਼ ਕਰਨੀਆਂ ਇਥੇ ਬਹੁਤ ਜ਼ਰੂਰੀ ਹਨ :

1. *ਪਹਿਲੀ ਗੱਡੀ ਚੜ੍ਹ ਜਾਣ ਵਾਸਤੇ ਦੀਦਾਰ ਜਾਊ*
   ਰੁੱਸੇ ਹੋਏ ਪਰਾਹੁਣੇ ਵਾਲੀ ਚਾਲ...
2. *ਕਈ ਵਾਰੀ ਤੂੰ ਕੰਬਲ ਵਾਂਗੂੰ, ਝਾੜ ਬਿਠਾਵੇਂ ਮੈਨੂੰ ਨੀ*
3. *ਜੇ ਖ਼ਸਖ਼ਸ ਵਾਂਗੂੰ ਮੈਂ ਖਿੰਡਗੀ ਵੇ...*
4. *ਵੇ ਮੈਂ ਤਰੀ ਵਾਂਗੂੰ ਗਾੜ੍ਹੀ ਹੁੰਦੀ ਜਾਨੀ ਆਂ...*
5. *ਸਾਡੇ ਵਾਂਗ ਨੇ ਜਵਾਨ ਰੁੱਖ ਚੀਲ ਦੇ...*
6. *ਉੱਡਦੇ ਪੰਖੇਰੂ ਵਾਂਗੂੰ ਹੱਥ ਧੋਈ ਬੈਠੇ ਹਾਂ, ਬਹਾਰ ਮਾਣ ਕੇ...*
7. *ਮੋਮੀ ਕਾਗਤ ਵਰਗੀ ਭਾਬੀ...*
8. *ਸੱਪਣੀ ਦੀ ਕੁੰਜ ਵਰਗੀ, ਪਹਿਲੀ ਕੁੜਤੀ ਕਵਾਰੇ ਅੰਗ ਪਾਈ...*
9. *ਹੁਣ ਤੂੰ ਪੇਚਕਸ ਵਰਗੇ ਜੇਠ ਦਾ ਨਰਮ ਸੁਭਾਅ ਨਾ ਜਾਣੀ...*
10. *ਜਿਵੇਂ ਕਿਸੇ ਸਲਵਾੜ੍ਹ ਦਾ ਬੂਟਾ, ਖੜ੍ਹਾ ਝੁਲਸਿਆ ਅੱਗ ਦਾ ਨੀ...*
11. *ਪਿੰਡਾਂ 'ਚ ਪੰਖੇਰੂਆਂ ਦੇ ਵਾਂਗ ਹੀ ਮਸੂਕਾ ਤੇਰੇ*
    ਰਹੂਗਾ ਦੀਦਾਰ ਗੁਣ ਗਾਉਂਦਾ ਬੱਲੀਏ ਨੀ...
12. *ਨਰਮੇਂ ਵਾਂਗੂੰ ਜੇਠ ਤੇਰੇ ਨੇ ਦਾੜ੍ਹੀਉਂ ਧੌਲੇ ਚੁਗ ਲਏ ਨੀ...*

ਅਖ਼ੀਰ ਵਿਚ ਉਪਮਾਂ ਅਲੰਕਾਰ ਦੀ ਉਹ ਵੰਨਗੀ ਵੇਖੋ ਜਿਸ ਵਿਚ ਇਕ ਸੁੰਦਰਤਾ ਪ੍ਰੇਮੀ ਆਪਣੀ ਪ੍ਰੇਮਿਕਾ ਦੀ ਗੁੰਦਵੀਂ ਤੇ ਲੰਬੀ ਗਰਦਨ ਨੂੰ ਲਾਮਿਸਾਲ ਉਪਮਾਂ ਦਿੰਦਾ ਹੈ :

ਪ੍ਰੇਮਿਕਾ :

ਮੇਰੀ ਹਾਰ-ਹਮੇਲਾਂ ਵਾਲੀ ਗਰਦਨ
ਤੈਨੂੰ ਕੈਸੀ ਲੱਗਦੀ ਐ ?

ਪ੍ਰੇਮੀ :

ਜਿਉਂ ਛਲਕਾਇਆਂ ਬੋਤਲ, ਉਸ ਦੇ
ਗਲ ਵਿਚ ਕੰਗਣੀ ਬੱਝਦੀ ਐ !...

ਉਪਮਾਂ ਦੀਆਂ ਹੋਰ ਵੰਨਗੀਆਂ ਇਸ ਪ੍ਰਕਾਰ ਹਨ, ਤੂੰ ਕੂਲੀ ਜਿਵੇਂ ਨਾਗ ਦਾ ਬੱਚਾ..., ਮੈਂ ਰੁੱਤਾਂ ਵਾਂਗੂੰ ਬਦਲ ਗਈ..., ਸੱਤਰੰਗੀ ਪੀਂਘ ਵਰਗਾ ਮੇਰੇ ਲੱਕ ਤੋਂ ਪਵੇ ਲਿਸ਼ਕਾਰਾ...। ਕਾਲੇ-ਕਾਲੇ ਖੇਤ ਜਿਵੇਂ ਕਾਲਾ ਸਿਰ ਹੀਰ ਦਾ..., ਸੱਪ ਵਾਂਗੂੰ ਤੇਰੇ ਤੋਂ ਝਮਕਦਾ ਨਾ ਅੱਖ ਨੀ..., ਅੰਗਾਂ ਵਿਚੋਂ ਨਦੀ ਵਾਂਗੂੰ ਵਹਿਣ ਜਿਹਾ ਵਹਿ ਰਿਹੈ..., ਕੱਦ ਸਰੂ ਦੇ ਬੂਟੇ ਵਰਗਾ..., ਫੁੱਲਾਂ ਦੇ ਗੁਲਦਸਤੇ ਵਰਗੀ..., ਵੰਗ ਵਰਗੀ..., ਗ਼ੈਰ-ਕਾਨੂੰਨੀ ਅਸਲੇ ਵਾਂਗੂੰ..., ਤੇਰਾ ਮੂੰਹ ਚੂਪੇ ਹੋਏ ਅੰਬ ਵਰਗਾ..., ਤੇਰੀ ਮੂਰਤ ਵਰਗੀ ਸੂਰਤ..., ਲੜੀ ਵਾਲੀ ਬੋਲੀ ਵਾਂਗੂੰ ਮਾਣ ਲੈ ਅਨੰਦ..., ਸ਼ਾਹੂਕਾਰਾਂ ਵਰਗਾ ਫ਼ਕੀਰ..., ਜਿਵੇਂ ਰਸੇ ਗੰਨੇ ਦੀ ਪੋਰੀ ਵੇ..., ਪਤਲੀ ਪਤੰਗ ਵਰਗੀ..., ਵਿਸਕੀ ਦੇ ਪੈੱਗ ਵਰਗੀ...ਆਦਿ ਅਣਗਿਣਤ ਉਪਮਾਂ ਅਲੰਕਾਰ ਮਿਲਦੇ ਹਨ।

ਜਿਥੇ ਉਪਮਾਨ ਤੇ ਉਪਮੇਅ ਇਕੋ ਹੀ ਰੂਪ ਹੋਏ ਹੋਣ ਅਰਥਾਤ ਦੋਹਾਂ ਦੀ ਸਮਤਾ ਦਿਖਾਈ ਜਾਵੇ ਉਥੇ ਰੂਪਕ ਅਲੰਕਾਰ ਹੁੰਦਾ ਹੈ। ਚਰਚਾ ਅਧੀਨ ਵਸਤੂ ਨੂੰ ਕਿਸੇ ਹੋਰ ਵਸਤੂ ਦਾ ਰੂਪ ਤਸੱਵਰ ਕਰ ਲਿਆ ਜਾਂਦਾ ਹੈ। ਦੀਦਾਰ ਸੰਧੂ ਦੇ ਗੀਤਾਂ ਵਿਚ ਰੂਪਕ ਅਲੰਕਾਰ ਵੀ ਵਧੀਆ ਤਰੀਕੇ ਨਾਲ ਪਰੋਏ ਪਏ ਮਿਲਦੇ ਹਨ, ਆਉ ਕੁਝ ਕੁ ਦੇ ਦੀਦਾਰ ਕਰੀਏ :

1. ਬਾਹਵਾਂ ਗੋਰੀਆਂ ਦੇ ਹਾਰ...
2. ਪੰਜ ਫੁੱਟ ਦੀ ਤਲਵਾਰ ਮੈਂ ਬਣ ਕੇ...
3. ਝੁਮਕੇ ਦਾ ਮੈਂ ਤੈਨੂੰ ਵੇ, ਹੁਣ ਕੌਲ ਬਣਾ ਦੇਵਾ...
4. ਦੋ ਗੁੱਤਾਂ ਦੇ ਨਾਗ ਪਾਣੀ ਵਿਚ ਤਰਦੇ ਵੇਖੇ ਮੈਂ...
5. ਰਹੂ ਬਣ ਕੇ ਦੀਦਾਰ, ਤੇਰੇ ਗਲ ਦਾ ਨੀ ਹਾਰ...

ਇਨ੍ਹਾਂ ਤੋਂ ਇਲਾਵਾ, ਮੈਂ ਅਣਛੋਹੀ ਜਿਹੀ ਪੂਣੀ ਹਾਂ..., ਬਾਹਵਾਂ ਗੋਰੀਆਂ ਦੇ ਹਾਰ..., ਮੈਂ ਨਵੀਂ ਨਸ਼ੀਲੀ ਦਾਰੂ ਵੇ..., ਤੇਰੇ ਵੇਖ ਬੁੱਕਲ ਦੇ ਗਹਿਣੇ ਨੂੰ..., ਨਾਂ ਕੀ ਰੱਖਾਂ ਤੇਰੇ ਸੰਦਲੀ ਸਰੀਰ ਦਾ, ਸੀਨਾ ਸੱਚੀਂ-ਮੁੱਚੀਂ ਹਿੱਸਾ ਕਸ਼ਮੀਰ ਦਾ..., ਤੇਰੇ ਸੀਨੇ ਉੱਤੇ ਜ਼ੁਲਫ਼ਾਂ ਦੇ, ਕਈ ਸੱਪ ਸਹਿਕਦੇ ਰਹਿੰਦੇ ਨੇ..., ਘੁੱਟ-ਘੁੱਟ ਕਰ ਕੇ ਪੀਜਾਂ ਤੈਨੂੰ, ਮਹਿਕਦੀਏ ਸ਼ਰਦਾਈਏ..., ਮੇਰਾ ਅੱਖਾਂ ਦੇ ਤਰਾਜ਼ੂ ਨਾਲ ਕਰੇ ਨਾਪ ਤੋਲ...ਆਦਿ ਵਰਨਣਯੋਗ ਰੂਪਕ ਅਲੰਕਾਰ ਹਨ।

"ਕਈ ਵਿਦਵਾਨ ਸ਼ਬਦ ਅਲੰਕਾਰ ਵਿਚ ਵੀਪਸਾ ਅਲੰਕਾਰ ਦੀ ਵੀ ਸ਼ਮੂਲੀਅਤ ਕਰਦੇ ਹਨ। ਪ੍ਰੋ. ਕਰਤਾਰ ਸਿੰਘ 'ਨਵੀਨ ਪੰਜਾਬੀ ਪਿੰਗਲ' ਵਿਚ ਵੀਪਸਾ ਅਲੰਕਾਰ ਨੂੰ ਪਰਿਭਾਸ਼ਤ ਕਰਦੇ ਹਨ "ਜਦ ਹੈਰਾਨੀ, ਕਰੋਧ, ਅਨੰਦ, ਘਿਰਣਾ, ਆਦਰ, ਸੋਗ, ਆਦਿਕ ਕਿਸੇ ਭਾਵ ਦੇ ਅਸਰ ਹੇਠ ਵਾਕ ਰਚਨਾ ਵਿਚ ਇਕ ਸ਼ਬਦ ਜਾਂ ਸ਼ਬਦਾਂ ਦਾ ਇਕੋ ਇਕੱਠ ਬਹੁਤੀ ਵਾਰ ਉਸੇ ਹੀ ਅਰਥ ਦੀ ਪੁਸ਼ਟੀ ਲਈ ਵਰਤਿਆ ਜਾਵੇ ਤਾਂ

ਉਥੇ ਵੀਪਸਾ ਅਲੰਕਾਰ ਹੁੰਦਾ ਹੈ। ਭਾਵਾਂ ਦੀ ਅਭਿਵਿਅਕਤੀ ਬੜੇ ਕਾਹਲੇਪਨ 'ਚ ਹੁੰਦੀ ਹੈ।'[26] ਦੀਦਾਰ ਸੰਧੂ ਦੇ ਦੁਗਾਣਿਆਂ ਅੰਦਰ ਵੀਪਸਾ ਅਲੰਕਾਰ ਦੇ ਸੁੰਦਰ ਨਮੂਨੇ ਮਿਲਦੇ ਹਨ। ਕੁਝ ਕੁ ਪੇਸ਼-ਏ-ਨਜ਼ਰ ਹਨ :

ਵੀਪਸਾ ਅਲੰਕਾਰ :

1. *ਵੇ ਗੱਲ ਸੁਣ ਚੰਨਿਆਂ, ਚੰਨਿਆਂ*
ਵੇ ਉਦੋਂ ਕਿਉਂ ਨਹੀਂ ਮੰਨਿਆਂ...
2. *ਨੀ ਗੱਲ ਸੁਣ ਰਾਣੀ, ਰਾਣੀ*
ਤੇਰੀਆਂ ਤੂਹੀਉਂ ਜਾਣੀ...
3. *ਵੇ ਗੱਲ ਸੁਣ ਚੰਨ ਵੇ, ਚੰਨ ਵੇ*
ਹੁੰਦੇ ਕੰਧਾਂ ਨੂੰ ਵੀ ਕੰਨ ਵੇ...
4. *ਨੀ ਧੋਖਾ, ਧੋਖਾ, ਬੱਲੀਏ*
ਕਰਦੈ ਔਖਾ, ਝੱਲੀਏ...

ਉਪਰ ਦਿੱਤੇ ਚਾਰ ਉਦਾਹਰਣ ਇਕ ਹੀ ਗੀਤ ਵਿਚੋਂ ਹਨ। ਹੋਰ ਗੀਤਾਂ ਵਿਚ ਵੀਪਸਾ ਅਲੰਕਾਰ ਦੀ ਵਰਤੋਂ ਵੇਖੀਏ :

1. ਅਫ਼ਸੋਸ ਬੜਾ ਵੇ ਅਫ਼ਸੋਸ ਬੜਾ, ਦੋਸ਼ ਬੜਾ ਵੇ ਮੇਰਾ ਦੋਸ਼ ਬੜਾ...
2. ਤੈਨੂੰ ਗਰਜ਼ ਨਹੀਂ ਕੋਈ ਗਰਜ਼ ਨਹੀਂ, ਫ਼ਰਜ਼ ਨਹੀਂ ਮੇਰਾ ਫ਼ਰਜ਼ ਨਹੀਂ...
3. ਮਜਬੂਰ ਬੜੀ ਮਜਬੂਰ ਬੜੀ, ਦੂਰ ਬੜੀ ਮੈਂ ਤੈਥੋਂ ਦੂਰ ਬੜੀ...
4. ਜੀਅ ਬੱਲੀਏ ਨੀ ਜੁੱਗ ਜੀਅ ਬੱਲੀਏ, ਕੀ ਬੱਲੀਏ ਨੀ ਸਾਡਾ ਕੀ ਬੱਲੀਏ...
5. ਲੜ ਗਈ ਨੀ ਲੜ ਗਈ ਨੀ, ਤੂੰ ਕਾਹਤੋਂ ਗੱਡੀ ਚੜ੍ਹ ਗਈ ਨੀ...

ਇਨ੍ਹਾਂ ਤੋਂ ਇਲਾਵਾ, ਸੁਣ ਮਿੱਤਰਾ ਵੇ ਆ ਕੇ ਮਿੱਤਰਾ..., ਮੈਨੂੰ ਘੁੱਟ ਕੇ ਕਲੇਜੇ ਨਾਲ ਲਾ ਲੈ ਗੋਰੀਏ ਨੀ, ਮੈਨੂੰ ਆਪਣੇ, ਆਪਣੇ ਅੰਗਾਂ ਨਾਲ ਚਿਪਕਾ ਲੈ..., ਪਤਲੀ ਪਤੰਗ ਹਾਏ ਨੀ ਪਤਲੀ, ਪਤਲੀ ਪਤੰਗ ਗੋਰਾ ਰੰਗ ਕੂਲੇ ਅੰਗ..., ਪੱਤ ਸਾਂਝੀ ਹੁੰਦੀ ਸਭਨਾ ਦੀ ਪੱਤ ਵੇ, ਜਗੀਰਦਾਰਾ ਸਾਂਝੀ ਹੁੰਦੀ ਸਭਨਾ ਦੀ ਪੱਤ..., ਤੂੰ ਮੇਰਾ ਨਾਂ ਮੈਂ ਤੇਰਾ ਨਾਂ, ਹਰ ਸਾਹ ਲਈਏ ਹਰ ਸਾਹ ਲਈਏ...ਆਦਿ ਵੀਪਸਾ ਅਲੰਕਾਰ ਦੇ ਉਦਾਹਰਣ ਹਨ।

ਤਿੰਨ ਗੀਤ ਦੀਦਾਰ ਸੰਧੂ ਦੇ ਅਜਿਹੇ ਹਨ ਜਿਨ੍ਹਾਂ ਵਿਚ ਵੀਪਸਾ ਅਲੰਕਾਰਾਂ ਦੀ ਭਰਮਾਰ ਹੈ। ਉਨ੍ਹਾਂ ਤਿੰਨਾਂ ਗੀਤਾਂ ਨੂੰ ਜੇਕਰ ਧਿਆਨ ਨਾਲ ਸੁਣਿਆਂ ਜਾਵੇ (ਦੀਦਾਰ ਦੀ ਹੀ ਆਵਾਜ਼ ਵਿਚ) ਤਾਂ ਵੀਪਸਾ ਅਲੰਕਾਰ ਸਾਡੀਆਂ ਅੱਖਾਂ ਅੱਗੇ ਖ਼ੁਦ-ਬ-ਖ਼ੁਦ ਤੈਰਦੇ ਫਿਰਦੇ ਹਨ। ਇਥੇ ਅਸੀਂ ਸਿਰਫ਼ ਪੜ੍ਹ ਹੀ ਸਕਦੇ ਹਾਂ, ਆਉ ਪੜ੍ਹੀਏ :

ਯਾਰਾ ਵੇ ਹੋ ਚਲਿਐ ਤੂੰ ਆਪ ਮੁਹਾਰਾ ਵੇ
ਤੁਰ ਚਲਿਐ ਪੈਂਦ 'ਤੇ ਬਹਿ ਕੇ, ਬਹਿ ਕੇ ਨੀ ਤੈਨੂੰ ਚੰਨੀਏਂ...
ਵੇ ਮੈਂ ਕਹਿੰਨੀ ਆਂ ਹਿੱਕ ਤਣ ਕੇ ਹਾਣੀਆਂ, ਕਹਿੰਨੀ ਆਂ ਹਿੱਕ ਤਣ ਕੇ
ਤੇਰੀ ਰਹਿਣਾ ਹਮੇਸ਼ਾ ਬਣ ਕੇ ਹਾਣੀਆਂ, ਰਹਿਣਾ ਹਮੇਸ਼ਾ ਬਣ ਕੇ

ਉਪਰੋਕਤ ਸਾਰਾ ਗੀਤ ਹੀ ਵੀਪਸਾ ਦੀ ਉਦਾਹਰਣ ਹੈ। ਇਕ ਹੋਰ ਗੀਤ ਵਿਚ **ਵੀਪਸਾ-ਦਰ-ਵੀਪਸਾ** ਵੇਖੋ :

ਕੌਣ ਮੰਗ ਲਊ ਵੇ ਦੱਸ, ਕੌਣ ਮੰਗ ਲਊ..., ਕੰਨ ਪਾੜਦੀ ਮੈਂ ਜਾਵਾਂ ਕੰਨ ਪਾੜਦੀ..., ਨੀਂਦ ਵਰਗੀ ਮੈਂ ਗੂੜ੍ਹੀ ਨੀਂਦ ਵਰਗੀ..., ਯਾਰੀ ਵਰਗਾ ਨਾ ਨਸ਼ਾ ਯਾਰੀ ਵਰਗਾ...।

ਇਕ ਵੰਨਗੀ ਹੋਰ :

ਤੇਰਾ ਨੀ ਮੈਂ ਤੇਰਾ, ਚੰਨੋਂ ਹਾਏ ਨੀ ਮੈਂ ਤੇਰਾ...
ਹੋਈ ਨੀ ਜਵਾਨ ਤੂੰ, ਜਵਾਨ ਬਿਲੋ ਹੋਈ...
ਰੋਈ ਵੇ ਮੈਂ ਰੋਈ, ਤੇਰੇ ਗਲ ਲੱਗ ਰੋਈ...
ਆਈ ਬੱਸ ਆਈ, ਗੱਲ ਬੁੱਲ੍ਹਾਂ ਉੱਤੇ ਆਈ...

ਪੁਨਰੋਕਤੀ ਅਲੰਕਾਰ ਦੀ ਵਰਤੋਂ ਦੀਦਾਰ ਸੰਧੂ ਕਿਸ ਤਰ੍ਹਾਂ ਕਰਦਾ ਹੈ। ਆਉ ਕੁਝ ਉਦਾਹਰਣਾਂ ਪੜ੍ਹ ਕੇ ਵੇਖ ਲਈਏ :

1. *ਰੱਬ ਬਖ਼ਸ਼ੇ ਨਾ ਬਖ਼ਸ਼ੇ, ਪਰ ਤੂੰ, ਬਖ਼ਸ਼ ਲਈਂ ਦਿਲਦਾਰਾ...*
2. *ਨਿੱਤ ਨਵਾਂ ਡੰਗ ਮਾਰ, ਨਿੱਤ ਦੇ ਮੁਸਾਫ਼ਰਾਂ ਦੇ, ਬਣ ਕੇ...*
3. *ਗਰਮ ਲੈਚੀਆਂ ਗਰਮ ਮਸਾਲਾ, ਗਰਮ ਸੁਣੀਂਦੀ ਹਲਦੀ...*
4. *ਆਪਾਂ ਤਾਂ ਦਿਲ ਦੇ ਮਾੜੇ ਨਹੀਂ, ਉਹ ਮਾੜੀ ਸੀ ਤਾਂ ਮਾੜੀ ਹੋਊ...*
5. *ਤੇਰੀ ਮੇਰੀ ਮੇਰੀ ਤੇਰੀ ਇਕ ਜ਼ਿੰਦੜੀ, ਜ਼ਿੰਦ ਤੇਰੀ ਦਾ ਉਲਾਂਭਾ ਮੈਨੂੰ...*

"ਜਦੋਂ ਕਵਿਤਾ ਦੀ ਟੁਕੜੀ ਵਿਚ ਕੋਈ ਅਜਿਹਾ ਸਿਧਾਂਤ ਪੇਸ਼ ਕੀਤਾ ਗਿਆ ਹੋਵੇ ਜਿਸ ਦੇ ਬਾਹਰੀ ਅਰਥ ਹੋਰ ਹੋਣ ਪਰ ਉਨ੍ਹਾਂ ਅਰਥਾਂ ਦੀ ਤਹਿ ਥੱਲੇ ਅਜਿਹੇ ਛੁਪੇ ਹੋਏ ਭਾਵ ਹੋਣ ਜਿਹੜੇ ਪਾਠਕ ਨੂੰ ਸਮਝ ਆਉਣ 'ਤੇ ਅਚੰਭਿਤ ਕਰ ਜਾਣ, ਉਥੇ ਉਹ ਇਹ ਗੂਢੋਤਰ ਅਲੰਕਾਰ ਹੁੰਦਾ ਹੈ।"[27] ਇਸ ਅਲੰਕਾਰ ਦੀ ਵਰਤੋਂ ਵੀ ਦੀਦਾਰ ਸੰਧੂ ਦੇ ਗੀਤਾਂ ਵਿਚ ਕੀਤੀ ਹੋਈ ਮਿਲਦੀ ਹੈ।

ਦੇਖੋ :

ਮੈਂ ਨਵੀਂ ਨਸ਼ੀਲੀ ਦਾਰੂ ਵੇ, ਮੈਂ ਸਭ ਨਸ਼ਿਆਂ 'ਤੇ ਭਾਰੂ ਵੇ
ਰਹਿੰਦੀ ਐ ਮੇਰੇ ਆਸ਼ਕ ਨੂੰ, ਮੇਰੀ ਚੱਤੋ-ਪਹਿਰ ਸਰੂਰੀ
ਮੇਰਾ ਜੋਬਨ ਪੀਤਾ ਕਈਆਂ ਨੇ, ਪਰ ਮੈਂ ਪੂਰੀ ਦੀ ਪੂਰੀ.....
ਜੋ ਪਿਆਰ ਤੇਰੇ ਨਾਲ ਕਰਦਾ ਨੀ, ਉਹ ਘਾਟ ਅਤੇ ਨਾ ਘਰਦਾ ਨੀ
ਪਰ ਤਾਂ ਵੀ ਤੇਰੇ ਸੁਪਨੇ ਵਿਚ, ਕਦੇ ਉਹ ਚੋਬਰ ਤਾਂ ਆਇਆ ਹੋਊ
ਜਿਸ ਨੇ ਇਸ ਭਰੀ ਸੁਰਾਹੀ 'ਚੋਂ ਪਹਿਲਾ ਪੈਗ ਭਰ ਕੇ ਲਾਇਆ ਹੋਊ...

ਇਕ ਹੋਰ ਵੇਖੋ :

ਐਵੇਂ ਨੀ ਸਰਨਾ ਪਊਗਾ ਭਰਨਾ, ਮੁੱਲ ਮੁਟਿਆਰੇ
ਤਿੰਨ ਸੌ ਸੱਤ ਬਣਗੀ...

"ਅਕਾਰਣ ਨੂੰ ਕਾਰਣ ਕਥਨ ਕਰਨਾ ਪ੍ਰੌਢੋਕਤੀ ਅਲੰਕਾਰ ਹੁੰਦਾ ਹੈ। ਭਾਵ ਕਿਸੇ ਵਸਤੂ ਦੀ ਉੱਤਪਤੀ ਜਾਂ ਉਸ ਨਾਲ ਕੁਝ ਵਾਪਰਨ ਦਾ ਕਾਰਣ ਕੁਝ ਹੋਰ ਹੋਵੇ, ਪਰ ਕਵੀ ਕਲਪਣਾ ਰਾਹੀਂ ਉਸ ਦਾ ਕਾਰਣ ਹੋਰ ਹੀ ਮੰਨ ਲਵੇ ਤਾਂ ਉਥੇ ਪ੍ਰੌਢੋਕਤੀ ਅਲੰਕਾਰ ਹੁੰਦਾ ਹੈ। ਅਸਲ ਵਿਚ ਪ੍ਰੌਢੋਕਤੀ ਅਲੰਕਾਰ ਰਾਹੀਂ ਕਵੀ ਜ਼ਿੰਦਗੀ ਦੇ ਕਿਸੇ ਰਹੱਸ ਨੂੰ ਰੂਪਮਾਨ ਕਰਨਾ ਚਾਹੁੰਦਾ ਹੈ ਜੋ ਸੁੰਦਰਤਾ ਦਾ ਜਾਮਾ ਪਹਿਨਿਆਂ ਸਹਿਜੇ ਹੀ ਹੋ ਜਾਂਦਾ ਹੈ।"[28] ਦੀਦਾਰ ਸੰਧੂ ਦੇ ਇਕ ਗੀਤ ਵਿਚ ਪ੍ਰੌਢੋਕਤੀ ਅਲੰਕਾਰ ਦੀ ਵਰਤੋਂ ਇਸ ਤਰ੍ਹਾਂ ਹੋਈ ਮਿਲਦੀ ਹੈ :

ਯਾਰੀ ਟੁੱਟ ਕੇ ਦੁਸ਼ਮਣੀ ਪੈ ਜਾਏ
ਤੇਰੀ ਮੇਰੀ,
ਮੇਰੀ ਤੇਰੀ ਜ਼ਿੰਦ ਬਚ ਜਾਊ...

"ਜਿਥੇ ਕੋਈ ਕਹਿਣ ਵਾਲੀ ਗੱਲ ਨੂੰ ਸਾਫ਼ ਸਪੱਸ਼ਟ ਸ਼ਬਦਾਂ ਦੀ ਥਾਂ 'ਤੇ ਉਸ ਦੀ ਛਾਇਆ ਰਾਹੀਂ ਹੀ ਭਾਵ ਪ੍ਰਗਟ ਕੀਤੇ ਜਾਣ। ਅਰਥਾਤ ਭਾਵ ਦੀ ਕੇਵਲ ਝਲਕ ਜਾਂ ਪ੍ਰਤੀਬਿੰਬ ਹੀ ਵਰਣਿਤ ਹੋਵੇ, ਉਥੇ ਲਲਿਤ ਅਲੰਕਾਰ ਹੁੰਦਾ ਹੈ।"[29]

ਦੀਦਾਰ ਸੰਧੂ ਦੇ ਗੀਤ ਵਿਚੋਂ ਲਲਿਤ ਅਲੰਕਾਰ ਦੀ ਵੰਨਗੀ ਪੇਸ਼ ਹੈ :

ਚੰਨ ਬੱਦਲੀ ਵਿਚ ਆ ਗਿਆ ਬਲੀਏ
ਦਿਸਣੋਂ ਹਟਗੇ ਤਾਰੇ !
ਜਲ 'ਤੇ ਫੁੱਲ ਤਰਦਾ, ਚੱਕ ਲੈ ਪਤਲੀਏ ਨਾਰੇ !...

"ਕਵਿਤਾ ਵਿਚ ਕਿਸੇ ਵਸਤੂ ਜਾਂ ਗੁਣਵਾਨ ਦਾ ਉਲਟਾ ਅਸਰ ਹੋਇਆ ਹੋਵੇ ਉਥੇ ਵਿਰੋਧ ਅਲੰਕਾਰ ਹੁੰਦਾ ਹੈ।"[30] ਦੀਦਾਰ ਦੀ ਵਿਰੋਧ ਅਲੰਕਾਰ ਦੀ ਸਫ਼ਲ ਵਰਤੋਂ ਕਰਦਾ ਹੈ।

ਆਉ ਦੇਖੀਏ :

ਅਸੀਂ ਵੇਖਿਆ ਹਨੇਰ ਵਿਚ, ਚੌਧਵੀਂ ਦਾ ਚੰਦ...
ਜਾਂ : ਜਦ ਆਥਣੇ ਦੁਪਹਿਰ ਵਾਂਗੂੰ ਨਿਖਰਾਂ...
ਜਾਂ : ਜਦ ਸਿੰਗ ਕੁੰਡੀਆਂ ਦੇ ਅੜ ਜਾਂਦੇ, ਅਨਪੜ੍ਹ ਵੀ ਖ਼ਬਰਾਂ ਪੜ੍ਹ ਜਾਂਦੇ...

"ਅਜੋਕੇ ਯੁੱਗ ਵਿਚ ਵਿਅੰਗ ਇਕ ਅਜਿਹਾ ਸੂਖ਼ਮ ਹਥਿਆਰ ਹੈ ਜੋ ਕਵਿਤਾ ਦੀ ਜ਼ਿੰਦ-ਜਾਨ ਹੈ। ਇਹ ਅਲੰਕਾਰ ਉਥੇ ਹੁੰਦਾ ਹੈ ਜਿਥੇ ਕਿਸੇ ਕੋਹਜ ਜਾਂ ਪੂੰਜੀਵਾਦੀ ਰਾਜਸੀ ਸਮਾਜ ਦੇ ਕੋਝੇ ਪ੍ਰਬੰਧ ਨੂੰ ਭੰਡਿਆ ਜਾਂ ਉਹਦਾ ਮਜ਼ਾਕ ਉਡਾਇਆ ਜਾਵੇ।"[31] ਮਿਸਾਲ ਆਪਾਂ ਦੀਦਾਰ ਸੰਧੂ ਦੇ ਦੁਗਾਣੇ ਵਿਚੋਂ ਵੇਖਦੇ ਹਾਂ :

1. ਹਰ ਪਾਸੇ ਚੋਰ-ਬਜ਼ਾਰੀ ਐ, ਹਰ ਪਾਸੇ ਰਿਸ਼ਵਤਦਾਰੀ ਐ
ਰੱਬ ਰਾਖਾ ਸਾਰੀ ਦੁਨੀਆ ਦਾ, ਹਰ ਪਾਸੇ ਚੋਰੀ-ਯਾਰੀ ਐ

ਹਰ ਪਾਸੇ ਚੌਧਰ ਤਕੜੇ ਦੀ, ਮਾੜੇ ਨੂੰ ਧੱਕੇ ਪੈਂਦੇ ਨੇ
ਹੁਣ ਤਾਂ ਥਾਣੇਦਾਰ ਵੀ, ਦਫ਼ਤਰ ਦੇ ਵਿਚ, ਧੂਫ਼ ਧੁਖ਼ਾ ਕੇ ਬਹਿੰਦੇ ਨੇ !...

2. *ਬਦਨਾਮੀ ਤੇਰੀ ਕੱਲੀ ਦੀ, ਤੇਰੀ ਆਮਦਨ ਠੇਕੇਦਾਰਾਂ ਨੂੰ !...*
ਤੂੰ ਕਾਢ ਤਾਂ ਹੈਂ ਦਿਲਦਾਰਾਂ ਦੀ, ਪਰ ਮਿਲਦੀ ਸ਼ਾਹੂਕਾਰਾਂ ਨੂੰ !...
3. *ਇਕਨਾ ਦੇ ਦੋ-ਦੋ ਨਾਰਾਂ, ਇਕ ਨੇ ਘਰ ਵਾਂਗ ਉਜਾੜਾਂ*
ਸਾਡੇ ਲੇਖ ਘੜੇ ਕਿਹੋ-ਜਿਹੀ ਕਿਤਾਬ ਤੋਂ
ਡਾਹਢਾ ਤੰਗ ਆਇਆ ਹਾਂ, ਤੇਰੇ ਹਿਸਾਬ ਤੋਂ !...

'ਕਾਵਿ-ਲਿੰਗ ਅਲੰਕਾਰ' ਵਿਚ ਕਵੀ ਕੋਈ ਗੱਲ ਕਹਿੰਦਾ ਹੈ ਅਤੇ ਉਸ ਗੱਲ ਨੂੰ ਦਲੀਲ ਰਾਹੀਂ ਸਾਬਿਤ ਕਰਦਾ ਹੈ ਜਾਂ ਆਪਣੀ ਕਹੀ ਹੋਈ ਗੱਲ ਦੇ ਹੱਕ ਵਿਚ ਦਲੀਲਾਂ ਦੇ ਕੇ ਪੁਸ਼ਟੀ ਕਰਵਾਉਂਦਾ ਹੈ। ਦੀਦਾਰ ਦੇ ਗੀਤਾਂ ਵਿਚੋਂ ਕਾਵਿ-ਲਿੰਗ ਅਲੰਕਾਰ ਦੀ ਵੰਨਗੀ ਵੇਖੋ :

ਰਾਂਝੇ ਹੀਰ ਦੇ ਤਬੇਲੀਂ, ਗੋਹਾ ਸਿੱਧਿਆ ਬਥੇਰਾ
ਤੇਰੇ ਪਿੱਛੇ ਲੱਗ, ਉਹਤੋਂ ਹਾਲ ਘੱਟ ਨਾ ਕੋਈ ਮੇਰਾ...

ਲੋਕੋਕਤੀ, ਹਿੰਦੀ ਦਾ ਸ਼ਬਦ ਹੈ ਜਿਸ ਦਾ ਅਰਥ ਅਖਾਉਤ ਜਾਂ ਅਖਾਣ ਹੈ। ਕਵਿਤਾ ਵਿਚ ਲੋਕ-ਪ੍ਰਵਾਨਿਤ ਗੱਲ (ਅਖਾਉਤ) ਜਾਂ ਅਜਿਹੀ ਗੱਲ, ਜੋ ਲੋਕਾਂ ਦੇ ਮੂੰਹ ਪਹਿਲੋਂ ਹੀ ਚੜ੍ਹੀ ਹੋਵੇ, ਉਸ ਨੂੰ ਲੋਕੋਕਤੀ ਅਲੰਕਾਰ ਆਖਦੇ ਹਨ। ਦੀਦਾਰ ਸੰਧੂ ਦੀ ਕਾਵਿ-ਕਲਾ ਵਿਚੋਂ ਇਸ ਦੀਆਂ ਉਦਾਹਰਣਾਂ ਪੇਸ਼ ਹਨ :

1. *ਮਹਿਕਾਂ ਦੇਣ ਫੁੱਲ ਨਾ ਹਰੇਕ ਰੁੱਤ ਨੂੰ...*
2. *ਚੰਦ ਦੇ ਗਵਾਂਢ ਤਾਰਿਆਂ ਦਾ ਜ਼ੋਰ ਕੀ !...*
3. *ਭੀੜ ਪਈ ਤੋਂ ਮਰਦ ਸਿਆਣੇ ਸਿਰ 'ਤੇ ਲੈਂਦੇ ਜਰ ਵੇ...*
4. *ਪੀੜ, ਪਰਾਹੁਣਾ ਰਹਿਣ ਸਤਾਉਂਦੇ ਪਰ ਜੇ ਜਾਈਏ ਡਰ ਨੀ...*
5. *ਜ਼ਖ਼ਮ ਸਿਆਉਣਾ ਔਖਾ ਤੇ ਤਲਵਾਰ ਚਲਾਉਣੀ ਸੌਖੀ ਐ...*
6. *ਟੁੱਟਗੀ ਯਾਰੀ ਤੋਂ ਜ਼ਿੰਦੜੀ, ਦਿਨ ਚਾਰ ਬਚਾਉਣੀ ਔਖੀ ਐ...*

ਜਿੱਥੇ ਨਿਰਜਿੰਦ ਵਸਤੂਆਂ ਜਾਂ ਹੈਵਾਨ ਜਾਂ ਜਾਨਵਰਾਂ ਆਦਿ ਨੂੰ ਗੱਲਾਂ ਕਰਦੇ ਅਤੇ ਕਾਰਜ ਕਰਦੇ ਦਿਖਾਇਆ ਜਾਵੇ ਉਥੇ ਮਾਨਵੀਕਰਣ ਅਲੰਕਾਰ ਹੁੰਦਾ ਹੈ। ਨਿਰਜਿੰਦ ਜਾਂ ਨਾ ਬੋਲਣ ਵਾਲੀਆਂ ਹੋਂਦਾਂ ਨੂੰ ਮਾਨਵੀ ਕਾਰਜ ਕਰਦੇ ਅਤੇ ਬੋਲਦੇ ਪੇਸ਼ ਕੀਤਾ ਜਾਵੇ ਤਾਂ ਉਸ ਨੂੰ ਮਾਨਵੀਕਰਣ ਅਲੰਕਾਰ ਆਖਦੇ ਹਨ। ਯਾਦ ਰਹੇ ਇਹ ਅਲੰਕਾਰ ਪੱਛਮੀ ਪ੍ਰਭਾਵ ਅਧੀਨ ਪੰਜਾਬੀ ਵਿਚ ਆਇਆ ਹੈ। ਪਰ ਫਿਰ ਵੀ ਇਸ ਦੀ ਵਰਤੋਂ ਢੇਰ ਪੁਰਾਣੀ ਹੈ।

ਦੀਦਾਰ ਸੰਧੂ ਨਦੀ, ਨਦੀ ਦੇ ਪਾਣੀ, ਕੋਕਾ/ਲੌਂਗ, ਹਵਾ, ਰਾਤ (ਸਥਿਤੀ), ਪਾਣੀ ਦੀ ਛੱਲ ਆਦਿ ਵਸਤੂਆਂ ਨੂੰ ਮਾਨਵੀ ਕਾਰਜ/ਹਰਕਤਾਂ ਕਰਦੇ ਵਿਖਾ ਕੇ ਮਾਨਵੀਕਰਣ ਅਲੰਕਾਰ ਦੀ ਵਰਤੋਂ ਕਰਦਾ ਹੈ। ਆਉ ਉਦਾਹਰਣ ਵੇਖੀਏ :

ਤੇਰੀ ਹਿੱਕ ਤੋਂ ਦੀਦਾਰ, ਚੱਲੇ ਤੀਰ ਖਾਈ ਜਾਵੇ
ਤੇਰੇ ਨੱਕ ਉੱਤੇ ਬੈਠਾ, ਲੌਂਗ ਹੀਰ ਗਾਈ ਜਾਵੇ...

ਸਥਿਤੀ ਦਾ ਮਾਨਵੀਕਰਣ :

ਉਠ ਵੇਖ, ਰਾਤ ਲੈਣ ਲੱਗੀ ਅੰਗੜਾਈ

ਅੱਗੇ ਹੋਰ ਵੇਖੋ :

ਨੀਲੇ ਪਾਣੀਆਂ 'ਚ ਲੱਗਾਂ ਜਦੋਂ, ਪਾਉਣ ਗੋਰੇ ਪੈਰ
ਕੰਢੇ ਚੜ੍ਹਦੀ ਜਵਾਨੀ ਦੀ, ਮਨਾਉਣ ਲੱਗੇ ਖੈਰ...
ਮੈਨੂੰ ਤੁਰੀ ਜਾਂਦੀ ਛੱਲ ਕੋਈ, ਹਾਕ ਮਾਰ ਜਾਵੇ
ਪਾਣੀ ਲੰਘਿਆ ਜੋ ਅੱਗੇ, ਪਿੱਛੇ ਮੁੜਨਾ ਉਹ ਚਾਹਵੇ...

ਇਨ੍ਹਾਂ ਅਲੰਕਾਰਾਂ ਤੋਂ ਛੁੱਟ ਗੀਤਕਾਰ ਨੇ ਸ਼ਬਦ 'ਦੇਹਲੀ-ਦੀਪਕ' ਦਾ ਵੀ ਵਧੀਆ ਇਸਤੇਮਾਲ ਕੀਤਾ ਹੈ। ਦੇਹਲੀ ਦਾ ਸ਼ਬਦੀ ਅਰਥ 'ਸਰਦਲ' ਹੈ ਅਤੇ 'ਦੀਪਕ' ਦਾ 'ਦੀਵਾ'। ਜੇਕਰ ਅਸੀਂ ਕਿਸੇ ਵੀ ਕਮਰੇ ਦੀ ਸਰਦਲ ਉੱਤੇ ਜਗਦਾ ਦੀਵਾ ਰੱਖ ਦੇਈਏ ਤਾਂ ਉਸ ਦਾ ਚਾਨਣ ਅੰਦਰ ਅਤੇ ਬਾਹਰ, ਦੋਵੇਂ ਪਾਸੀਂ ਹੋਵੇਗਾ। ਇਸ ਪ੍ਰਕਾਰ ਕਵਿਤਾ ਅੰਦਰ ਜਿਹੜਾ ਇਕੱਲਾ ਅੱਖਰ/ਸ਼ਬਦ, ਵਿਚਕਾਰ ਲੱਗ ਕੇ ਲਾਈਨ ਦੇ ਅਗਲੇ ਅਤੇ ਪਿੱਛਲੇ ਦੋਵਾਂ ਭਾਗਾਂ ਨੂੰ ਅਰਥਪੂਰਨ ਬਣਾਉਂਦੇ ਹੋਵੇ, ਉਸ ਨੂੰ ਦੇਹਲੀ-ਦੀਪਕ ਕਿਹਾ ਜਾਂਦਾ ਹੈ। ਦੀਦਾਰ ਸੰਧੂ ਦੇ ਗੀਤਾਂ ਵਿਚ ਦੇਹਲੀ-ਦੀਪਕ ਦੀ ਉਦਾਹਰਣ ਪੇਸ਼ ਹੈ :

1. *ਸੌਣ ਦਾ ਮਹੀਨਾ 'ਆਇਆ' ਤੀਆਂ ਦਾ ਤਿਉਹਾਰ ਚੰਨਾਂ...*
2. *ਹੋਗੀ ਗਲਤੀ ਕੀ 'ਮੈਥੋਂ' ਕਾਹਤੋਂ ਮੁੱਖ ਫੇਰਿਆ...*
3. *ਜੇਠ ਚੰਦਰੇ ਦਾ ਕੀ, ਜੀਹਦਾ ਪੁੱਤ 'ਨਾ' ਕੋਈ ਧੀ...*

"ਰਸ ਪ੍ਰਮੁੱਖ ਤੌਰ 'ਤੇ ਖੱਟਾ, ਮਿੱਠਾ, ਕੌੜਾ ਤੇ ਔਸ਼ੁਧ ਦੇ ਰੂਪ ਵਿਚ ਪ੍ਰਾਪਤ ਹੋਣ ਵਾਲੇ ਹੁੰਦੇ ਹਨ ਪਰ ਸਾਡਾ ਸਬੰਧ ਇਨ੍ਹਾਂ ਨਾਲ ਨਾ ਹੋ ਕੇ, ਕਾਵਿਕ ਅਨੰਦ ਦੇਣ ਵਾਲੇ ਰਸ ਨਾਲ ਹੈ। ਰਸ ਉਹ ਹੈ ਜੋ ਸਵਾਦ ਦੇਵੇ। ਜੋ ਵਗਦਾ ਹੈ, ਜੋ ਤਰਦਾ ਹੈ ਉਹ ਵੀ ਰਸ ਹੈ। ਮੰਮਟ ਦੇ ਮੁਤਾਬਿਕ ਰਸ ਜਦ ਵੀ ਸਾਡੇ ਅੰਦਰੋਂ ਫੁੱਟਦਾ ਹੈ ਤਾਂ ਸਾਡੇ ਧੁਰ ਅੰਦਰ ਨੂੰ ਜਾ ਹਿਲੋਰਦਾ ਹੈ ਤੇ ਸਾਨੂੰ ਚਾਰੇ ਪਾਸਿਉਂ ਗਲਵਕੜੀ ਵਿਚ ਜਕੜ ਲੈਂਦਾ ਹੈ। ਰਸ ਅਸਲ ਵਿਚ ਸਾਹਿਤਕ ਅਨੰਦ ਹੈ।"[32]

ਕਵਿਤਾ ਸੁਣਨ ਜਾਂ ਪੜ੍ਹਨ ਵਕਤ ਦਿਲ ਵਿਚ ਜੋ ਅਜੀਬ ਕਿਸਮ ਦਾ ਸੁਆਦ ਜਿਹਾ ਆਉਂਦਾ ਹੈ ਉਹ ਰਸ ਹੀ ਹੈ। ਭਰਤ ਮੁਨੀ ਰਸ ਨੂੰ ਕਾਵਿ ਦੀ ਆਤਮਾ ਮੰਨਦੇ ਹਨ। ਸਰੋਤੇ ਦੇ ਮਨ ਵਿਚ ਚਟਖ਼ਾਰੇ ਮਾਰਦਾ ਅਨੰਦ-ਲਹਿਰ ਦਾ ਅਨੁਭਵ ਹੀ ਕਾਵਿ-ਰਸ ਹੁੰਦਾ ਹੈ। ਪ੍ਰਮਾਣਿਤ ਰਸਾਂ ਦੀ ਗਿਣਤੀ ਨੌਂ ਮਨੀ ਗਈ ਹੈ। ਉਹ ਆਪਾਂ ਦੀਦਾਰ ਸੰਧੂ ਦੇ ਗੀਤਾਂ ਵਿਚਲੇ ਕਾਵਿ-ਰਸਾਂ ਨੂੰ ਵੇਖੀਏ। ਸਭ ਤੋਂ ਪਹਿਲਾਂ ਸ਼ਿੰਗਾਰ-ਰਸ ਦੀਆਂ ਕੁਝ ਵੰਨਗੀਆਂ :

ਤੇਰਾ ਮੱਥਾ ਖਿੜਿਆ ਵੇਖ ਲਿਆ
ਜਿਸ-ਜਿਸ ਵੇ ਰਸ ਦੇ ਘਰ ਵਰਗਾ
ਨਹੀਂ ਲੱਗਦਾ ਸੌਦਾ ਘਾਟੇ ਦਾ
ਦਰ ਮਿਲ ਜਾਏ ਤੇਰੇ ਦਰ ਵਰਗਾ...

ਕਵੀ ਪਿਆਰ ਦੇ ਭਿੱਜੇ ਅਨੁਭਵ, ਸੁਹਜੀਲੇ ਸ਼ਬਦਾਂ ਰਾਹੀਂ ਪ੍ਰਗਟ ਹੋ ਕੇ ਸੁੰਦਰਤਾ ਅਤੇ ਖੇੜੇ ਦਾ ਅਨੁਭਵ ਸੰਚਾਰਿਤ ਕਰਨ, ਕਾਵਿ ਵਿਚ ਰਮਣੀਕਤਾ ਅਤੇ ਸੁਆਦ ਦੇਣ ਦੀ ਸ਼ਕਤੀ ਹੋਵੇ ਤਾਂ ਸ਼ਿੰਗਾਰ ਰਸ ਹੁੰਦਾ ਹੈ। ਸੁੰਦਰ ਚੀਜ਼ਾਂ, ਸੁੰਦਰ ਨਜ਼ਾਰੇ ਦੇਖ ਕੇ ਪਾਠਕ/ਸਰੋਤਾ ਟੁੰਬਿਆ ਜਾਂਦਾ ਹੈ। ਦੀਦਾਰ ਸੰਧੂ ਜਿਥੇ ਹੁਸਨ ਅਤੇ ਇਸ਼ਕ ਦੀ ਗੱਲ ਕਰਨ ਵਿਚ ਸਮਰੱਥ ਗੀਤਕਾਰ ਹੈ, ਉਥੇ ਉਹ ਸ਼ਿੰਗਾਰ-ਰਸ ਵੀ, ਆਪਣੇ ਗੀਤਾਂ ਵਿਚ ਬੜੀ ਖ਼ੂਬਸੂਰਤੀ ਨਾਲ ਭਰਨ ਵਿਚ ਮਾਹਿਰ ਹੈ।

ਵੰਨਗੀ ਪੇਸ਼ ਹੈ :

1. *ਅੱਖ ਕਬੂਤਰ ਵਰਗੀ, ਸੁਰਮਾਂ ਮੈਂ ਧਾਰੀ ਬੰਨ ਪਾਇਆ*
   ਕੁੜੀ ਕਵਾਰੀ ਉੱਤੇ ਜੋਬਨ, ਗੋਡੇ ਗੋਡੇ ਆਇਆ...
2. *ਪਾ ਕੇ ਕੱਜਲੇ ਦੀ ਧਾਰੀ, ਨੈਣ ਕਰਲੇ ਕਟਾਰੀ*
   ਅੱਜ ਹਾਣੀਆਂ ਗਲੀ 'ਚ ਗੇੜਾ ਮਾਰ ਵੇ...
   ਵੇ ਮੈਂ ਸੱਚੀਂ-ਮੁੱਚੀਂ ਹੋਗੀ ਮੁਟਿਆਰ ਵੇ...
3. *ਨੀ ਤੂੰ ਬੁਲ੍ਹੀਆਂ 'ਚ ਹੱਸ, ਮੈਨੂੰ ਕਰ ਲਿਆ ਵੱਸ*
   ਨਾ ਮੈਂ ਡਰਦਾ ਗਲੀ ਦੇ ਵਿਚੋਂ ਲੰਘਦਾ
   ਮਾਰ ਲੈਂਦਾ ਲਿਸ਼ਕਾਰਾ ਗੋਰੇ ਰੰਗ ਦਾ...
4. *ਆਹ ਲੈ ਫੜ੍ਹ ਮੁੰਦਰਾਂ ਤੇ ਡੰਡੀਆਂ ਘੜਾ ਲਵੀਂ*
   ਚੰਨੋਂ ਸੁਹਣੇ ਰੂਪ ਨੂੰ ਤੂੰ ਚਾਰ ਚੰਨ ਲਾ ਲਵੀਂ...
5. *ਤੇਰੇ ਹੋਂਠ ਗੁਲਾਬੀ ਪੰਖੜੀਆਂ, ਤੇਰੇ ਨਕਸ਼ ਸਲਾਈਆਂ ਵਰਗੇ ਨੇ*
   ਤੇਰੇ ਨੈਣ ਖਿੜੇ ਫੁੱਲ ਨਰਗਸ ਦੇ, ਜਿਵੇਂ ਸਕਿਆ ਭਾਈਆਂ ਵਰਗੇ ਨੇ...

ਕਵਿਤਾ ਪੜ੍ਹਦਿਆਂ/ਸੁਣਦਿਆਂ ਪਾਠਕ/ਸਰੋਤੇ ਦਾ ਖ਼ੂਨ ਉਬਾਲੇ ਖਾਣ ਲੱਗ ਪਵੇ ਜਾਂ ਜੋਸ਼ ਵਿਚ ਆ ਜਾਵੇ ਉਥੇ ਬੀਰ-ਰਸ ਹੁੰਦਾ ਹੈ। ਮੱਧਕਾਲੀ ਕਵਿਤਾ ਵਿਚ ਬੀਰ-ਰਸ ਦੀ ਭਰਮਾਰ ਮਿਲਦੀ ਹੈ।

ਦੀਦਾਰ ਸੰਧੂ ਦੇ ਗੀਤਾਂ ਵਿਚ ਵੀ ਬੀਰ-ਰਸ ਦੀਆਂ ਕੁਝ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ।

ਉਦਾਹਰਣ ਪੇਸ਼ ਹੈ :

ਜਦੋਂ ਕਿਤੇ ਜੱਟ ਦਾ ਗੰਡਾਸਾ ਵੱਜਦਾ
ਲੋਕੀਂ ਕਹਿੰਦੇ ਸੌਣ ਦਾ ਬੱਦਲ ਗੱਜਦਾ
ਵੇਖੋ ਕੌਣ ਝੱਲੂ ਸੂਰਮੇ ਦੇ ਵਾਰ ਨੂੰ
... ...

ਖ਼ੁਸ਼ੀ 'ਚ ਉਹ ਲੰਘਦਾ ਬੁਲਾਉਂਦਾ ਬੱਕਰੇ
ਨਿੱਕੇ ਨਿੱਕੇ ਕਰੂੰ ਵੈਰੀਆਂ ਦੇ ਡੱਕਰੇ
ਧੰਨ ਦਾ ਉਜਾੜਾ ਨਾ ਕੋਈ ਖੱਟੀ ਖੱਟਦਾ.....

ਜਦੋਂ ਕਿਸੇ ਦਾ ਨੁਕਸਾਨ ਹੋ ਗਿਆ ਹੋਵੇ ਜਾਂ ਦੋ ਪ੍ਰੇਮੀਆਂ ਦਾ ਆਪਸ ਵਿਚ ਵਿਛੋੜਾ ਪੈ ਗਿਆ ਹੋਵੇ ਤਾਂ ਅਜਿਹੇ ਮੌਕੇ 'ਤੇ ਜੋ ਗ਼ਮ ਭਰੇ ਭਾਵ ਪ੍ਰਗਟ ਹੁੰਦੇ ਹਨ ਉਨ੍ਹਾਂ ਵਿਚ ਕਰੁਣਾ-ਰਸ ਹੁੰਦਾ ਹੈ। ਦੀਦਾਰ ਦੇ ਗੀਤਾਂ ਵਿਚ ਕਰੁਣਾ-ਰਸ ਵੇਖੋ :

1. *ਜੂਨ ਗੁਜ਼ਾਰਾ ਕਰਦੇ ਨੂੰ, ਹੁਣ ਕੌਣ ਪੁੱਛੇ ਬਾਂਹ ਫੜ ਕੇ*
   ਲੱਗ ਜਾਂਦੀ ਹੱਡ-ਭੰਨਣੀ, ਆਉਂਦੀ ਯਾਦ ਤੂੰ ਪਹਿਰ ਦੇ ਤੜਕੇ...
2. *ਮੈਂ ਦੁਖਿਆਰਨ ਹੁਣ ਪਛਤਾ, ਹਟਕੋਰੇ ਭਰਦੀ ਹਾਂ*
   ਹੱਥੋਂ ਛੁੱਟਿਆ ਤੀਰ ਫੜ੍ਹਨ ਦੀ ਕੋਸ਼ਿਸ਼ ਕਰਦੀ ਹਾਂ
   ਤੂੰ ਦੁੱਖ-ਸੁੱਖ ਦੀ ਦਾਰੂ ਸੀ, ਤੇਰੀ ਲੋੜ ਮੈਨੂੰ ਜਦ ਪੈਂਦੀ
   ਵਿਆਹ ਕਰਵਾ ਬੈਠੀ, ਤੇਰਾ ਕਰਦੀ ਫਿਕਰ ਜਿਹਾ ਰਹਿੰਦੀ...
3. *ਗੋਰੇ ਰੰਗ ਨੂੰ ਧਾੜਵੀ ਪੈ ਗਏ, ਮੈਂ ਪਾਸੇ ਹੋ ਕੇ ਬਹਿਗੀ ਮਿੱਤਰਾ ਡਰਦੀ,*
   ਕਿਸੇ ਨੇ ਮੇਰੀ ਇਕ ਨਾ ਸੁਣੀ ਵੇ ਕੀ ਕਰਦੀ !...
4. *ਨਾ ਕਰ ਮੈਨੂੰ ਪਿਆਰ, ਪਿਆਰ ਕਰ ਔਖਾ ਹੋਵੇਂਗਾ*
   ਜਦ ਮੈਂ ਡੋਲੀ ਚੜ੍ਹਗੀ, ਵੇ ਕੀਹਦੇ ਗਲ ਲਗ ਰੋਵੇਂਗਾ !...

ਜਦੋਂ ਕਵਿਤਾ ਵਿਚ ਪ੍ਰਮੁੱਖ ਤੌਰ 'ਤੇ ਕ੍ਰੋਧ ਭਾਵ ਵਿਦਮਾਨ ਹੋਵੇ ਉਥੇ ਰੌਦਰ-ਰਸ ਹੁੰਦਾ ਹੈ। ਜਦੋਂ ਮਨੁੱਖ ਦੀ ਮਰਜ਼ੀ ਦੇ ਉਲਟ ਕੋਈ ਕਾਰਜ ਵਾਪਰਦਾ ਹੈ ਤਾਂ ਕਵਿਤਾ ਵਿਚਲੇ ਨਾਇਕ ਦੇ ਗੁੱਸੇ ਭਰੇ ਹਾਵ-ਭਾਵ ਰੌਦਰ-ਰਸ ਨੂੰ ਜਨਮ ਦਿੰਦੇ ਹਨ। ਦੀਦਾਰ ਸੰਧੂ ਵੀ ਜਦੋਂ ਆਪਣੇ ਗੀਤਾਂ ਵਿਚਲੇ ਨਾਇਕ/ਨਾਇਕਾ ਦੇ ਅਜਿਹੇ ਭਾਵਾਂ ਨੂੰ ਪ੍ਰਗਟਾਉਂਦਾ ਹੈ ਤਾਂ ਉਸ ਦੇ ਗੀਤਾਂ ਵਿਚ ਸੁੱਤੇ-ਸਿੱਧ ਰੌਦਰ-ਰਸ ਪ੍ਰਗਟ ਹੁੰਦਾ ਹੈ। ਕੁਝ ਨਮੂਨੇ ਵੇਖੋ :

1. *ਤੈਨੂੰ ਮੈਂ ਆਖਾਂ ਬਿਲੋ, ਮੇਰੇ ਨਾਲ ਲੜਿਆ ਨਾ ਕਰ*
   ਸੁਣ ਕੇ ਤੂੰ ਗੱਲ ਕਿਸੇ ਦੀ, ਬੱਦਲ ਜਿਉਂ ਚੜ੍ਹਿਆ ਨਾ ਕਰ
   ਦੱਸ ਤੂੰ ਰਕਾਨੇ ਕਿਹੜੀ, ਖੱਟੀ ਖੱਟਣੀ
   ਮੈਨੂੰ ਤੇਰੀ ਪਊਗੀ ਚੁਰਾਸੀ ਕੱਟਣੀ...
2. *ਮੈਨੂੰ ਕਿਉਂ ਘੂਰੇਂ ਬੀਬਾ, ਬਣ ਕੇ ਤੂੰ ਔਗਣਹਾਰਾ*
   ਦੱਸਦੇ ਨੇ ਲੋਕੀਂ ਸਾਰੇ, ਜਿਹੜਾ ਤੂੰ ਕਰਦਾ ਕਾਰਾ
   ਪੇਕੀਂ ਤੁਰ ਜਾਊਂ ਕੁਰਲਾਂਦੀ ਮੁੰਡਿਆ
   ਮਿੱਟੀ ਚੁੱਕੀ ਫਿਰੇਂ, ਛੱਡ ਚਾਂਦੀ ਮੁੰਡਿਆ...

ਉਪਰੋਕਤ ਸਾਰਾ ਗੀਤ ਇਸੇ ਸੰਦਰਭ ਤੋਂ ਵੇਖਿਆ ਜਾ ਸਕਦਾ ਹੈ।

ਸਮਾਜ ਵਿਚ ਸਥਾਪਤ ਕਦਰਾਂ ਕੀਮਤਾਂ ਦੇ ਉਲਟ ਹੋਰ ਕਦਰਾਂ ਕੀਮਤਾਂ ਨੂੰ ਅਪਨਾਣ ਨਾਲ ਹਾਸ-ਰਸ ਦੀ ਉਤਪਤੀ ਹੁੰਦੀ ਹੈ। ਕਈ ਵਾਰ ਦੁਸ਼ਮਣ ਦੀ ਦੁਰਗਤੀ

'ਤੇ ਵੀ ਹਾਸਾ ਉਪਜ ਜਾਂਦਾ ਹੈ। ਅਸੰਭਵ ਨੂੰ ਸੰਭਵ ਦਾ ਭਰਮ ਪਾਲ ਕੇ ਪੇਸ਼ ਕਰਨ ਤੋਂ ਵੀ ਹਾਸਾ ਉਪਜਣਾ ਸੁਭਾਵਿਕ ਹੀ ਹੈ। ਦੀਦਾਰ ਸੰਧੂ ਆਪਣੇ ਗੀਤਾਂ ਵਿਚੋਂ ਇਸ ਰਸ ਦੀ ਉਤਪਤੀ ਇਉ ਕਰਦਾ ਹੈ :

1. *ਰਤਾ ਵੀ ਨਾ ਝੂਠ, ਏਹਨੂੰ ਜਾਣੇ ਸਾਰਾ ਜੱਗ ਵੇ*
ਛੜਿਆਂ ਦੇ ਚੁਲ੍ਹੇ, ਕਦੇ ਹੁੰਦੀ ਨਹੀਉਂ ਅੱਗ ਵੇ
ਫੂਕਾਂ ਮਾਰ-ਮਾਰ ਕੇ ਸਵਾਹ ਸਿਰ ਪਾਉਣ
ਰੋਣ ਸਾਰੀ-ਸਾਰੀ ਰਾਤ ਬੈਠੇ ਕਰਮਾਂ ਨੂੰ
ਆਉਂਦੀ ਸੰਗ ਨਹੀਉਂ ਫਿਰ ਵੀ ਬੇਸ਼ਰਮਾਂ ਨੂੰ...

2. *ਮੈਨੂੰ ਦੱਸਦੀ ਨੂੰ ਸੰਗ ਲੱਗਦੀ ਐ*
ਤੇ ਨਾਲੇ ਹਾਸਾ ਆਉਂਦਾ ਵੇ, ਮੈਂ ਵੇਖਿਆ ਜੇਠ
ਜੇਠਾਣੀ ਦੇ ਬੁੱਲ੍ਹਾਂ ਨੂੰ ਸੁਰਖ਼ੀ ਲਾਉਂਦਾ ਵੇ...

3. *ਸ਼ੀਸ਼ੇ ਮੂਹਰੇ ਬੈਠ ਜੇਠਾਣੀ ਨੇ, ਜਦ ਪੱਟੀਆਂ ਵਾਹੀਆਂ ਸੀ (ਫਿਰ)*
ਬੜੇ ਸ਼ੌਂਕ ਨਾਲ ਜੇਠ ਮੇਰੇ ਨੇ, ਸਿਰ 'ਤੇ ਸੂਈਆਂ ਲਾਈਆਂ ਸੀ
ਉਹ ਬੈਠੀ ਰਹਿੰਦੀ ਪੀਹੜੇ 'ਤੇ, ਤੇਰਾ ਰੋਟੀ ਵੀਰ ਪਕਾਉਂਦਾ ਵੇ
ਮੈਂ ਵੇਖਿਆ ਜੇਠ...

4. *ਜਦ ਤੁਰਦਾ ਤੇ ਲੰਗੜਾਂਦਾ ਨੀ, ਨਾ ਪੀਂਦਾ ਨਾ ਕੁਝ ਖਾਂਦਾ ਨੀ*
ਏਹਦੀ ਨੀਤ-ਨੂਤ ਵਿਚ ਫਰਕ ਦਿਸੇ
ਮੂੰਹ ਭਰੀ ਫਿਰੇ ਕਿਉਂ ਝੱਗ ਦਾ ਨੀ
ਮੇਰਾ ਜੇਠ ਲੂੰਈ ਕੰਡਿਆਈ ਫਿਰੇ
ਏਹਨੂੰ ਮੂੰਹ-ਖੁਰ ਹੋਇਆ ਲੱਗਦਾ ਨੀ...

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਦੀਦਾਰ ਸੰਧੂ ਕਲਾਤਮਿਕ ਪੱਖ ਤੋਂ ਵੀ ਇਕ ਨਿਵੇਕਲਾ, ਮੌਲਿਕ ਤੇ ਪ੍ਰਭਾਵਸ਼ਾਲੀ ਗੀਤਕਾਰ/ਦੁਗਾਣਾ ਲੇਖਕ ਅਤੇ ਪ੍ਰਭਾਵਸ਼ਾਲੀ ਗਾਇਕ ਹੈ। ਉਸ ਦੇ ਗੀਤਾਂ ਵਿਚ ਛੰਦ, ਪ੍ਰਤੀਕ, ਬਿੰਬ, ਅਲੰਕਾਰ ਤੇ ਰਸਾਂ ਦੀ ਖ਼ੂਬਸੂਰਤ ਵਰਤੋਂ ਹੋਈ ਹੈ। ਭਾਸ਼ਾਈ ਵੰਨਗੀਆਂ ਤੇ ਬੋਲੀ ਪੱਖੋਂ ਵੀ ਉਹ ਇਕ ਬਹੁ-ਗੁਣੀ ਗੀਤਕਾਰ ਹੈ। ਸ਼ਬਦ ਉਚਾਰਨ ਦੀ ਕਲਾ ਉਸ ਵਿਚ ਬਹੁ-ਪੱਖੀ ਹੈ; ਮਾਝੇ, ਮਾਲਵੇ ਤੇ ਦੁਆਬੇ ਦੇ ਸ਼ਬਦਾਂ ਨੂੰ ਉਹ ਇਲਾਕਾਈ ਉਚਾਰਨ ਅਨੁਸਾਰ ਸਹਿਜ ਹੀ ਉਚਾਰ ਲੈਂਦਾ ਹੈ। ਉਸ ਦੇ ਗੀਤਾਂ ਦਾ ਗਹਿਰਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਸਾਡੇ ਸਾਹਿਤਕ-ਖੇਤਰ ਵਿਚ ਵੱਖਰੇ ਤੇ ਨਿਵੇਕਲੇ ਸਾਹਿਤਕ ਗੁਣਾਂ ਦੀ ਖੋਜ ਹੋ ਸਕਦੀ ਹੈ। ਸਾਹਿਤ ਪ੍ਰੇਮੀਆਂ ਲਈ ਇਹ ਇਕ ਵਧੀਆ ਖ਼ਜ਼ਾਨਾ ਖੋਜੇ ਜਾਣ ਦੀ ਉਡੀਕ ਹੈ ! ਇਸ ਨਿਮਾਣੇ ਯਤਨ ਨਾਲ ਤਾਂ ਸੇਰ 'ਚੋਂ ਪੂਣੀ ਵੀ ਨਹੀਂ ਕੱਤੀ ਗਈ। ਇਸ ਲਈ ਇਸੇ ਵਿਸ਼ੇ 'ਤੇ ਮਹੱਤਵਪੂਰਨ ਅਤੇ ਵੱਡੀਆਂ ਖੋਜਾਂ ਕੀਤੀਆਂ ਜਾਣੀਆਂ ਤਾਂ ਅਜੇ ਬਾਕੀ ਹਨ ਕਿਉਂਕਿ ਕੋਈ ਵੀ ਖੋਜ ਆਖ਼ਰੀ ਖੋਜ ਨਹੀਂ ਹੁੰਦੀ।

ਹਵਾਲੇ ਤੇ ਟਿੱਪਣੀਆਂ

1. ਪੰਜਾਬੀ ਟ੍ਰਿਬਿਊਨ, ਲੋਕ ਰੰਗ।
2. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ-9-10-11.
3. ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਣ ਪ੍ਰਕ੍ਰਿਆ, ਪੰਨ-90-91.
4. ਰਾਮ ਸਿੰਘ, ਸੂਰਜਕਰਨ ਪਾਰੀਕ, ਨਰੋਤਮਦਾਸ ਸਵਾਮੀ (ਸੰਪਾ.) ਢੋਲਾ ਮਾਰੂ ਰਾ ਦੂਹਾ, ਪੰਨਾ-28.
5. ਸਵਰਨ ਸਿੰਘ, ਦੇਸ ਸੇਵਕ, 10 ਸਤੰਬਰ, 2011.
6. ਡਾ. ਰਾਜਿੰਦਰਪਾਲ ਸਿੰਘ, ਪੰਜਾਬੀ ਸਟੇਜੀ ਕਾਵਿ : ਸਰੂਪ, ਸਿਧਾਂਤ ਤੇ ਸਥਿਤੀ, ਪੰਨਾ-9-10.
7. (ਉਹੀ) ਪੰਨਾ-42.
8. (ਉਹੀ) ਪੰਨਾ-50.
9. ਨਿੱਜੀ ਇੰਟਰਵਿਊ ਵਿਚੋਂ
10. ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ, ਪੰਨਾ-50.
11. ਡਾ. ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਪੰਨਾ-284-289.
12. ਸੁਖਦੇਵ ਮਾਦਪੁਰੀ, ਲੋਕ ਸਿਆਣਪਾਂ, ਅਖਾਣ ਤੇ ਮੁਹਾਵਰੇ, ਪੰਨਾ-5.
13. (ਉਹੀ) ਪੰਨਾ-155.
14. ਪੰਜਾਬੀ ਟ੍ਰਿਬਿਊਨ, ਲੋਕ ਰੰਗ, 28 ਮਈ, 2011.
15. (ਉਹੀ)
16. ਹਰਿਭਜਨ ਸਿੰਘ ਰੈਣੂ, ਅਗਨ ਪੰਖੇਰੂ, ਪੰਨਾ-27-28.
17. ਨਰਿੰਦਰ ਘੁਗਿਆਣਵੀ, ਜੀਵਨ ਤੇ ਰਚਨਾ ਲਾਲ ਚੰਦ ਯਮਲਾ ਜੱਟ, ਪੰਨਾ-35.
18. ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ, ਪੰਜਾਬੀ ਲੋਕ-ਗੀਤ, ਪੰਨਾ-19.
19. ਡਾ. ਜਸਵੰਤ ਸਿੰਘ ਬੇਗੋਵਾਲ, ਪਿੰਗਲ ਦਰਪਨ (ਛੰਦ, ਅਲੰਕਾਰ, ਰਸ ਅਤੇ ਕਾਵਿ-ਰੂਪ), ਪੰਨਾ-94-95.
20. (ਉਹੀ) ਪੰਨਾ-96.
21. (ਉਹੀ) ਪੰਨਾ-98.
22. (ਉਹੀ) ਪੰਨਾ-99.
23. ਡਾ. ਅਤਰ ਸਿੰਘ, ਕਾਵਿ ਅਧਿਐਨ, ਪੰਨਾ-44.
24. ਡਾ. ਜਸਵੰਤ ਸਿੰਘ ਬੇਗੋਵਾਲ, ਪਿੰਗਲ ਦਰਪਨ, (ਛੰਦ, ਅਲੰਕਾਰ, ਰਸ ਅਤੇ ਕਾਵਿ-ਰੂਪ), ਪੰਨਾ-69.
25. (ਉਹੀ) ਪੰਨਾ-69-70.
26. (ਉਹੀ) ਪੰਨਾ-76.
27. (ਉਹੀ) ਪੰਨਾ-86.
28. (ਉਹੀ) ਪੰਨਾ-89.
29. (ਉਹੀ) ਪੰਨਾ-92.
30. (ਉਹੀ) ਪੰਨਾ-81.
31. (ਉਹੀ) ਪੰਨਾ-83.
32. (ਉਹੀ) ਪੰਨਾ-100.

—♦—

ਸਹਾਇਕ ਪੁਸਤਕ ਸੂਚੀ

ਪੰਜਾਬੀ

ਅਰਸ਼ੀ, ਗੁਰਚਰਨ ਸਿੰਘ (ਸੰਪਾ.) : ਪੱਛਮੀ ਕਾਵਿ-ਸ਼ਾਸਤ੍ਰ, ਆਰਸ਼ੀ ਪਬਲਿਸ਼ਰਜ਼ ਚਾਂਦਨੀ ਚੌਂਕ ਦਿੱਲੀ 1996.

.... : ਲੂਣਾ, (ਸਮੀਖਿਆ ਵਿਧੀ ਮੂਲਕ ਦ੍ਰਿਸ਼ਟੀ-ਬਿੰਦੂ) ਪੰਜਾਬੀ ਅਕਾਦਮੀ, ਦਿੱਲੀ, ਪੁਸਤਕ-ਮਾਲਾ ਨੰ. 46 1989.

ਅਤਰ ਸਿੰਘ (ਡਾ.) : ਕਾਵਿ ਅਧਿਐਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990.

ਆਰਿਫ਼, ਗੁਰਦਿਆਲ : ਕਵਿਤਾ ਵਿਚ ਲੈ-ਪ੍ਰਬੰਧ, ਪੰਜਾਬੀ ਅਕਾਦਮੀ, ਦਿੱਲੀ, 2004.

ਸ਼ਿਵ ਕੁਮਾਰ : ਸੰਪੂਰਨ ਕਾਵਿ ਸੰਗ੍ਰਹਿ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1993.

ਸਿੰਗਮੰਡ ਫਰਾਇਡ, ਮਾਂਗਟ ਹਰਜੀਤ ਸਿੰਘ (ਅਨੁ.) : ਮਨੋਵਿਸ਼ਲੇਸ਼ਣ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2001.

.... : ਸਭਿਅਤਾ ਵਰ ਕਿ ਸਰਾਪ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2007.

ਸੇਖੋਂ, ਸੰਤ ਸਿੰਘ : ਸਾਹਿਤਿਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999.

ਸੈਣੀ, ਪ੍ਰੀਤਮ (ਡਾ.) : ਕਾਗਜ਼ ਤੇ ਕੈਨਵਸ ਆਲੋਚਨਾ ਤੇ ਵਿਆਖਿਆ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1981.

ਸ਼ੌਂਕੀ, ਗੁਲਜ਼ਾਰ ਸਿੰਘ (ਸੰਪਾ.) : ਸਦਾ ਬਹਾਰ ਗਾਇਕ ਮੁਹੰਮਦ ਸਦੀਕ, ਜੀਵਨ ਤੇ ਗੀਤ, ਸੰਗਮ ਪਬਲੀਕੇਸ਼ਨਜ਼, ਸਮਾਣਾ, 2009.

.... : ਸ਼੍ਰੋਮਣੀ ਸਾਹਿਤਕਾਰ, ਗੁਰਦੇਵ ਸਿੰਘ ਮਾਨ, ਜੀਵਨ ਤੇ ਰਚਨਾ, ਸੰਗਮ ਪਬਲੀਕੇਸ਼ਨਜ਼, ਸਮਾਣਾ, 2010.

ਕੱਕੜ, ਅਜੀਤ ਸਿੰਘ (ਸੰਪਾ.) : ਗੁਰਬਖ਼ਸ਼ ਸਿੰਘ ਪ੍ਰੀਤਲੜੀ, ਭਾਸ਼ਾ ਵਿਭਾਗ ਪੰਜਾਬ, 1996.

ਕੁਲਦੀਪ ਸਿੰਘ (ਸੰਪਾ.) : ਹੀਰ ਭਗਵਾਨ ਸਿੰਘ, ਸੰਗਮ ਪਬਲੀਕੇਸ਼ਨਜ਼, ਸਮਾਣਾ, 2010.

ਗੁਰਦੇਵ ਸਿੰਘ (ਡਾ.) : ਖੁਲ੍ਹੇ ਮੈਦਾਨ, ਆਲੋਚਨਾਤਮਿਕ ਅਧਿਐਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (ਮਿਤੀਹੀਨ)

ਘੁਗਿਆਣਵੀ, ਨਿੰਦਰ : ਲਾਲ ਚੰਦ ਯਮਲਾ ਜੱਟ ਜੀਵਨ ਤੇ ਕਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਜੋਸ਼ੀ, ਜੀਤ ਸਿੰਘ (ਡਾ.) : ਲੋਕ ਕਲਾ ਅਤੇ ਸਭਿਆਚਾਰ ਮੁੱਢਲੀ ਜਾਣ ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਪਰਮਿੰਦਰ ਸਿੰਘ (ਡਾ.) : ਪੰਜਾਬੀ ਸਮਾਲੋਚਨਾ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਪੂਰਨ ਸਿੰਘ (ਪ੍ਰੋ.) : ਖੁਲ੍ਹੇ ਮੈਦਾਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2001.

ਬ੍ਰਹਮਜਗਦੀਸ਼ ਸਿੰਘ : ਸਮਾਲੋਚਨਾ ਤੇ ਪੰਜਾਬੀ ਸਮਾਲੋਚਨਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2004.

ਬੇਗੋਵਾਲ, ਜਸਵੰਤ ਸਿੰਘ (ਡਾ.) : ਪਿੰਗਲ ਦਰਪਨ, ਨਿਊ ਬੁੱਕ ਕੰਪਨੀ, ਜਲੰਧਰ, 1997.

ਭੱਟੀ, ਸੁਰਜੀਤ ਸਿੰਘ : ਵਾਦ ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, (ਪੰਜਾਬੀ ਭਵਨ), 2010.

ਮਾਦਪੁਰੀ, ਸੁਖਦੇਵ (ਸੰਪਾ.) : ਲੋਕ ਸਿਆਣਪਾਂ, ਅਖਾਣ ਤੇ ਮੁਹਾਵਰੇ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2007.

ਰਾਹੀ, ਰਾਜਿੰਦਰ : ਜਿੱਥੇ ਪਾਸ਼ ਰਹਿੰਦਾ ਹੈ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007.

ਰਾਜਿੰਦਰਪਾਲ ਸਿੰਘ (ਡਾ.) : ਪੰਜਾਬੀ ਸਟੇਜੀ ਕਾਵਿ ਸਰੂਪ ਸਿਧਾਂਤ ਤੇ ਸਥਿਤੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007.

ਰਿਆਲ, ਜੀ.ਐਸ. : ਸ਼ਬਦਾਂ ਦੀਆਂ ਲਿਖਤਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004.

ਕੋਸ਼ ਜਾਂ ਸ਼ਬਦਕੋਸ਼

ਕਾਹਨ ਸਿੰਘ : ਮਹਾਨ-ਕੋਸ਼ : ਗੁਰਸ਼ਬਦ-ਰਤਨਾਕਾਰ, ਭਾਸ਼ਾ ਵਿਭਾਗ ਪਟਿਆਲਾ, (ਪੰਜਾਬ) 1999. (ਛੇਵੀਂ ਵਾਰ)

ਹਿੰਦੀ

ਸਵਾਮੀ, ਨਰੋਤਮ ਦਾਸ ਸੂਰਯਕਰਨ ਪਾਰੀਕ, ਰਾਮ ਸਿੰਘ, (ਸੰਪਾ.) : ਢੋਲਾ ਮਾਰੂ ਰਾ ਦੂਹਾ, ਰਾਜਸਥਾਨੀ ਗ੍ਰੰਥਾਕਾਰ, ਜੋਧਪੁਰ, (ਰਾਜ.) 2005.

ਰਸਾਲੇ ਤੇ ਅਖ਼ਬਾਰ


ਸੇਖੋਂ, ਰਾਜਿੰਦਰ ਸਿੰਘ : "ਪੰਜਾਬੀ ਲੋਕਗੀਤਾਂ ਵਿਚ ਹਾਸਰਸ", ਪੰਜਾਬੀ ਟ੍ਰਿਬਿਊਨ, 12 ਫਰਵਰੀ 2011.

ਗੁਰਮੀਤ ਸਿੰਘ, (ਡਾ.) (ਸੰਪਾ.) : ਖੋਜ ਦਰਪਨ, ਅੰਕ ਨੰ: 48, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ, 2001.

ਲਾਂਬਾ, ਰਾਜਿੰਦਰ ਸਿੰਘ (ਡਾ.) : ਖੋਜ ਪੱਤ੍ਰਿਕਾ, ਅੰਕ ਨੰ: 42, ਸਤੰਬਰ, 1995.

ਧੌਲਾ, ਗੁਰਸੇਵਕ ਸਿੰਘ : "ਬਰਸੀ ਤੇ ਵਿਸ਼ੇਸ਼", ਪੰਜਾਬੀ ਟ੍ਰਿਬਿਊਨ, 15-2-2011.

ਰਾਜਵੰਤ ਕੌਰ (ਡਾ.) : "ਮਾਏ ਮੈਂ ਮਾਲਵੇ ਜਾਣਾ", ਰੋਜ਼ਾਨਾ ਸਪੋਕਸਮੈਨ, 17-4-2011.



ਦੀਦਾਰ ਸੰਧੂ ਆਪਣੇ ਸਮੇਂ ਦਾ ਇਕ ਪ੍ਰਮੁੱਖ ਤੇ ਪ੍ਰਸਿੱਧ ਗੀਤਕਾਰ/ ਗਾਇਕ ਹੈ। ਜਨ-ਸਧਾਰਨ ਤੋਂ ਲੈ ਕੇ ਪੰਜਾਬੀ ਦੇ ਸਿਰਕੱਢ ਵਿਦਵਾਨ ਤੇ ਕਵੀ ਜਿਵੇਂ ਸੰਤ ਸਿੰਘ ਸੇਖੋਂ, ਅਵਤਾਰ ਸਿੰਘ ਪਾਸ ਆਦਿ ਵੀ ਉਸ ਦੀ ਕਲਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੇ। 'ਜਿਥੇ ਪਾਸ਼ ਰਹਿੰਦਾ ਹੈ' ਦੇ ਕਰਤਾ ਰਾਜਿੰਦਰ ਰਾਹੀ ਨੇ ਲਿਖਿਆ ਹੈ ਕਿ "ਪਾਸ਼ ਦੀਦਾਰ ਸੰਧੂ ਦੇ ਗੀਤ ਸੁਣਦਾ ਰਹਿੰਦਾ ਸੀ ਉਸ ਦੀ ਦੀਦਾਰ ਸੰਧੂ ਨਾਲ ਯਾਰੀ ਹੁੰਦੀ ਸੀ। ਉਹ ਦੀਦਾਰ ਸੰਧੂ ਦੇ ਗੀਤਾਂ ਦਾ ਆਸ਼ਕ ਸੀ। ਉਸ ਦੇ ਅਖਾੜੇ ਸੁਣਨ ਲਈ ਉਹ ਦੂਰ-ਦੂਰ ਪਹੁੰਚ ਜਾਂਦਾ ਸੀ। ਦੀਦਾਰ ਦੇ ਗੀਤਾਂ ਵਿਚ ਵਰਤੇ ਸਮਾਜਿਕ ਬਿੰਬਾਂ ਤੋਂ ਪਾਸ਼ ਬਹੁਤ ਪ੍ਰਭਾਵਿਤ ਸੀ। ਕੁਲਵੰਤ ਸਿੰਘ ਲਹਿਰੀ ਕਰਤਾ 'ਦੀਦਾਰਨਾਮਾ' ਦੇ ਦੱਸਣ ਮੁਤਾਬਿਕ ਦੀਦਾਰ ਸੰਧੂ ਦਾ ਇਕ ਗੀਤ 'ਪਾ ਕੇ ਕਜਲੇ ਦੀ ਧਾਰੀ' ਸੁਣ ਕੇ ਇਨਕਲਾਬੀ ਕਵੀ ਅਵਤਾਰ ਸਿੰਘ ਪਾਸ਼ ਗੀਤ ਦੇ ਲੇਖਕ ਨੂੰ ਭਾਲਦਾ ਫਿਰਦਾ ਸੀ। ਸ਼ਮਸ਼ੇਰ ਸਿੰਘ ਸੰਧੂ ਨੂੰ ਪਾਸ਼ ਨੇ ਕਿਹਾ ਸੀ 'ਆਹ ਲਿਖਣ ਵਾਲਾ ਬੰਦਾ ਮਿਲਾਦੇ ਮੈਨੂੰ !' ਸ਼ਮਸ਼ੇਰ ਸੰਧੂ ਨੇ ਕਿਤਾਬ 'ਲੋਕਸੁਰਾਂ' (ਰੇਖਾ-ਚਿੱਤਰ)ਵਿਚ ਦੱਸਿਆ ਹੈ ਕਿ ਦੁਗਾਣਿਆਂ 'ਚ ਰੂਪਕ ਪੱਖੋਂ ਦੀਦਾਰ ਨੇ ਬੜੇ ਖ਼ੂਬਸੂਰਤ ਤੇ ਨਵੇਂ ਨਵੇਂ ਤਜਰਬੇ ਕੀਤੇ ਹਨ। ਗੀਤ ਦੀ ਇਕੋ ਸਤਰ ਦੇ ਦੋ ਦੋ ਟੁਕੜੇ ਸਭ ਤੋਂ ਪਹਿਲਾਂ ਉਸੇ ਨੇ ਕੀਤੇ ।

ਰਾਜ ਸਿੰਘ